ਸ਼ਨੀਵਾਰ, 8 ਫਰਵਰੀ, 2025

26 ਮਾਘ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 249

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SATURDAY, 8 FEBRUARY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਡੈਸਕ ਇੰਚਾਰਜ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


## ਮਹਾਰਾਸ਼ਟਰ 'ਚ ਬਾਲਗਾਂ ਨਾਲੋਂ ਵੋਟਰ ਵੱਧ

**ਨਵੀਂ ਦਿੱਲੀ :** ਕਾਂਗਰਸ, ਸ਼ਿਵ ਸੈਨਾ (ਯੂ ਬੀ ਟੀ) ਅਤੇ ਐੱਨ ਸੀ ਪੀ (ਐੱਸ ਪੀ) ਨੇ ਸ਼ੁੱਕਰਵਾਰ ਮਹਾਰਾਸ਼ਟਰ 'ਚ ਵੋਟਰ ਲਿਸਟਾਂ 'ਚ ਗੜਬੜੀਆਂ ਦਾ ਦੋਸ਼ ਲਾਉਂਦਿਆਂ ਕਿਹਾ ਕਿ ਲੋਕ ਸਭਾ ਚੋਣਾਂ ਤੇ ਵਿਧਾਨ ਸਭਾ ਚੋਣਾਂ ਦਰਮਿਆਨ ਸੂਬੇ 'ਚ 39 ਲੱਖ ਵੋਟਰ ਜੋੜੇ ਗਏ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਜਿੰਨੇ ਵੋਟਰ ਜੋੜੇ ਗਏ, ਉਹ ਹਿਮਾਚਲ ਵਰਗੇ ਸੂਬੇ ਦੀ ਵਸੋਂ ਦੇ ਬਰਾਬਰ ਹਨ। ਉਨ੍ਹਾ ਚੋਣ ਕਮਿਸ਼ਨ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਵੋਟਰ ਲਿਸਟਾਂ ਮੁਹੱਈਆ ਕਰਵਾਏ ਤੇ ਇਸ ਮੁੱਦੇ 'ਤੇ ਨਿਰਪੱਖਤਾ ਦਿਖਾਵੇ। ਉਨ੍ਹਾ ਕਿਹਾ ਕਿ ਜਿੰਨੇ ਵੋਟਰ ਜੋੜੇ ਗਏ, ਉਨ੍ਹਾਂ ਵਿੱਚੋਂ ਬਹੁਤੇ ਭਾਜਪਾ ਨੂੰ ਭੁਗਤੇ, ਜਦੋਂ ਕਿ ਆਪੋਜ਼ੀਸ਼ਨ ਪਾਰਟੀਆਂ ਦਾ ਵਿਧਾਨ ਸਭਾ ਚੋਣਾਂ ਵਿੱਚ ਵੋਟ ਸ਼ੇਅਰ ਨਹੀਂ ਬਦਲਿਆ।

ਐੱਨ ਸੀ ਪੀ (ਐੱਸ ਪੀ) ਦੀ ਸੁਪ੍ਰਿਆ ਸੂਲੇ ਤੇ ਸ਼ਿਵ ਸੈਨਾ (ਯੂ ਬੀ ਟੀ) ਦੇ ਸੰਜੇ ਰਾਉਤ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਕਿਹਾ ਕਿ ਸਰਕਾਰੀ ਅੰਕੜਿਆਂ ਮੁਤਾਬਕ ਮਹਾਰਾਸ਼ਟਰ ਦੀ ਬਾਲਗ ਆਬਾਦੀ 9 ਕਰੋੜ 54 ਲੱਖ ਹੈ, ਜਦਕਿ ਚੋਣ ਕਮਿਸ਼ਨ ਮੁਤਾਬਕ ਵੋਟਰ 9 ਕਰੋੜ 70 ਲੱਖ ਹਨ। ਇਸ ਤਰ੍ਹਾਂ ਬਾਲਗ ਆਬਾਦੀ ਨਾਲੋਂ ਵੋਟਰ ਵੱਧ ਬਣਦੇ ਹਨ। ਲੋਕ ਸਭਾ ਚੋਣਾਂ ਤੇ ਵਿਧਾਨ ਸਭਾ ਚੋਣਾਂ ਵਿਚਲੇ ਪੰਜ ਮਹੀਨਿਆਂ ਦੌਰਾਨ 39 ਲੱਖ ਵੋਟਰ ਜੋੜੇ ਗਏ, ਜਦਕਿ 2019-2024 ਦੇ ਪੰਜ ਸਾਲਾਂ 'ਚ 32 ਲੱਖ ਜੋੜੇ ਗਏ ਸਨ। ਜੇ ਚੋਣ ਕਮਿਸ਼ਨ ਮਹਾਰਾਸ਼ਟਰ ਦੀਆਂ ਵਿਧਾਨ ਸਭਾ ਤੇ ਲੋਕ ਸਭਾ ਦੀਆਂ ਵੋਟਰ ਲਿਸਟਾਂ ਮੁਹੱਈਆ ਨਹੀਂ ਕਰਾਉਂਦਾ ਤਾਂ ਗੰਭੀਰ ਸਵਾਲ ਪੈਦਾ ਹੋਵੇਗਾ। ਉਨ੍ਹਾ ਕਿਹਾ—ਅਸੀਂ ਸੰਵਿਧਾਨ ਦੀ ਮੁਕੰਮਲ ਤਬਾਹੀ ਵੱਲ ਵਧ ਰਹੇ ਹਾਂ, ਪਰ ਅਸੀਂ ਸੰਵਿਧਾਨ ਬਚਾਵਾਂਗੇ। ਸਾਡਾ ਅਗਲਾ ਕਦਮ ਨਿਆਂ ਪਾਲਿਕਾ ਦਾ ਬੂਹਾ ਖੜਕਾਉਣਾ ਹੋਵੇਗਾ। ਹੈਰਾਨੀ ਦੀ ਗੱਲ ਹੈ ਕਿ ਚੋਣ ਕਮਿਸ਼ਨ ਵੋਟਰ ਲਿਸਟਾਂ ਦੇਣ ਲਈ ਤਿਆਰ ਨਹੀਂ ਤੇ ਇਸ ਦਾ ਇਹੀ ਕਾਰਨ ਹੋ ਸਕਦਾ ਹੈ ਕਿ ਕੁਝ ਗੜਬੜ ਹੈ ਤੇ ਉਸ ਨੂੰ ਇਸ ਦਾ ਪਤਾ ਹੈ।

### ਚੋਣ ਕਮਿਸ਼ਨ ਸਫਾਈ ਦੇਵੇ, ਨਹੀਂ ਤਾਂ ਕੋਰਟ ਜਾਵਾਂਗੇ : ਰਾਹੁਲ



ਰਾਹੁਲ ਨੇ ਕਿਹਾ ਕਿ ਭਾਵੇਂ ਕਿਆਸਅਰਾਈਆਂ ਵੋਟਿੰਗ ਮਸ਼ੀਨਾਂ ਨਾਲ ਸਮੱਸਿਆਵਾਂ ਦਾ ਸੰਕੇਤ ਦੇ ਸਕਦੀਆਂ ਹਨ, ਪਰ ਤੱਥਾਂ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਉਨ੍ਹਾ ਕਿਹਾ—ਸਾਨੂੰ ਦੋ ਚੀਜ਼ਾਂ ਵਿੱਚ ਅੰਤਰ ਸਪੱਸ਼ਟ ਤੌਰ 'ਤੇ ਪੇਸ਼ ਕਰਨ ਦੀ ਲੋੜ ਹੈ। ਮੈਂ ਇੱਥੇ ਕੋਈ ਅਟਕਲਾਂ ਨਹੀਂ ਲਗਾਈਆਂ। ਮੈਂ ਤੱਥ ਪੇਸ਼ ਕੀਤੇ ਹਨ। ਜਿਵੇਂ ਕਿ ਹਿਮਾਚਲ ਪ੍ਰਦੇਸ਼ ਦੀ ਆਬਾਦੀ ਦੇ ਜਿੰਨੇ ਵੋਟਰ ਸ਼ਾਮਲ ਕੀਤੇ ਗਏ ਹਨ। ਜਿੰਨੇ ਵੀ ਹਲਕਿਆਂ 'ਚ ਵੋਟਰਾਂ ਨੂੰ ਜੋੜਿਆ ਗਿਆ ਹੈ, ਉਹ ਭਾਜਪਾ ਦੇ ਹਲਕੇ ਹਨ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਮਹਾਰਾਸ਼ਟਰ ਦੀ ਬਾਲਗ ਆਬਾਦੀ ਨਾਲੋਂ ਵੱਧ ਵੋਟਰ ਹਨ। ਇਹ ਅੰਦਾਜ਼ੇ ਨਹੀਂ ਹਨ, ਇਹ ਤੱਥ ਹਨ। ਇਹ ਸਾਡੇ ਅੰਕੜੇ ਨਹੀਂ ਹਨ, ਇਹ ਚੋਣ ਕਮਿਸ਼ਨ ਦੇ ਅੰਕੜੇ ਹਨ। ਮੈਨੂੰ ਯਕੀਨ ਹੈ ਕਿ ਜੇ ਉਹ (ਚੋਣ ਕਮਿਸ਼ਨ) ਵੋਟਰ ਲਿਸਟਾਂ ਦਿੰਦੇ ਹਨ, ਤਾਂ ਅਸੀਂ ਇੱਥੇ ਇੱਕ ਹੋਰ ਪ੍ਰੈੱਸ ਕਾਨਫਰੰਸ ਕਰਾਂਗੇ, ਜਿੱਥੇ ਇਨ੍ਹਾਂ ਸਵਾਲਾਂ ਦੇ ਜਵਾਬ ਤੁਹਾਡੇ ਲਈ ਉਪਲੱਬਧ ਹੋਣਗੇ।

ਉਨ੍ਹਾ ਦੇਰੀ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਚੋਣ ਕਮਿਸ਼ਨ ਨੂੰ ਇਹ ਡਾਟਾ ਦੇਣ ਦੀ ਲੋੜ ਹੈ। ਉਨ੍ਹਾ ਦਾ ਅਗਲਾ ਕਦਮ ਕੋਰਟ ਕੋਲ ਜਾਣ ਦਾ ਹੈ। ਇਸ ਮੌਕੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਸ਼ ਰ ਦ ਚੰ ਦ ਰ

ਬਾਕੀ ਸਫ਼ਾ 2 'ਤੇ

## ਦਿੱਲੀ ਚੋਣਾਂ ਦਾ ਨਤੀਜਾ ਅੱਜ, ਕੇਜਰੀਵਾਲ ਦੇ ਖਰੀਦੋ-ਫਰੋਖਤ ਦੇ ਦੋਸ਼ ਤੋਂ ਬਾਅਦ ਜਾਂਚ ਏਜੰਸੀ ਘਰ ਪਹੁੰਚ ਗਈ

**ਨਵੀਂ ਦਿੱਲੀ :** ਦਿੱਲੀ ਦੇ ਉਪ ਰਾਜਪਾਲ ਵੀ ਕੇ ਸਕਸੈਨਾ ਨੇ ਸ਼ੁੱਕਰਵਾਰ 'ਆਪ' ਆਗੂਆਂ ਦੇ ਇਨ੍ਹਾਂ ਦੋਸ਼ਾਂ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ (ਏ ਸੀ ਬੀ) ਰਾਹੀਂ ਜਾਂਚ ਦੇ ਹੁਕਮ ਦਿੱਤੇ ਕਿ ਭਾਜਪਾ ਨੇ ਉਨ੍ਹਾਂ ਦੇ ਉਮੀਦਵਾਰਾਂ ਦਾ ਸ਼ਿਕਾਰ ਕਰਨ ਦੀ ਕੋਸ਼ਿਸ਼ ਕੀਤੀ।

ਇਸ ਤੋਂ ਬਾਅਦ ਏ ਸੀ ਬੀ ਦੀ ਟੀਮ ਆਪਣੀ ਜਾਂਚ ਨੂੰ ਅੱਗੇ ਵਧਾਉਣ ਲਈ 'ਆਪ' ਮੁਖੀ ਅਰਵਿੰਦ ਕੇਜਰੀਵਾਲ ਦੇ ਘਰ ਪਹੁੰਚ ਗਈ।

ਟੀਮ ਨੇ ਕੇਜਰੀਵਾਲ ਤੋਂ ਪੁੱਛਗਿੱਛ ਨਹੀਂ ਕੀਤੀ ਅਤੇ ਜਵਾਬ ਦੇਣ ਲਈ ਪੰਜ ਸਵਾਲਾਂ ਦਾ ਨੋਟਿਸ ਦੇ ਕੇ ਪਰਤ ਆਈ। ਪਹਿਲਾ ਸਵਾਲ ਇਹ ਹੈ ਕਿ 15 ਕਰੋੜ ਦੀ ਪੇਸ਼ਕਸ਼ ਦੀ ਪੋਸਟ ਉਨ੍ਹਾ ਪਾਈ ਕਿ ਨਹੀਂ? ਦੂਜਾ ਸਵਾਲ ਹੈ ਕਿ ਜਿਨ੍ਹਾਂ 16 ਵਿਧਾਇਕਾਂ ਨੂੰ ਪੇਸ਼ਕਸ਼ ਕੀਤੀ ਗਈ ਤੇ ਫੋਨ ਕੀਤੇ ਗਏ, ਉਨ੍ਹਾਂ ਦੇ ਨਾਂਅ ਦੱਸੋ। ਤੀਜਾ, ਇਹ ਕਿ ਕਿਸ ਸ਼ਖਸ ਨੇ ਆਪ ਵਿਧਾਇਕਾਂ ਨੂੰ ਰਿਸ਼ਵਤ ਦੇ ਫੋਨ ਕੀਤੇ? ਚੌਥਾ ਸਵਾਲ ਇਹ ਕਿ ਆਪ ਤੇ ਆਪ ਦੇ ਮੈਂਬਰਾਂ ਵੱਲੋਂ ਰਿਸ਼ਵਤ ਬਾਰੇ ਪਾਈਆਂ ਪੋਸਟਾਂ ਦੇ ਹੱਕ ਵਿਚ ਸਬੂਤ ਦਿਓ। ਪੰਜਵਾਂ ਇਹ ਕਿ ਕੇਜਰੀਵਾਲ ਦੱਸਣ ਕਿ ਸੋਸ਼ਲ ਮੀਡੀਆ 'ਤੇ ਅਜਿਹੀ ਜਾਣਕਾਰੀ ਫੈਲਾਉਣ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਕਿਉਂ ਨਾ ਕੀਤੀ ਜਾਵੇ, ਜਿਹੜੇ ਦਿੱਲੀ ਦੇ ਲੋਕਾਂ ਵਿੱਚ ਦਹਿਸ਼ਤ ਪੈਦਾ ਕਰਨ ਦੇ ਤੁੱਲ ਹੈ।




ਦਿੱਲੀ ਵਿਧਾਨ ਸਭਾ ਦੀ ਚੋਣ ਲਈ 5 ਫਰਵਰੀ ਨੂੰ ਵੋਟਾਂ ਪਈਆਂ ਸਨ ਅਤੇ ਗਿਣਤੀ 8 ਫਰਵਰੀ ਨੂੰ ਹੋਣੀ ਹੈ। ਉਪ ਰਾਜਪਾਲ ਨੇ ਵੋਟਾਂ ਦੀ ਗਿਣਤੀ ਤੋਂ ਇੱਕ ਦਿਨ ਪਹਿਲਾਂ ਜਾਂਚ ਦਾ ਹੁਕਮ ਦਿੱਤਾ ਹੈ।

ਉਪ ਰਾਜਪਾਲ ਦਫ਼ਤਰ ਨੇ ਮੁੱਖ ਸਕੱਤਰ ਨੂੰ ਲਿਖੇ ਇੱਕ ਪੱਤਰ ਵਿੱਚ ਕਿਹਾ—ਆਮ ਆਦਮੀ ਪਾਰਟੀ (ਆਪ) ਦੋਸ਼ ਲਗਾ ਰਹੀ ਹੈ ਕਿ ਭਾਜਪਾ ਉਸ ਦੇ ਵਿਧਾਇਕਾਂ ਨੂੰ ਪਾਰਟੀ (ਆਪ) ਛੱਡਣ ਅਤੇ ਭਾਜਪਾ ਵਿੱਚ ਸ਼ਾਮਲ ਹੋਣ ਲਈ ਰਿਸ਼ਵਤ ਦੀ ਪੇਸ਼ਕਸ਼ ਕਰ ਰਹੀ ਹੈ। ਸੱਚਾਈ ਦਾ ਪਤਾ ਲਾਉਣ ਲਈ ਇਸ ਮਾਮਲੇ ਦੀ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਰਾਹੀਂ ਪੂਰੀ ਜਾਂਚ ਕੀਤੀ ਜਾਵੇ।

ਮੁੱਖ ਸਕੱਤਰ ਨੂੰ ਇਹ ਨਿਰਦੇਸ਼ ਦਿੱਲੀ ਭਾਜਪਾ ਦੇ ਜਨਰਲ ਸਕੱਤਰ ਵਿਸ਼ਨੂੰ ਮਿੱਤਲ ਵੱਲੋਂ ਉਪ ਰਾਜਪਾਲ ਦਫ਼ਤਰ ਨੂੰ ਭੇਜੇ ਇੱਕ ਮੰਗ ਪੱਤਰ ਦੇ ਜਵਾਬ ਵਿੱਚ ਆਇਆ ਹੈ। ਮਿੱਤਲ ਨੇ ਉਪ ਰਾਜਪਾਲ ਨੂੰ ਲਿਖੇ ਆਪਣੇ ਪੱਤਰ ਵਿੱਚ ਕਿਹਾ—ਅਰਵਿੰਦ ਕੇਜਰੀਵਾਲ ਅਤੇ ਸੰਜੇ ਸਿੰਘ ਵੱਲੋਂ ਲਗਾਏ ਗਏ ਦੋਸ਼ ਬਹੁਤ ਗੰਭੀਰ ਹਨ ਅਤੇ ਤੁਰੰਤ ਜਾਂਚ ਦੀ ਮੰਗ ਕਰਦੇ ਹਨ, ਕਿਉਂਕਿ ਉਨ੍ਹਾਂ ਆਪਣੇ ਦਾਅਵਿਆਂ ਨੂੰ ਸਾਬਤ ਕਰਨ ਲਈ ਕੋਈ ਸਬੂਤ ਪੇਸ਼ ਨਹੀਂ ਕੀਤੇ, ਜਿਵੇਂ ਕਿ ਫੋਨ ਕਾਲਾਂ ਜਾਂ ਇਸ ਵਿੱਚ ਸ਼ਾਮਲ ਵਿਅਕਤੀਆਂ ਦੇ ਵੇਰਵੇ।

ਇਸ ਤੋਂ ਪਹਿਲਾਂ ਵੀਰਵਾਰ ਕੇਜਰੀਵਾਲ ਨੇ ਭਾਜਪਾ 'ਤੇ ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ 'ਆਪ' ਦੇ 16 ਉਮੀਦਵਾਰਾਂ ਦਾ ਸ਼ਿਕਾਰ ਕਰਨ ਦੀ ਕੋਸ਼ਿਸ਼ ਦਾ ਦੋਸ਼ ਲਗਾਇਆ ਸੀ। ਉਨ੍ਹਾ ਦੋਸ਼ ਲਗਾਇਆ ਕਿ 'ਆਪ' ਉਮੀਦਵਾਰਾਂ ਨੂੰ ਭਾਜਪਾ ਤੋਂ ਪੇਸ਼ਕਸ਼ਾਂ ਮਿਲੀਆਂ, ਜਿਨ੍ਹਾਂ ਵਿੱਚ ਪਾਰਟੀ ਬਦਲਣ ਲਈ ਮੰਤਰੀ ਦੇ ਅਹੁਦੇ ਤੇ 15-15 ਕਰੋੜ ਰੁਪਏ ਦੇਣ ਦਾ ਵਾਅਦਾ ਕੀਤਾ ਗਿਆ ਸੀ।

### ਕਾਰਗਿਲ ਯੁੱਧ ਬਾਰੇ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸ਼ੁੱਕਰਵਾਰ ਸਾਬਕਾ ਫੌਜੀ ਅਧਿਕਾਰੀ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ 1999 ਦੇ ਕਾਰਗਿਲ ਯੁੱਧ ਤੋਂ ਪਹਿਲਾਂ ਪਾਕਿਸਤਾਨੀ ਘੁਸਪੈਠ ਬਾਰੇ ਜਾਣਕਾਰੀ 'ਤੇ ਕਾਰਵਾਈ ਕਰਨ 'ਚ ਫੌਜ ਵੱਲੋਂ ਲਾਪ੍ਰਵਾਹੀ ਵਰਤਣ ਦਾ ਦੋਸ਼ ਲਗਾਇਆ ਗਿਆ ਸੀ। ਚੀਫ ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਸੰਜੈ ਕੁਮਾਰ ਦੀ ਬੈਂਚ ਨੇ ਕਿਹਾ—ਨਿਆਂ ਪਾਲਿਕਾ ਆਮ ਤੌਰ 'ਤੇ ਕੌਮੀ ਰੱਖਿਆ ਦੇ ਮਾਮਲੇ 'ਚ ਦਖ਼ਲ ਨਹੀਂ ਦਿੰਦੀ, 1999 ਦੇ ਯੁੱਧ ਵਿੱਚ ਜੋ ਹੋਇਆ, ਉਹ ਕਾਰਜਕਾਰੀ ਫ਼ੈਸਲੇ ਨਾਲ ਸੰਬੰਧਤ ਅੰਦਰੂਨੀ ਮਾਮਲਾ ਹੈ। ਬੈਂਚ ਪੰਚਕੂਲਾ ਦੇ ਸਾਬਕਾ ਫੌਜੀ ਅਧਿਕਾਰੀ ਮਨੀਸ਼ ਭਟਨਾਗਰ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਚੀਫ ਜਸਟਿਸ ਨੇ ਕਿਹਾ—ਕੁਝ ਚੀਜ਼ਾਂ ਹਨ, ਜਿੱਥੇ ਨਿਆਂ ਪਾਲਿਕਾ ਨੂੰ ਦਖ਼ਲ ਨਹੀਂ ਦੇਣਾ ਚਾਹੀਦਾ। ਇਹ ਗਲਤ ਹੋਵੇਗਾ। ਤੁਸੀਂ ਯੁੱਧ ਵਿੱਚ ਹਿੱਸਾ ਲਿਆ ਸੀ ਅਤੇ ਹੁਣ ਮੁੱਦਿਆਂ ਨੂੰ ਉਵੇਂ ਹੀ ਛੱਡ ਦਿਓ।

### ਮਹਾਕੁੰਭ 'ਚ ਅੱਗ ਨਾਲ ਕਈ ਟੈਂਟ ਸੜੇ

**ਮਹਾਕੁੰਭ ਨਗਰ :** ਮਹਾਕੁੰਭ ਨਗਰ ਦੇ ਇੱਕ ਕੈਂਪ ਵਿੱਚ ਸ਼ੁੱਕਰਵਾਰ ਅੱਗ ਲੱਗ ਗਈ। ਖਾਕ ਚੌਕੀ ਦੇ ਇੰਸਪੈਕਟਰ ਯੋਗੇਸ਼ ਚਤੁਰਵੇਦੀ ਨੇ ਦੱਸਿਆ ਕਿ ਪੁਰਾਣੇ ਜੀ ਟੀ ਰੋਡ 'ਤੇ ਤੁਲਸੀ ਚੁਰਾਹੇ ਦੇ ਨੇੜੇ ਇੱਕ ਕੈਂਪ ਵਿੱਚ ਅੱਗ ਲੱਗ ਗਈ। ਹਾਲਾਂਕਿ ਅੱਗ ਬੁਝਾਊ ਦਸਤੇ ਨੇ ਮੌਕੇ 'ਤੇ ਪਹੁੰਚ ਕੇ ਅੱਗ ਉੱਤੇ ਕਾਬੂ ਪਾ ਲਿਆ। ਚੀਫ਼ ਫਾਇਰ ਅਫ਼ਸਰ ਪ੍ਰਮੋਦ ਸ਼ਰਮਾ ਨੇ ਦੱਸਿਆ ਕਿ ਸੈਕਟਰ-18 ਸਥਿਤ ਇਸਕੋਨ ਕੈਂਪ ਵਿੱਚ ਅੱਗ ਲੱਗਣ ਦੀ ਸੂਚਨਾ ਮਿਲਣ 'ਤੇ ਤੁਰੰਤ ਕਾਰਵਾਈ ਕੀਤੀ ਗਈ। ਅੱਗ ਕਾਰਨ 20 ਤੋਂ 22 ਟੈਂਟ ਸੜ ਕੇ ਸੁਆਹ ਹੋ ਗਏ, ਪਰ ਕਿਸੇ ਵੀ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ।

### ਸੱਜਣ ਦਾ ਫੈਸਲਾ ਟਲਿਆ



**ਨਵੀਂ ਦਿੱਲੀ :** ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਸ਼ੁੱਕਰਵਾਰ ਕੌਮੀ ਰਾਜਧਾਨੀ ਦੇ ਸਰਸਵਤੀ ਵਿਹਾਰ ਖੇਤਰ ਵਿੱਚ ਦੋ ਵਿਅਕਤੀਆਂ ਦੇ ਕਤਲ ਦੇ ਸੰਬੰਧ ਵਿੱਚ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਵਿਰੁੱਧ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕਤਲ ਕੇਸ ਵਿੱਚ ਆਪਣਾ ਫੈਸਲਾ 12 ਫਰਵਰੀ ਤੱਕ ਟਾਲ ਦਿੱਤਾ ਹੈ। ਪਹਿਲਾਂ ਫੈਸਲਾ ਸ਼ੁੱਕਰਵਾਰ ਸੁਣਾਉਣਾ ਸੀ।

### ਹਾਦਸੇ 'ਚ ਛੇ ਮੌਤਾਂ

**ਇੰਦੌਰ :** ਮੱਧ ਪ੍ਰਦੇਸ਼ ਦੇ ਇੰਦੌਰ ਜ਼ਿਲ੍ਹੇ ਦੀ ਮਹੂ ਤਹਿਸੀਲ 'ਚ ਸਥਿਤ ਮਾਨਪੁਰ ਨੇੜੇ ਸ਼ੁੱਕਰਵਾਰ ਤੜਕੇ ਵਾਪਰੇ ਹਾਦਸੇ ਵਿੱਚ ਛੇ ਵਿਅਕਤੀਆਂ ਦੀ ਮੌਤ ਹੋ ਗਈ ਅਤੇ 16 ਜ਼ਖ਼ਮੀ ਹੋ ਗਏ। ਹਾਦਸੇ 'ਚ ਮੋਟਰਸਾਈਕਲ, ਮਿੰਨੀ ਬੱਸ ਤੇ ਟੈਂਕਰ ਟਕਰਾਏ।

### ਰਾਮ ਮੰਦਰ ਦੀ ਪਹਿਲੀ ਇੱਟ ਰੱਖਣ ਵਾਲੇ ਦਾ ਦੇਹਾਂਤ

**ਅਯੁੱਧਿਆ :** ਇੱਥੇ ਰਾਮ ਲੱਲਾ ਮੰਦਰ ਦੇ ਨਿਰਮਾਣ ਲਈ ਪਹਿਲੀ ਇੱਟ ਰੱਖਣ ਵਾਲੇ ਵਿਸ਼ਵ ਹਿੰਦੂ ਪ੍ਰੀਸ਼ਦ (ਵੀ ਐੱਚ ਪੀ) ਦੇ ਨੇਤਾ ਕਾਮੇਸ਼ਵਰ ਚੌਪਾਲ ਦਾ ਬਿਮਾਰ ਹੋਣ ਮਗਰੋਂ ਦਿੱਲੀ ਦੇ ਗੰਗਾਰਾਮ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਪਟਨਾ ਦੇ ਰਹਿਣ ਵਾਲੇ ਚੌਪਾਲ ਲੰਮੇ ਸਮੇਂ ਤੋਂ ਗੁਰਦੇ ਦੀ ਬਿਮਾਰੀ ਤੋਂ ਪੀੜਤ ਸਨ। ਆਰ ਐੱਸ ਐੱਸ ਨੇ ਉਨ੍ਹਾ ਨੂੰ 'ਪਹਿਲੇ ਕਾਰ ਸੇਵਕ' ਦੀ ਉਪਾਧੀ ਨਾਲ ਸਨਮਾਨਿਆ ਸੀ।

## ਬਿਮਾਰ ਮਾਂ ਨੂੰ ਮਿਲਣ ਲਈ ਵੀਜ਼ੇ ਤੋਂ ਇਨਕਾਰ

**ਨਵੀਂ ਦਿੱਲੀ :** ਭਾਰਤੀ ਮੂਲ ਦੀ ਸਿਆਟਲ ਸਿਟੀ ਕੌਂਸਲ ਮੈਂਬਰ ਛਮਾ ਸਾਵੰਤ ਨੇ ਦੋਸ਼ ਲਾਇਆ ਹੈ ਕਿ ਉਸ ਨੂੰ ਆਪਣੀ ਬਿਮਾਰ ਮਾਂ ਨੂੰ ਮਿਲਣ ਲਈ ਭਾਰਤ ਫੇਰੀ ਵਾਸਤੇ ਭਾਰਤੀ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਅਮਰੀਕਾ ਦੇ ਵਾਸ਼ਿੰਗਟਨ ਸੂਬੇ ਵਿੱਚ ਜਾਤੀ ਭੇਦਭਾਵ ਨੂੰ ਖਤਮ ਕਰਨ ਲਈ ਇੱਕ ਕਾਨੂੰਨ ਪਾਸ ਕਰਵਾਉਣ ਵਾਲੀ ਸਾਵੰਤ ਨੇ ਕਿਹਾ ਕਿ ਇਸੇ ਕਾਰਨ ਉਸ ਨੂੰ ਭਾਰਤ ਸਰਕਾਰ ਦੀ 'ਵੀਜ਼ਾ ਨਾ ਦੇਣ' ਵਾਲੀ ਸੂਚੀ ਵਿੱਚ ਰੱਖਿਆ ਗਿਆ ਹੈ। ਉਸ ਨੂੰ ਬੀਤੇ ਸਾਲ ਤੋਂ ਤੀਜੀ ਵਾਰ ਵੀਜ਼ਾ ਦੇਣ ਤੋਂ ਨਾਂਹ ਕੀਤੀ ਗਈ ਹੈ।

ਭਾਰਤ ਦੇ ਸਿਆਟਲ ਸਥਿਤ ਕੌਂਸਲਖ਼ਾਨੇ ਦੀ ਇਸ ਕਾਰਵਾਈ ਵਿਰੁੱਧ ਸਾਵੰਤ ਅਤੇ ਉਸ ਦੀ ਸੰਸਥਾ 'ਵਰਕਰਜ਼ ਸਟਰਾਈਕ ਬੈਕ' ਦੇ ਮੈਂਬਰਾਂ ਨੇ ਭਾਰਤੀ ਕੌਂਸਲਖਾਨੇ ਵਿਖੇ ਧਰਨਾ ਦਿੱਤਾ।



ਮੁਜ਼ਾਹਰਾਕਾਰੀਆਂ ਨੇ ਇਸ ਪ੍ਰਦਰਸ਼ਨ ਨੂੰ 'ਸ਼ਾਂਤਮਈ ਸਿਵਲ ਅਵੱਗਿਆ' ਕਰਾਰ ਦਿੱਤਾ। ਦੂਜੇ ਪਾਸੇ ਭਾਰਤੀ ਕੌਂਸਲਖਾਨੇ ਦੇ ਅਧਿਕਾਰੀਆਂ ਨੇ ਵਿਰੋਧ ਪ੍ਰਦਰਸ਼ਨ ਨਾਲ ਸਿੱਝਣ ਲਈ ਸਥਾਨਕ ਪੁਲਸ ਨੂੰ ਬੁਲਾ ਲਿਆ। ਬੀਬੀ ਸਾਵੰਤ ਨੇ 'ਐੱਕਸ' ਉਤੇ ਪਾਈ ਇਕ ਪੋਸਟ ਵਿੱਚ ਕਿਹਾ—ਮੈਂ ਅਤੇ ਮੇਰੇ ਪਤੀ ਸਿਆਟਲ ਸਥਿਤ ਭਾਰਤੀ ਕੌਂਸਲਖਾਨੇ ਵਿੱਚ ਹਾਂ। ਉਨ੍ਹਾਂ ਮੇਰੀ ਮਾਂ ਦੇ ਬਹੁਤ ਬਿਮਾਰ ਹੋਣ ਕਾਰਨ ਉਨ੍ਹਾ ਨੂੰ ਤਾਂ ਐਮਰਜੈਂਸੀ ਵੀਜ਼ਾ ਦੇ ਦਿੱਤਾ, ਪਰ ਮੇਰਾ ਵੀਜ਼ਾ ਰੱਦ ਕਰ ਦਿੱਤਾ, ਸਾਫ ਕਿਹਾ ਕਿ ਮੇਰਾ ਨਾਂਅ 'ਰੱਦ ਸੂਚੀ' ਵਿੱਚ ਹੈ।

ਉਸ ਨੇ ਅੱਗੇ ਕਿਹਾ—ਉਹ ਇਸ ਬਾਰੇ ਸਪੱਸ਼ਟੀਕਰਨ ਦੇਣ ਤੋਂ ਇਨਕਾਰ ਕਰ ਰਹੇ ਹਨ ਕਿ ਕਿਉਂ? ਅਸੀਂ ਜਾਣ ਤੋਂ ਇਨਕਾਰ ਕਰ ਰਹੇ ਹਾਂ। ਉਹ ਸਾਡੇ 'ਤੇ ਪੁਲਸ ਬੁਲਾਉਣ ਦੀ ਧਮਕੀ ਦੇ ਰਹੇ ਹਨ। ਸਿਆਟਲ ਸਥਿਤ ਭਾਰਤੀ ਕੌਂਸਲੇਟ ਨੇ ਐੱਕਸ 'ਤੇ ਇਸ ਸੰਬੰਧੀ ਆਪਣਾ ਪੱਖ ਪੋਸਟ ਕਰਦੇ ਹੋਏ ਕਿਹਾ—ਕੌਂਸਲਖਾਨੇ ਨੂੰ ਦਫਤਰੀ ਸਮੇਂ ਤੋਂ ਬਾਅਦ ਕੁਝ ਵਿਅਕਤੀਆਂ ਵੱਲੋਂ ਕੌਂਸਲਖਾਨੇ ਦੇ ਅਹਾਤੇ ਵਿੱਚ ਅਣਅਧਿਕਾਰਤ ਦਾਖ਼ਲੇ ਕਾਰਨ ਪੈਦਾ

ਬਾਕੀ ਸਫ਼ਾ 2 'ਤੇ

## ਰਿਜ਼ਰਵ ਬੈਂਕ ਵੱਲੋਂ ਕਿਸ਼ਤਾਂ ਭਰਨ ਵਾਲਿਆਂ ਨੂੰ ਕੁਝ ਰਾਹਤ

**ਮੁੰਬਈ :** ਖਪਤ ਨੂੰ ਵਧਾਉਣ ਲਈ ਕੇਂਦਰ ਵੱਲੋਂ ਨਿੱਜੀ ਆਮਦਨ ਕਰ ਵਿੱਚ ਕਟੌਤੀ ਕੀਤੇ ਜਾਣ ਤੋਂ ਮਹਿਜ਼ ਇੱਕ ਹਫ਼ਤੇ ਬਾਅਦ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਦੀ ਛੇ ਮੈਂਬਰੀ ਮੁਦਰਾ ਨੀਤੀ ਕਮੇਟੀ ਨੇ ਰੈਪੋ ਦਰ ਵਿੱਚ ਕਟੌਤੀ ਕੀਤੀ ਹੈ। ਜਿਸ ਦਰ ਉੱਤੇ ਆਰ ਬੀ ਆਈ ਹੋਰਨਾਂ ਬੈਂਕਾਂ ਨੂੰ ਕਰਜ਼ਾ ਦਿੰਦਾ ਹੈ, ਉਹ 25 ਅਧਾਰ ਅੰਕਾਂ ਦੀ ਕਟੌਤੀ ਕਰਕੇ 6.25 ਫੀਸਦੀ ਕਰ ਦਿੱਤੀ ਗਈ ਹੈ। 2020 ਤੋਂ ਬਾਅਦ ਆਰ ਬੀ ਆਈ ਵੱਲੋਂ ਇਹ ਪਹਿਲੀ ਕਟੌਤੀ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਇਸ ਨਾਲ ਖਪਤ ਵਿੱਚ ਵਾਧਾ ਹੋਵੇਗਾ। ਮੁਦਰਾ ਨੀਤੀ ਕਮੇਟੀ ਨੇ ਪਿਛਲੀ ਵਾਰ ਮਈ 2020 ਵਿੱਚ ਰੈਪੋ ਦਰ ਘਟਾਈ ਸੀ ਅਤੇ ਪਿਛਲੀਆਂ 11 ਨੀਤੀਗਤ ਮੀਟਿੰਗਾਂ ਦੌਰਾਨ ਦਰ ਵਿਚ ਕੋਈ ਬਦਲਾਅ ਨਹੀਂ ਕੀਤਾ ਗਿਆ। ਦਸੰਬਰ 2024 ਵਿੱਚ ਗਵਰਨਰ ਸੰਜੇ ਮਲਹੋਤਰਾ ਦੇ ਅਹੁਦਾ ਸੰਭਾਲਣ ਤੋਂ ਬਾਅਦ ਇਹ ਪਹਿਲੀ ਮੁਦਰਾ ਨੀਤੀ ਕਮੇਟੀ ਦੀ ਮੀਟਿੰਗ ਸੀ। ਬਾਜ਼ਾਰ ਬੇਸਬਰੀ ਨਾਲ ਸੰਭਾਵਤ ਦਰਾਂ ਵਿੱਚ ਕਟੌਤੀ ਦੀ ਉਡੀਕ ਕਰ ਰਹੇ ਸਨ। 5 ਤੋਂ 7 ਫਰਵਰੀ ਦਰਮਿਆਨ ਹੋਈ ਮੀਟਿੰਗ ਦੌਰਾਨ ਮੈਂਬਰਾਂ ਨੇ ਸਰਬਸੰਮਤੀ ਨਾਲ ਰੈਪੋ ਦਰ ਵਿੱਚ ਕਟੌਤੀ ਕਰਨ ਲਈ ਵੋਟ ਪਾਈ। ਮਾਹਰਾਂ ਅਨੁਸਾਰ ਇਹ ਕਟੌਤੀ ਇੱਕ ਵਿਵੇਕਸ਼ੀਲ ਵਿੱਤੀ ਸਥਿਤੀ ਦਾ ਪ੍ਰਬੰਧਨ ਕਰਦੇ ਹੋਏ ਆਰਥਕ ਗਤੀਵਿਧੀਆਂ ਨੂੰ ਬੜ੍ਹਾਵਾ ਦੇਣ ਦੇ ਬਜਟ ਦੇ ਉਦੇਸ਼ਾਂ ਨਾਲ ਮੇਲ ਖਾਂਦੀ ਹੈ, ਜੋ ਮੁਦਰਾ ਅਤੇ ਮਹਿੰਗਾਈ ਦੇ ਪੱਖ 'ਤੇ ਰਾਹਤ ਪ੍ਰਦਾਨ ਕਰਦੀ ਹੈ। ਕਟੌਤੀ ਰੀਅਲ ਅਸਟੇਟ ਸੈਕਟਰ ਲਈ ਲਾਭਕਾਰੀ ਹੋਵੇਗੀ, ਕਿਉਂਕਿ ਇਹ ਘਰ ਖਰੀਦਦਾਰਾਂ, ਖਾਸ ਕਰਕੇ ਹੇਠਲੇ ਅਤੇ ਮੱਧ ਵਰਗ ਦੇ ਪਰਵਾਰਾਂ ਲਈ ਲੋਨ ਲੈਣ ਨੂੰ ਵਧੇਰੇ ਕਿਫਾਇਤੀ ਬਣਾਵੇਗੀ। ਇਸ ਦੌਰਾਨ ਵਿੱਤੀ ਸਾਲ 2025-26 ਲਈ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਦਾ ਅਨੁਮਾਨ 6.7 ਫੀਸਦੀ ਰੱਖਿਆ ਗਿਆ ਹੈ। ਬੈਂਕ ਨੇ ਖਪਤਕਾਰ ਕੀਮਤ ਸੂਚਕਾਂਕ ਅਧਾਰਤ ਮਹਿੰਗਾਈ ਦਰ 4.8 ਪ੍ਰਤੀਸ਼ਤ ਲਈ ਆਪਣੇ ਅਨੁਮਾਨਾਂ ਨੂੰ ਕਾਇਮ ਰੱਖਿਆ ਹੈ।

## ਨਗਰ ਪੰਚਾਇਤ ਸ਼ਾਹਕੋਟ 'ਤੇ ਕਾਂਗਰਸੀ ਕਬਜ਼ੇ ਦੇ ਮਾਅਨੇ!



**ਸ਼ਾਹਕੋਟ (ਗਿਆਨ ਸੈਦਪੁਰੀ)**

ਨਵੀਂ ਨਗਰ ਪੰਚਾਇਤ ਸ਼ਾਹਕੋਟ ਲਈ ਵੋਟਾਂ 21 ਦਸੰਬਰ 2024 ਨੂੰ ਪਈਆਂ ਸਨ, ਪਰ ਇਸ ਦਾ ਪ੍ਰਧਾਨ ਤੇ ਮੀਤ ਪ੍ਰਧਾਨ ਚੁਣਨ ਵਿੱਚ ਵੱਡੀ ਰੁਕਾਵਟ ਪੈਂਦੀ ਰਹੀ। ਆਖ਼ਰ ਹਾਈ ਕੋਰਟ ਦੀ ਸਖ਼ਤੀ ਅਤੇ ਕਾਂਗਰਸ ਪਾਰਟੀ ਦੇ ਚੁਣੇ ਗਏ ਮੈਂਬਰਾਂ ਦੀ ਇੱਕਜੁਟਤਾ ਦੀ ਬਦੌਲਤ 6 ਫਰਵਰੀ ਨੂੰ ਕਾਂਗਰਸ ਪਾਰਟੀ ਦੇ ਗੁਲਜ਼ਾਰ ਸਿੰਘ ਥਿੰਦ ਪ੍ਰਧਾਨ ਅਤੇ ਕਾਂਗਰਸ ਪਾਰਟੀ ਦੀ ਕੁਲਜੀਤ ਰਾਣੀ ਉੱਪ ਪ੍ਰਧਾਨ ਚੁਣੇ ਗਏ। ਇਹ ਵੀ ਸਮਝਿਆ ਜਾ ਰਿਹਾ ਹੈ ਕਿ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਦ੍ਰਿੜ੍ਹਤਾ, ਇੱਛਾ ਸ਼ਕਤੀ ਤੇ ਹਰਮਨਪਿਆਰਤਾ ਵੀ ਭੰਵਰ 'ਚ ਫਸੀ ਕਿਸ਼ਤੀ ਪਾਰ ਲਾਉਣ ਵਿੱਚ ਸਹਾਈ ਹੋਈ। ਨਗਰ ਪੰਚਾਇਤਾਂ ਵਿੱਚ ਸ਼ਾਇਦ ਸ਼ਾਹਕੋਟ ਦੀ ਇੱਕਲੌਤੀ ਕਮੇਟੀ ਹੈ, ਜਿਸ ਦੀ ਪ੍ਰਧਾਨਗੀ ਦੀ ਕਲਗ਼ੀ ਕਾਂਗਰਸ ਪਾਰਟੀ ਦੇ ਸਿਰ 'ਤੇ ਸਜੀ ਹੈ।ਪਹਿਲਾਂ ਪ੍ਰਧਾਨਗੀ ਅਤੇ ਉੱਪ ਪ੍ਰਧਾਨਗੀ ਲਈ 16 ਜਨਵਰੀ ਦੀ ਤਰੀਕ ਤੈਅ ਹੋਈ ਸੀ।ਚੋਣ ਕਰਨ ਲਈ ਐੱਸ ਡੀ ਐੱਮ ਸ਼ਾਹਕੋਟ ਨੂੰ ਕਨਵੀਨਰ ਨਿਯੁਕਤ ਕੀਤਾ ਗਿਆ ਸੀ।16 ਜਨਵਰੀ ਦੀ ਸਵੇਰ ਨੂੰ ਹੀ ਪਤਾ ਲੱਗਾ ਕਿ ਉਹ ਅਚਾਨਕ ਛੁੱਟੀ 'ਤੇ ਚਲੇ ਗਏ ਸਨ।ਮੁੱਕਦੀ ਗੱਲ ਕਿ ਉਸ ਦਿਨ ਨਗਰ ਪੰਚਾਇਤ ਦੇ ਅਹੁਦੇਦਾਰ ਨਾ ਚੁਣੇ ਜਾ ਸਕੇ। ਚੋਣ ਲਈ ਅਗਲੀ ਤਰੀਕ 21 ਜਨਵਰੀ ਰੱਖ ਦਿੱਤੀ ਗਈ। ਇਸ ਦਿਨ ਚੋਣ ਕਰਵਾਉਣ ਦੀ ਜ਼ਿੰਮੇਵਾਰੀ ਤਹਿਸੀਲਦਾਰ ਸ਼ਾਹਕੋਟ ਦੀ ਲਾਈ ਗਈ। ਦੱਸਣਯੋਗ ਹੈ ਕਿ ਨਗਰ ਪੰਚਾਇਤ ਦੇ ਚੁਣੇ ਮੈਂਬਰਾਂ ਵਿੱਚ 9 ਕਾਂਗਰਸ ਪਾਰਟੀ ਅਤੇ 4 'ਆਪ' ਦੇ ਹਨ। 21 ਜਨਵਰੀ ਨੂੰ ਵੀ ਜਦੋਂ ਚੋਣ ਨੇਪਰੇ ਨਾ ਚੜ੍ਹ ਸਕੀ ਤਾਂ ਕਾਂਗਰਸ ਪਾਰਟੀ ਨੇ ਹਾਈ ਕੋਰਟ ਦਾ ਦਰਵਾਜ਼ਾ ਜਾ ਖੜਕਾਇਆ।ਕੋਰਟ ਨੇ 6 ਫਰਵਰੀ ਨੂੰ ਚੋਣ ਕਰਵਾਉਣ ਦੇ ਹੁਕਮ ਵਿੱਚ ਦਿੱਤੀ ਹਦਾਇਤ ਦੀ ਸ਼ਬਦਾਵਲੀ ਸਖਤ ਕਿਸਮ ਦੀ ਵਰਤੀ ਦੱਸੀ ਜਾਂਦੀ ਹੈ।ਇਸ ਦੌਰਾਨ ਕਾਂਗਰਸ ਨੂੰ ਜਾਪਿਆ ਕਿ ਅਹੁਦੇਦਾਰਾਂ ਦੀ ਚੋਣ ਕਰਵਾਉਣ ਦੇ ਮਾਮਲੇ ਵਿੱਚ ਸੱਤਾਧਾਰੀ ਧਿਰ ਫਿਰ ਕੋਈ ਚਾਲ ਖੇਡ ਸਕਦੀ ਹੈ। ਆਮ ਤੌਰ 'ਤੇ ਇਹੀ ਹੁੰਦਾ ਹੈ ਕਿ ਚੁਣੇ ਗਏ ਮੈਂਬਰਾਂ ਨੂੰ ਪਾਲ਼ਾ ਬਦਲਣ ਲਈ ਮਜਬੂਰ ਕਰ ਦਿੱਤਾ ਜਾਵੇ। ਇਹ ਕੁਝ ਨਾ ਹੋਣ ਲਈ ਹਲਕਾ ਵਿਧਾਇਕ ਸ਼ੇਰੋਵਾਲੀਆ ਤੇ ਉਨ੍ਹਾ ਦੀ ਟੀਮ ਨੇ ਚੌਕਸੀ ਵਰਤੀ ਕਿ ਵਿਰੋਧੀ ਕਾਂਗਰਸ ਪਾਰਟੀ ਦੇ ਨੌਂਵਾਂ ਘਰਾਂ ਵਿੱਚ ਸੰਨ੍ਹ ਨਾ ਲਾ ਸਕੇ।

ਕਾਂਗਰਸ ਪਾਰਟੀ ਦੇ ਨਗਰ ਪੰਚਾਇਤ 'ਤੇ ਕਾਬਜ਼ ਹੋ ਜਾਣ 'ਤੇ ਹਲਕਾ ਵਿਧਾਇਕ ਦੀ ਲੋਕਪ੍ਰਿਅਤਾ ਵਧਣ ਦੀ ਗੱਲ ਵੀ ਸੁਣੀ ਜਾ ਰਹੀ ਹੈ।6 ਫਰਵਰੀ ਦੀ ਹੋਈ ਚੋਣ ਵਿੱਚ ਪ੍ਰਧਾਨ ਚੁਣੇ ਗਏ ਗੁਲਜ਼ਾਰ ਸਿੰਘ ਥਿੰਦ ਨੂੰ ਹਰ ਵਰਗ ਨੇ ਪਸੰਦ ਕੀਤਾ ਹੈ, ਸਮੇਤ 'ਆਪ' ਦੇ ਕੁਝ ਹਲਕਿਆਂ ਦੇ। ਸਮਰਥਕ ਤਾਂ ਇਹ ਵੀ ਕਹਿ ਰਹੇ ਹਨ ਕਿ 2027 ਦੀ ਅਸੈਂਬਲੀ ਲਈ ਸ਼ੇਰੋਵਾਲੀਆ ਦੀ ਟਿਕਟ ਨਹੀਂ ਬਲਕਿ ਸੀਟ ਪੱਕੀ ਹੈ।ਇਸ ਤਰ੍ਹਾਂ ਕਾਂਗਰਸ ਪਾਰਟੀ ਦੇ ਨਗਰ ਪੰਚਾਇਤ ਸ਼ਾਹਕੋਟ 'ਤੇ ਕਾਬਜ਼ ਹੋਣ ਦੇ ਕਾਂਗਰਸ ਪਾਰਟੀ ਤੇ ਵਿਰੋਧੀਆਂ ਵੱਲੋਂ ਵੱਖਰੇ-ਵੱਖਰੇ ਮਾਅਨੇ ਕੱਢੇ ਜਾ ਰਹੇ ਹਨ।

### ਅਮਰੀਕਾ ਛੇਤੀ ਹੀ ਹੋਰ 487 ਭਾਰਤੀਆਂ ਨੂੰ ਕੱਢੇਗਾ

**ਨਵੀਂ ਦਿੱਲੀ :** ਅਮਰੀਕਾ ਨੇ 487 ਹੋਰ ਭਾਰਤੀਆਂ ਦੀ ਪਛਾਣ ਕਰ ਲਈ ਹੈ, ਜਿਨ੍ਹਾਂ ਨੂੰ ਉਹ ਛੇਤੀ ਹੀ ਭਾਰਤ ਘੱਲੇਗਾ। ਇਸੇ ਦੌਰਾਨ ਵਿਦੇਸ਼ ਸਕੱਤਰ ਵਿਕਰਮ ਮਿਸਤਰੀ ਨੇ ਕਿਹਾ ਕਿ ਉਨ੍ਹਾ ਅਮਰੀਕੀ ਅਧਿਕਾਰੀਆਂ ਨੂੰ ਕਿਹਾ ਹੈ ਕਿ ਇਨ੍ਹਾਂ ਨੂੰ ਉਸ ਅੰਦਾਜ਼ ਵਿੱਚ ਨਾ ਘੱਲਿਆ ਜਾਵੇ, ਜਿਵੇਂ ਪਹਿਲਾਂ ਹੱਥਕੜੀਆਂ ਤੇ ਬੇੜੀਆਂ ਲਾ ਕੇ ਘੱਲੇ ਸਨ।

### ਯੇਦੀਯੁਰੱਪਾ ਦੀ ਅਗਾਊਂ ਜ਼ਮਾਨਤ

**ਬੇਂਗਲੁਰੂ :** ਕਰਨਾਟਕ ਹਾਈ ਕੋਰਟ ਨੇ ਸ਼ੁੱਕਰਵਾਰ ਸਾਬਕਾ ਮੁੱਖ ਮੰਤਰੀ ਬੀ ਐੱਸ ਯੇਦੀਯੁਰੱਪਾ ਦੀ ਪੋਕਸੋ ਐਕਟ ਦੇ ਉਪਬੰਧਾਂ ਤਹਿਤ ਆਪਣੇ ਵਿਰੁੱਧ ਕਾਰਵਾਈ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਨੂੰ ਅੰਸ਼ਕ ਤੌਰ 'ਤੇ ਮਨਜ਼ੂਰੀ ਦੇ ਦਿੱਤੀ, ਜਦੋਂ ਕਿ ਉਨ੍ਹਾ ਵਿਰੁੱਧ ਦਰਜ ਅਪਰਾਧਕ ਮਾਮਲਾ ਹੇਠਲੀ ਅਦਾਲਤ ਵਿੱਚ ਵਾਪਸ ਭੇਜ ਦਿੱਤਾ। ਹਾਲਾਂਕਿ, ਅਦਾਲਤ ਨੇ ਸੀਨੀਅਰ ਭਾਜਪਾ ਨੇਤਾ ਦੀ ਅਗਾਊਂ ਜ਼ਮਾਨਤ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਮਨਜ਼ੂਰੀ ਦੇ ਦਿੱਤੀ ਹੈ।81 ਸਾਲਾ ਯੇਦੀਯੁਰੱਪਾ ਨੇ ਮਾਮਲੇ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਇਹ ਮਾਮਲਾ ਪਿਛਲੇ ਸਾਲ 14 ਮਾਰਚ ਨੂੰ ਇੱਕ 17 ਸਾਲਾ ਲੜਕੀ ਦੀ ਮਾਂ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ, ਜਿਸ ਵਿੱਚ ਮਹਿਲਾ ਨੇ ਦੋਸ਼ ਲਾਇਆ ਸੀ ਕਿ ਯੇਦੀਯੁਰੱਪਾ ਨੇ ਦੋ ਫਰਵਰੀ ਨੂੰ ਡਾਲਰਸ ਕਲੋਨੀ ਸਥਿਤ ਆਪਣੇ ਘਰ ਇੱਕ ਮੀਟਿੰਗ ਦੌਰਾਨ ਉਸ ਦੀ ਧੀ ਦਾ ਜਿਨਸੀ ਸ਼ੋਸ਼ਣ ਕੀਤਾ ਸੀ। ਜਸਟਿਸ ਨਾਗਪ੍ਰਸੰਨਾ ਨੇ ਕਿਹਾ—ਰਿਟ ਪਟੀਸ਼ਨ ਨੂੰ ਅੰਸ਼ਕ ਤੌਰ 'ਤੇ ਮਨਜ਼ੂਰੀ ਦਿੱਤੀ ਜਾਂਦੀ ਹੈ। ਅਪਰਾਧ, ਜਾਂਚ ਅਤੇ ਅੰਤਮ ਰਿਪੋਰਟ ਸਭ ਬਰਕਰਾਰ ਹਨ। ਹੁਕਮ ਦੌਰਾਨ ਕੀਤੀਆਂ ਗਈਆਂ ਟਿੱਪਣੀਆਂ ਨੂੰ ਧਿਆਨ ਵਿੱਚ ਰੱਖਦਿਆਂ ਮਾਮਲਾ ਸੰਬੰਧਤ ਅਦਾਲਤ ਨੂੰ ਵਾਪਸ ਭੇਜ ਦਿੱਤਾ ਜਾਂਦਾ ਹੈ ਕਿ ਉਹ ਸੀ ਆਈ ਡੀ ਵੱਲੋਂ ਪੇਸ਼ ਕੀਤੀ ਗਈ ਅੰਤਮ ਰਿਪੋਰਟ 'ਤੇ ਢੁਕਵੇਂ ਆਦੇਸ਼ ਜਾਰੀ ਕਰੇ। ਪੀੜਤਾ ਦੀ 54 ਸਾਲਾ ਮਾਂ ਦੀ ਪਿਛਲੇ ਸਾਲ ਮਈ ਵਿੱਚ ਫੇਫੜਿਆਂ ਦੇ ਕੈਂਸਰ ਕਾਰਨ ਇੱਕ ਨਿੱਜੀ ਹਸਪਤਾਲ ਵਿੱਚ ਮੌਤ ਹੋ ਗਈ ਸੀ।

## ਮਜ਼ਦੂਰ ਜਥੇਬੰਦੀਆਂ ਵੱਲੋਂ ਫਰੀਦਕੋਟ 'ਚ ਵਿਸ਼ਾਲ ਧਰਨਾ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਪੰਜਾਬ ਦੀਆਂ ਸੱਤ ਮਜ਼ਦੂਰ ਜਥੇਬੰਦੀਆਂ ਵੱਲੋਂ ਬਣਾਏ ਗਏ ਮੋਰਚੇ ਤਹਿਤ ਫਰੀਦਕੋਟ ਦੀਆਂ ਮਜ਼ਦੂਰ ਜਥੇਬੰਦੀਆਂ ਵੱਲੋਂ ਸ਼ੁੱਕਰਵਾਰ ਏ ਡੀ ਸੀ ਵਿਕਾਸ ਫਰੀਦਕੋਟ ਦਫਤਰ ਵਿੱਚ ਵਿਸ਼ਾਲ ਧਰਨਾ ਦਿੱਤਾ ਗਿਆ ਇਹਨਾਂ ਜਥੇਬੰਦੀਆਂ ਵਿੱਚ ਮੁੱਖ ਤੌਰ 'ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ, ਦਿਹਾਤੀ ਮਜ਼ਦੂਰ ਸਭਾ, ਪੰਜਾਬ ਪੰਜਾਬ ਖੇਤ ਮਜ਼ਦੂਰ ਯੂਨੀਅਨ ਅਤੇ ਮਜ਼ਦੂਰ ਮੁਕਤੀ ਮੋਰਚਾ ਦੇ ਵਰਕਰਾਂ ਨੇ ਇਕੱਠੇ ਹੋ ਕੇ ਏ ਡੀ ਸੀ ਵਿਕਾਸ ਸਾਹਮਣੇ ਜੰਮ ਕੇ ਨਾਅਰੇਬਾਜ਼ੀ ਕੀਤੀ। ਇਕੱਠੇ ਹੋਏ ਵਰਕਰਾਂ ਨੂੰ ਸੰਬੋਧਨ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਪੰਜਾਬ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਨੇ ਕਿਹਾ ਕਿ ਨਰੇਗਾ ਕਾਨੂੰਨ ਲੋਕਾਂ ਦੀ ਜ਼ਿੰਦਗੀ ਨੂੰ ਸੌਖਾ ਕਰਨ ਲਈ ਬਹੁਤ ਵਿਸ਼ਾਲ ਕਾਨੂੰਨ ਹੈ, ਪਰ ਸਮੇਂ ਦੀਆਂ ਸਰਕਾਰਾਂ ਨੇ ਇਸ ਨੂੰ ਅਸਲ ਨਿਸ਼ਾਨੇ ਤੋਂ ਦੂਰ ਕਰ ਦਿੱਤਾ ਹੈ, ਲੋਕਾਂ ਨੂੰ ਪੂਰਾ ਸੌ ਦਿਨ ਕੰਮ ਨਹੀਂ ਮਿਲ ਰਿਹਾ, ਨਾ ਹੀ ਬੇਰੁਜ਼ਗਾਰੀ ਭੱਤਾ ਦਿੱਤਾ ਜਾ ਰਿਹਾ ਹੈ। ਨਰੇਗਾ ਕਾਰਡ 'ਤੇ ਹਾਜ਼ਰੀਆਂ ਨਹੀਂ ਲਾਈਆਂ ਜਾ ਰਹੀਆਂ। ਕੰਮ ਮੰਗਣ 'ਤੇ ਰਸੀਦ ਨਹੀਂ ਦਿੱਤੀ ਜਾ ਰਹੀ, ਜੋ ਕਿ ਸ਼ਰੇਆਮ ਕਾਨੂੰਨ ਦੀ ਉਲੰਘਣਾ ਹੈ।

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਨੈਸ਼ਨਲ ਕਮੇਟੀ ਮੈਂਬਰ ਗੋਰਾ ਸਿੰਘ ਪਿਪਲੀ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਗੁਰਪਾਲ ਨੰਗਲ, ਦਿਹਾਤੀ ਮਜ਼ਦੂਰ ਸਭਾ ਦੇ ਗਰਤੇਜ ਹਰੀਨੌ, ਮਜ਼ਦੂਰ ਮੁਕਤੀ ਮੋਰਚਾ ਦੇ ਸਤਨਾਮ ਪੱਖੀ ਆਦਿ ਨੇ ਕਿਹਾ ਕਿ ਇੰਦਰਾ ਆਵਾਸ ਯੋਜਨਾ ਤਹਿਤ ਬਿਨਾਂ ਪੱਖਪਾਤ ਦੇ ਲੋਕਾਂ ਨੂੰ ਘਰ ਬਣਾ ਕੇ ਦਿੱਤੇ ਜਾਣ, ਬੇਘਰੇ ਮਜ਼ਦੂਰਾਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਦਿੱਤੇ ਜਾਣ, ਪਹਿਲਾਂ ਦਿੱਤੇ ਹੋਏ ਪਲਾਟਾਂ ਦੇ ਕਬਜ਼ੇ ਦਿਵਾਏ ਜਾਣ, ਮਾਈਕਰੋਫਨਾਂਸ ਕੰਪਨੀਆਂ ਸਮੇਤ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮਾਫ ਹੋਵੇ, ਨਰੇਗਾ ਮੇਟਾਂ ਨੂੰ ਰਾਜਨੀਤਕ ਦਬਾਅ ਤੋਂ ਮੁਕਤ ਕੀਤਾ ਜਾਵੇ, ਮਜ਼ਦੂਰਾਂ ਦੀ ਸਹਿਮਤੀ ਨਾਲ ਮੇਟ ਲਾਏ ਜਾਣ, ਪਿੰਡ ਦਾਨ ਸਿੰਘ ਵਾਲਾ ਅਤੇ ਚੰਦ ਭਾਨ ਵਿੱਚ ਮਜ਼ਦੂਰਾਂ 'ਤੇ ਹੋਏ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ, ਮਜ਼ਦੂਰਾਂ ਨੂੰ 200 ਦਿਨ ਕੰਮ ਹਜ਼ਾਰ ਰੁਪਏ ਦਿਹਾੜੀ ਦੇਣ ਦੀ ਮੰਗ ਵੀ ਕੀਤੀ ਇਸ ਸਮੇਂ ਮਜ਼ਦੂਰਾਂ ਨੇ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਬਜਟ ਵਿਚ ਵਾਧਾ ਨਾ ਕਰਕੇ ਮਜ਼ਦੂਰ ਵਿਰੋਧੀ ਹੋਣ ਦਾ ਸਬੂਤ ਦੇ ਦਿੱਤਾ ਹੈ, ਪਰ ਮਜ਼ਦੂਰ ਜਥੇਬੰਦੀਆਂ ਇਸ ਨੂੰ ਬਰਦਾਸ਼ਤ ਨ ਹ ੀਂ

ਬਾਕੀ ਸਫ਼ਾ 2 'ਤੇ

### ਅੱਜ-ਨਾਮਾ

ਪਾਣੀ ਅੰਦਰ ਮਧਾਣੀ ਕੋਈ ਮਾਰਦਾ ਰਹੇ,
ਨਾ ਕੋਈ ਲੱਸੀ ਨਾ ਨਿਕਲਣਾ ਦੁੱਧ ਬੇਲੀ।
ਫਿਰ ਵੀ ਸਹੁੰ ਨਹੀਂ ਖਾਣ ਦਾ ਹਰਜ ਕੋਈ,
ਰਿੜਕਿਆ ਜਾ ਰਿਹਾ ਮਾਲ ਹੈ ਸ਼ੁੱਧ ਬੇਲੀ।
ਇਹੀਓ ਜਿਹੀ ਆ ਭਾਰਤ ਦੀ ਰਾਜਨੀਤੀ,
ਪਤਾ ਨਹੀਂ ਕੌਣ ਆ ਕਿਸੇ ਵਿਰੁੱਧ ਬੇਲੀ।
ਫਿਰ ਵੀ ਹੁੰਦਾ ਅਜਲਾਸ ਜਾਂ ਚੋਣ ਕਰੀਏ,
ਲੱਗਿਆ ਜਾਪਦਾ ਜਿਵੇਂ ਕੋਈ ਯੁੱਧ ਬੇਲੀ।
ਭੀੜਤੰਤਰ ਬੱਸ ਸਮਝ ਲਿਆ ਲੋਕਤੰਤਰ,
ਪਾਉਣੀ ਆਈ ਨਾ ਅਜੇ ਤੱਕ ਵੋਟ ਬੇਲੀ।
ਕਿਹੜੀ ਢਾਣੀ ਨੂੰ ਮੰਨ ਲੈਣ ਲੋਕ ਲੀਡਰ,
ਭਰਿਆ ਮਨਾਂ ਵਿੱਚ ਪਿਆ ਹੈ ਖੋਟ ਬੇਲੀ।

-ਤੀਸ ਮਾਰ ਖਾਂ

## ਦੇਸ਼ ਭਗਤ ਗ਼ਦਰੀ ਮੇਲਾ ਲਲਤੋਂ 'ਚ ਗੂੰਜਿਆ, ਗਦਰ ਪਾਰਟੀ ਦੇ ਮਹਾਨ ਕਾਜ ਨੂੰ ਪੂਰਾ ਕਰਨ ਲਈ ਹੱਕੀ ਲੋਕ ਲਹਿਰ ਤੇਜ਼ ਕਰਨ ਦਾ ਹੋਕਾ

**ਚੌਂਕੀਮਾਨ (ਬਲਬੀਰ ਸਿੰਘ ਮਾਨ)**

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਮੁੱਖ ਸਰਪ੍ਰਸਤੀ ਤੇ ਕਾਮਾਗਾਟਾਮਾਰੂ ਯਾਦਗਾਰ ਕਮੇਟੀ ਜ਼ਿਲ੍ਹਾ ਲੁਧਿਆਣਾ ਦੀ ਸਰਪ੍ਰਸਤੀ ਹੇਠ ਗਦਰੀ ਬਾਬਾ ਗੁਰਮੁਖ ਸਿੰਘ ਲਲਤੋਂ ਯਾਦਗਾਰ ਕਮੇਟੀ ਦੇ ਉੱਦਮ ਅਤੇ ਗ੍ਰਾਮ ਪੰਚਾਇਤ, ਨੌਜਵਾਨ ਕਲੱਬ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਵਿਦੇਸ਼ੋਂ ਪਰਤੇ ਵੀਰਾਂ ਦੇ ਸਹਿਯੋਗ ਸਦਕਾ ਮਹਾਨ ਇਨਕਲਾਬੀ ਦੇਸ਼ ਭਗਤ ਗਦਰੀ ਬਾਬਾ ਗੁਰਮੁਖ ਸਿੰਘ ਲਲਤੋਂ ਦੀ 48ਵੀਂ ਸਲਾਨਾ ਬਰਸੀ ਮੌਕੇ ਲਲਤੋਂ ਖੁਰਦ ਸਕੂਲ ਦੇ ਖੇਡ ਮੈਦਾਨ ਵਿਖੇ ਵਿਸ਼ਾਲ ਦੇਸ਼ ਭਗਤ ਮੇਲਾ ਲਗਾਇਆ ਗਿਆ।

ਪਹਿਲ ਪ੍ਰਿਥਮੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ, ਵਰਕਰਾਂ ਤੇ ਪਿੰਡ ਵਾਸੀਆਂ ਨੇ ਬਾਬਾ ਜੀ ਦੀ ਯਾਦਗਾਰ ਉੱਪਰ ਗਦਰ ਪਾਰਟੀ ਦਾ ਝੰਡਾ ਲਹਿਰਾਉਂਦਿਆਂ ਉਹਨਾ ਦੇ ਸੁੰਦਰ ਬੁੱਤ ਨੂੰ ਹਾਰ ਪਹਿਨਾਉਂਦਿਆਂ ਗਦਰ ਪਾਰਟੀ ਦੇ ਸ਼ਹੀਦਾਂ ਤੇ ਯੋਧਿਆਂ ਨਮਿਤ ਆਕਾਸ਼ ਗੂੰਜਾਊ ਨਾਅਰੇ ਬੁਲੰਦ ਕੀਤੇ। ਸਮਾਗਮ ਦੀ ਸ਼ੁਰੂਆਤ ਮੌਕੇ ਸਮੂਹ ਹਾਜ਼ਰੀਨ ਨੇ ਖੜੇ ਹੋ ਕੇ ਤੇ ਮੌਨ ਧਾਰ ਕੇ ਗਦਰੀ ਬਾਬਾ ਗੁਰਮੁਖ ਸਿੰਘ ਲਲਤੋਂ ਨੂੰ ਨਿੱਘੀ ਤੇ ਭਾਵਭਿੰਨੀ ਸ਼ਰਧਾਂਜਲੀ ਅਰਪਿਤ ਕੀਤੀ। ਵੱਖ-ਵੱਖ ਸਕੂਲਾਂ ਦੇ ਬੱਚਿਆਂ ਦੇ ਸੈਸ਼ਨ ਦੌਰਾਨ ਸ. ਸ. ਸ. ਸਕੂਲ ਲਲਤੋਂ ਕਲਾਂ , ਗਦਰੀ ਬਾਬਾ ਗੁਰਮੁਖ ਸਿੰਘ ਸ. ਮਿ. ਸਕੂਲ ਲਲਤੋਂ ਖੁਰਦ ਤੇ ਸ.ਪ੍ਰਾ. ਸਕੂਲ ਲਲਤੋਂ ਖੁਰਦ ਦੇ ਦਰਜਨ ਤੋਂ ਉੱਪਰ ਬੱਚਿਆਂ ਨੇ ਸਮਾਜਿਕ, ਧਾਰਮਿਕ, ਦੇਸ਼ ਭਗਤੀ ਦੇ ਰੰਗ ਵਾਲੇ ਮਿਆਰੀ ਗੀਤ/ ਕਵਿਤਾਵਾਂ ਪੇਸ਼ ਕਰਕੇ ਨਵਾਂ ਰੰਗ ਬੰਨ੍ਹਿਆ। ਲੈਕਚਰਾਰ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਸ ਸ ਸ ਸਕੂਲਾਂ ਲਲਤੋਂ ਕਲਾਂ ਦੀਆਂ ਵਿਦਿਆਰਥਣਾਂ ਨੇ ਗਦਰ ਪਾਰਟੀ ਦੇ ਮਿਸ਼ਨ 'ਤੇ ਅਧਾਰਤ ਕੋਰੀਓਗ੍ਰਾਫੀ 'ਦੇਸ਼ ਨੂੰ ਚੱਲੋ' ਪੇਸ਼ ਕਰਕੇ ਸਰੋਤਿਆਂ ਨੂੰ ਹਲੂਣ ਕੇ ਰੱਖ ਦਿੱਤਾ ।ਲੋਕ ਗਾਇਕ ਰਾਮ ਸਿੰਘ ਹਠੂਰ ਨੇ ਕਿਸਾਨਾਂ, ਮਜ਼ਦੂਰਾਂ ਸਮੇਤ ਸਮੁੱਚੇ ਕਿਰਤੀ ਲੋਕਾਂ ਦੀ ਜ਼ਿੰਦਗੀ ਦੇ ਦੁੱਖਾਂ ਦੇ ਜ਼ਿੰਮੇਵਾਰ ਲੁੱਟ ਤੇ ਜਬਰ 'ਤੇ ਅਧਾਰਤ ਮੌਜੂਦਾ ਰਾਜ ਪ੍ਰਬੰਧ ਬਾਰੇ, ਇਸ ਨੂੰ ਬਦਲਣ ਦੀ ਲੋੜ ਨੂੰ ਉਭਾਰਦੇ ਉੱਤਮ ਗੀਤਾਂ ਤੇ ਬੋਲੀਆਂ ਦੀ ਛਹਿਬਰ ਲਾਈ। ਬਾਲ ਲੇਖ ਕਰਮਜੀਤ ਸਿੰਘ ਗਰੇਵਾਲ ਨੇ ਗੀਤਾਂ ਰਾਹੀਂ ਬਾਲਾਂ ਨੂੰ ਝੂਮਣ ਲਾਇਆ।



ਵੱਖ-ਵੱਖ ਬੁਲਾਰਿਆਂ ਪ੍ਰਿਥੀਪਾਲ ਸਿੰਘ ਮਾੜੀਮੇਘਾ ਤੇ ਰਣਜੀਤ ਸਿੰਘ ਔਲਖ (ਦੋਵੇਂ ਨੁਮਾਇੰਦੇ ਜਲੰਧਰ ਕਮੇਟੀ), ਕੁਲਦੀਪ ਸਿੰਘ ਐਡਵੋਕੇਟ ਤੇ ਉਜਾਗਰ ਸਿੰਘ ਬੱਦੋਵਾਲ (ਦੋਵੇਂ ਕਾਮਾਗਾਟਾਮਾਰੂ ਯਾਦਗਾਰ ਕਮੇਟੀ ਜ਼ਿਲ੍ਹਾ ਲੁਧਿਆਣਾ), ਮਾਸਟਰ ਜਸਦੇਵ ਸਿੰਘ ਲਲਤੋਂ (ਸਕੱਤਰ ਗਦਰੀ ਬਾਬਾ ਗੁਰਮੁਖ ਸਿੰਘ ਲਲਤੋਂ ਯਾਦਗਾਰ ਕਮੇਟੀ), ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਤੇ ਰਣਜੀਤ ਸਿੰਘ ਗੁੜੇ (ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਜ਼ਿਲ੍ਹਾ ਲੁਧਿਆਣਾ), ਹਰਦੇਵ ਸਿੰਘ ਮੁੱਲਾਂਪੁਰ ਆਦਿ ਨੇ ਗਦਰ ਪਾਰਟੀ ਦੇ ਮਿਸ਼ਨ ਬਾਰੇ, ਕੀਤੀਆਂ ਬੇਮਿਸਾਲ ਕੁਰਬਾਨੀਆਂ ਤੇ ਤਿਆਗ ਬਾਰੇ, ਗਦਰੀ ਬਾਬਾ ਗੁਰਮੁਖ ਸਿੰਘ ਲਲਤੋਂ ਦੇ ਮਹਾਨ ਜੀਵਨ ਅਤੇ ਘਾਲਣਾਵਾਂ ਬਾਰੇ, ਅੰਗਰੇਜ਼ ਸਾਮਰਾਜਵਾਦ ਤੇ ਇਸ ਦੀਆਂ ਦਲਾਲ ਜਮਾਤਾਂ ਬਾਰੇ, ਪੰਜਾਬ ਸਮੇਤ ਦੇਸ਼ ਅੰਦਰ ਕਿਸਾਨਾਂ, ਮਜ਼ਦੂਰਾਂ 'ਤੇ ਹੋ ਰਹੇ ਜਬਰ, ਜ਼ੁਲਮ ਅਤੇ ਸਮੁੱਚੇ ਕਿਰਤੀ ਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਬਾਰੇ, ਫਿਰਕੂ ਫਾਸ਼ੀ ਤੇ ਤਾਨਾਸ਼ਾਹ ਹਾਕਮ ਜਮਾਤਾਂ ਬਾਰੇ, ਚੱਲ ਰਹੀਆਂ ਹੱਕੀ ਲਹਿਰਾਂ ਬਾਰੇ, ਇਹਨਾਂ ਨੂੰ ਹੋਰ ਤੇਜ਼ ਤੇ ਵਿਸ਼ਾਲ ਕਰਕੇ ਗਦਰ ਪਾਰਟੀ ਦੇ ਅਧੂਰੇ ਕਾਜ ਨੂੰ ਪੂਰਾ ਕਰਨ ਬਾਰੇ ਭਰਵਾਂ ਤੇ ਡੂੰਘਾ ਚਾਨਣਾ ਪਾਇਆ। ਨਿਰਦੇਸ਼ਕ ਹਰਕੇਸ਼ ਚੌਧਰੀ ਦੀ ਅਗਵਾਈ ਹੇਠ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਨਾਟਕ ਟੀਮ ਨੇ ਪੰਜਾਬ ਅਤੇ ਦੇਸ਼ ਦੀ ਨੌਜਵਾਨੀ ਨੂੰ ਰੋੜ੍ਹ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਬਾਰੇ, ਇਸ ਦੀ ਜੜ੍ਹ ਲੋਕ ਮਾਰੂ ਰਾਜ ਪ੍ਰਬੰਧ ਬਾਰੇ, ਪ੍ਰਵਾਸ ਰਾਹੀਂ ਹੋ ਰਹੇ ਉਜਾੜੇ ਬਾਰੇ ਤੇ ਇਸ ਦੇ ਅਸਲੀ ਹੱਲ ਲੋਕ ਲਹਿਰ ਦੀ ਉਸਾਰੀ ਬਾਰੇ ਚਾਨਣਾ ਪਾਉਂਦਾ ਨਾਟਕ 'ਪਰਿੰਦੇ ਭਟਕ ਗਏ' ਪੇਸ਼ ਕਰਕੇ ਸਮੁੱਚੇ ਹਾਜ਼ਰੀਨ ਅੰਦਰ ਨਵੀਂ ਚੇਤਨਾ ਤੇ ਨਵੇਂ ਜੋਸ਼ ਦਾ ਸੰਚਾਰ ਲਾਗੂ ਕਰ ਦਿੱਤਾ।

ਸਮਾਗਮ ਦੇ ਸਿਖਰ 'ਤੇ ਲਲਤੋਂ ਖੁਰਦ ਤੇ ਲਲਤੋਂ ਕਲਾਂ ਦੇ 21 ਨੰਬਰ ਰਸਾਲੇ ਵਾਲੇ ਤੇ ਆਜ਼ਾਦ ਹਿੰਦ ਫੌਜ ਵਾਲੇ ਦੇਸ਼ ਭਗਤਾਂ ਦੇ ਪਰਵਾਰ ਜਨਾਂ ਨੂੰ ਜੁਝਾਰੂ ਕਿਸਾਨ ਲਹਿਰ ਦੇ ਚਿੰਨ੍ਹ ਹਰੇ ਸਿਰੋਪਾਓ ਅਤੇ ਇਨਕਲਾਬੀ ਪੁਸਤਕਾਂ ਦੇ

ਬਾਕੀ ਸਫ਼ਾ 2 'ਤੇ

8-Feb-PAGE-3.qxd 2/7/2025 11:09 PM Page 1



# ਦਿੱਲੀ 'ਵਰਸਿਟੀ ਦੇ ਵਿਦਿਆਰਥੀ ਕਾਰਕੁੰਨਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ : ਜਮਹੂਰੀ ਫਰੰਟ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਸੂਬਾਈ ਆਗੂਆਂ ਡਾ. ਪਰਮਿੰਦਰ, ਪ੍ਰੋਫੈਸਰ ਏ. ਕੇ. ਮਲੇਰੀ ਅਤੇ ਬੂਟਾ ਸਿੰਘ ਮਹਿਮੂਦਪੁਰ ਨੇ ਦਿੱਲੀ ਪੁਲਸ ਵੱਲੋਂ ਦਿੱਲੀ ਯੂਨੀਵਰਸਿਟੀ ਦੇ ਚਾਰ 'ਸ਼ਹੀਦ ਭਗਤ ਸਿੰਘ ਛਾਤਰ ਏਕਤਾ ਮੰਚ' ਨਾਲ ਸੰਬੰਧਤ ਚਾਰ ਵਿਦਿਆਰਥੀ ਕਾਰਕੁੰਨਾਂ–ਗੌਰਵ, ਗੌਰੰਗ, ਕਿਰਨ ਅਤੇ ਰਾਹੁਲ ਨੂੰ ਬਸਤਰ ਵਿਚ ਕੀਤੇ ਜਾ ਰਹੇ ਕਤਲੇਆਮ ਵਿਰੁੱਧ ਦੀਵਾਰ ਚਿੱਤਰ ਬਣਾਉਣ ਸਮੇਂ ਗ੍ਰਿਫਤਾਰ ਕਰਨ, ਵਸੰਤ ਕੁੰਜ ਥਾਣੇ ਵਿਚ ਗ਼ੈਰ-ਕਾਨੂੰਨੀ ਹਿਰਾਸਤ ਵਿਚ ਰੱਖਣ ਅਤੇ ਹਿਰਾਸਤ ਵਿਚ ਐੱਨਆਈਏ ਤੇ ਹੋਰ ਖ਼ੁਫੀਆ ਏਜੰਸੀਆਂ ਵੱਲੋਂ ਉੱਪਰ ਤਸ਼ੱਦਦ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਛੱਤੀਸਗੜ੍ਹ ਦੇ ਜ਼ਿਲ੍ਹੇ ਬਸਤਰ ਵਿਚ ਸੁਰੱਖਿਆ ਬਲਾਂ ਵੱਲੋਂ ਓਪਰੇਸ਼ਨ ਕਗਾਰ ਤਹਿਤ ਇਨਕਲਾਬੀ ਕਾਰਕੁੰਨਾਂ ਅਤੇ ਆਦਿਵਾਸੀਆਂ ਦਾ ਮੁਕਾਬਲਿਆਂ ਵਿਚ ਬੇਰਹਿਮੀ ਨਾਲ ਕਤਲੇਆਮ ਕੀਤਾ ਜਾ ਰਿਹਾ ਹੈ। ਆਦਿਵਾਸੀ ਲੋਕ ਕਾਰਪੋਰੇਟ ਪ੍ਰੋਜੈਕਟਾਂ ਅਤੇ ਇਨ੍ਹਾਂ ਦੀ ਰਾਖੀ ਲਈ ਬਣਾਏ ਜਾ ਰਹੇ ਸੁਰੱਖਿਆ ਬਲਾਂ ਦੇ ਕੈਂਪਾਂ ਦਾ ਸਖ਼ਤ ਵਿਰੋਧ ਕਰ ਰਹੇ ਹਨ, ਜਿਸ ਤੋਂ ਬੁਖਲਾਈਆਂ ਕੇਂਦਰ ਤੇ ਰਾਜ ਸਰਕਾਰਾਂ ਪੂਰੀ ਤਰ੍ਹਾਂ ਵਾਜਬ ਵਿਰੋਧ ਦਾ ਘਾਣ ਕਰ ਰਹੀਆਂ ਹਨ। ਵਿਨਾਸ਼ ਅਤੇ ਉਜਾੜੇ ਦੇ ਚਿੰਨ੍ਹ ਵਿਕਾਸ ਮਾਡਲ ਦਾ ਵਿਰੋਧ ਕਰਨਾ ਹਰ ਨਾਗਰਿਕ ਦਾ ਜਮਹੂਰੀ ਹੱਕ ਹੈ ਅਤੇ ਆਪਣੇ ਇਸ ਹੱਕ ਦਾ ਇਸਤੇਮਾਲ ਕਰ ਰਹੇ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰਨਾ ਜਿੱਥੇ ਜਮਹੂਰੀ ਹੱਕਾਂ ਦਾ ਘਾਣ ਹੈ ਉੱਥੇ ਇਹ ਆਦਿਵਾਸੀਆਂ ਤੇ ਇਨਕਲਾਬੀਆਂ ਦੇ ਕਤਲੇਆਮ ਉੱਪਰ ਪਰਦਾ ਪਾਉਣ ਲਈ ਜਮਹੂਰੀ ਆਵਾਜ਼ਾਂ ਦੀ ਜ਼ੁਬਾਨਬੰਦੀ ਦੇ ਤਾਨਾਸ਼ਾਹ ਹਕੂਮਤੀ ਮਨਸੂਬਿਆਂ ਨੂੰ ਵੀ ਦਰਸਾਉਂਦਾ ਹੈ। ਜਮਹੂਰੀ ਆਗੂਆਂ ਨੇ ਮੰਗ ਕੀਤੀ ਕਿ ਗ੍ਰਿਫਤਾਰ ਕੀਤੇ ਵਿਦਿਆਰਥੀ ਕਾਰਕੁੰਨਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ, ਜਨਤਕ ਜਮਹੂਰੀ ਕਾਰਕੁਨਾਂ ਤੇ ਹੋਰ ਲੋਕ ਹਿਤੈਸ਼ੀ ਤਾਕਤਾਂ ਵਿਰੁੱਧ ਐੱਨਆਈਏ ਅਤੇ ਹੋਰ ਜਾਬਰ ਏਜੰਸੀਆਂ ਦਾ ਹਮਲਾ ਬੰਦ ਕੀਤਾ ਜਾਵੇ, ਆਦਿਵਾਸੀ ਇਲਾਕਿਆਂ ਵਿਚ ਨਕਸਲੀਆਂ ਅਤੇ ਆਦਿਵਾਸੀਆਂ ਦਾ ਕਤਲੇਆਮ ਬੰਦ ਕੀਤਾ ਜਾਵੇ, ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ।




# ਜੀਟੀਯੂ ਵੱਲੋਂ ਅਧਿਆਪਕਾਂ ਦੀਆਂ ਅੰਤਰ ਬਲਾਕ ਡਿਊਟੀਆਂ ਲਗਾਉਣ ਦਾ ਵਿਰੋਧ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਆਗੂਆਂ ਨੇ ਪੰਜਵੀਂ ਜਮਾਤ ਦੀ ਪ੍ਰੀਖਿਆ ਲੈਣ ਲਈ ਅਧਿਆਪਕਾਂ ਦੀਆਂ ਅੰਤਰ ਬਲਾਕ ਡਿਊਟੀਆਂ ਲਗਾਉਣ ਤੇ ਸਖਤ ਰੋਸ ਪ੍ਰਗਟ ਕੀਤਾ ਹੈ। ਇਸ ਸਬੰਧੀ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਪੁਰੋਵਾਲ ਅਤੇ ਜਨਰਲ ਸਕੱਤਰ ਦਿਲਦਾਰ ਭੰਡਾਲ ਵੱਲੋਂ ਜਾਰੀ ਪ੍ਰੈੱਸ ਨੋਟ ਰਾਹੀਂ ਕਿਹਾ ਹੈ ਕਿ ਅਜਿਹਾ ਕਰਨਾ ਪ੍ਰਾਇਮਰੀ ਅਧਿਆਪਕਾਂ ਦੇ ਅਕਸ ਨੂੰ ਢਾਅ ਲਾਉਣ ਦੇ ਬਰਾਬਰ ਹੈ ਜਦਕਿ ਅਧਿਆਪਕ ਪਹਿਲਾਂ ਹੀ ਬੇਹਤਰ ਢੰਗ ਨਾਲ ਪ੍ਰੀਖਿਆ ਲੈਂਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਹੁਕਮ ਕੇਵਲ ਸਰਕਾਰੀ ਸਕੂਲਾਂ ਲਈ ਹਨ, ਜਦਕਿ ਨਿੱਜੀ ਸਕੂਲਾਂ ਦੇ ਅਧਿਆਪਕ ਆਪਣੇ ਸਕੂਲਾਂ ਦੇ ਵਿਦਿਆਰਥੀਆਂ ਦੀ ਪ੍ਰੀਖਿਆ ਆਪ ਹੀ ਲੈਣਗੇ। ਅਧਿਆਪਕ ਆਗੂਆਂ ਨੇ ਕਿਹਾ ਕਿ ਅੰਤਰ ਬਲਾਕ ਡਿਊਟੀਆਂ ਲਗਾਉਣ ਨਾਲ ਕੇਵਲ ਪ੍ਰਾਇਮਰੀ ਅਧਿਆਪਕਾਂ ਦੀ ਖੱਜਲ ਖ਼ੁਆਰੀ ਹੋਵੇਗੀ, ਇਸ ਤੋਂ ਇਲਾਵਾ ਇਸਦਾ ਕੋਈ ਲਾਭ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰੀਖਿਆਵਾਂ ਲਈ ਨਾ ਤਾਂ ਅਧਿਆਪਕਾਂ ਨੂੰ ਕੋਈ ਮਾਣ ਭੱਤਾ ਜਾਂ ਸਫਰੀ ਭੱਤਾ ਮਿਲਦਾ ਹੈ ਅਤੇ ਨਾ ਹੀ ਇਹ ਗੱਲ ਤਰਕ ਸੰਗਤ ਹੈ। ਇਸ ਲਈ ਜੀਟੀਯੂ ਆਗੂਆਂ ਨੇ ਇਸ ਤਜਵੀਜ਼ ਨੂੰ ਮੁੱਢੋਂ ਹੀ ਰੱਦ ਕਰਕੇ ਪਹਿਲਾਂ ਦੀ ਤਰ੍ਹਾਂ ਹੀ ਪ੍ਰੀਖਿਆ ਕਰਵਾਉਣ ਦੀ ਮੰਗ ਕੀਤੀ ਹੈ। ਇਸ ਮੌਕੇ ਦਿਲਦਾਰ ਭੰਡਾਲ, ਅਨਿਲ ਕੁਮਾਰ ਲਹੌਰੀਆ, ਗੁਰਪ੍ਰੀਤ ਰੰਗੀਲਪੁਰ, ਨਰਿੰਦਰ ਸ਼ਰਮਾ, ਸੁਖਵਿੰਦਰ ਰੰਧਾਵਾ, ਗੁਰਮੀਤ ਬਾਜਵਾ, ਕਪਿਲ ਸ਼ਰਮਾ, ਸੁਖਵਿੰਦਰ ਸਿੰਘ, ਨੂਤਨ, ਪਰਸ਼ੋਤਮ ਦੀਨਾਨਗਰ, ਬਲਵਿੰਦਰ ਕੁਮਾਰ ਦੀਨਾਨਗਰ, ਅਮਰਬੀਰ ਡੇਰਾ ਬਾਬਾ ਨਾਨਕ ਆਦਿ ਅਧਿਆਪਕ ਆਗੂ ਵੀ ਉਹਨਾਂ ਦੇ ਨਾਲ ਸਨ।

# ਕਾਮਰੇਡ ਵਿਰਸਾ ਸਿੰਘ ਦੇ ਵਿਛੋੜੇ 'ਤੇ ਦੁੱਖ ਪ੍ਰਗਟ



**ਭਿੱਖੀਵਿੰਡ (ਨ ਜ਼ ਸ)**–ਸੀ. ਪੀ. ਆਈ. ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ, ਬਲਾਕ ਸਕੱਤਰ ਨਰਿੰਦਰ ਸਿੰਘ ਅਲਗੋਂ, ਪੰਜਾਬ ਇਸਤਰੀ ਸਭਾ ਦੀ ਆਗੂ ਸਰੋਜ ਮਲਹੋਤਰਾ, ਕਿਸਾਨ ਸਭਾ ਦੇ ਆਗੂ ਜਸਵੰਤ ਸਿੰਘ ਸੁਰਵਿੰਡ, ਨਰੇਗਾ ਯੂਨੀਅਨ ਦੇ ਆਗੂ ਟਹਿਲ ਸਿੰਘ ਲੱਧੂ ਤੇ ਨਿਸ਼ਾਨ ਸਿੰਘ ਸੁਰਵਿੰਡ ਨੇ ਕਾਮਰੇਡ ਵਿਰਸਾ ਸਿੰਘ ਭਲਵਾਨ ਸਾਂਡਪੁਰਾ ਦੀ ਹੋਈ ਅਚਾਨਕ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਭਲਵਾਨ ਸਾਂਡਪੁਰਾ ਦੇ ਸੰਘਰਸ਼ੀ ਪਰਿਵਾਰ ਦੀ ਕਮਿਊਨਿਸਟ ਪਾਰਟੀ ਨੂੰ ਬਹੁਤ ਦੇਣ ਹੈ ਜੋ ਕਦੀ ਵੀ ਵਿਸਾਰੀ ਨਹੀਂ ਜਾ ਸਕਦੀ। ਵਿਰਸਾ ਸਿੰਘ ਇਸ ਵੇਲੇ ਕਿਸਾਨ ਸਭਾ ਵਿੱਚ ਕੰਮ ਕਰਦੇ ਸਨ। ਆਗੂਆਂ ਨੇ ਵਿਰਸਾ ਸਿੰਘ ਦੇ ਪਰਿਵਾਰ ਨਾਲ ਵੀ ਦੁੱਖ ਪ੍ਰਗਟ ਕੀਤਾ।

# ਤਾਰੂਵਾਲ ਦੇ ਕਈ ਲੋਕਾਂ ਨੇ ਕਾਂਗਰਸ ਛੱਡ ਆਪ ਦਾ ਪੱਲਾ ਫੜਿਆ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**–ਵਿਧਾਨ ਸਭਾ ਹਲਕਾ ਦੀਨਾਨਗਰ ਅੰਦਰ ਕਾਂਗਰਸ ਪਾਰਟੀ ਨੂੰ ਉਸ ਵੇਲੇ ਝਟਕਾ ਲੱਗਾ ਜਦੋਂ ਪਿੰਡ ਤਾਰੂਵਾਲ ਦੇ ਦੋ ਮੈਂਬਰ ਪੰਚਾਇਤ ਅਤੇ ਕਈ ਹੋਰ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਆਖਦਿਆਂ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ। ਜਿਨ੍ਹਾਂ ਦਾ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਪਾਰਟੀ ਵਿੱਚ ਸ਼ਾਮਲ ਹੋਣ ਤੇ ਸਵਾਗਤ ਕੀਤਾ। ਇਸ ਮੌਕੇ ਤੇ ਆਪ ਦੇ ਬਲਾਕ ਪ੍ਰਧਾਨ ਨੰਬਰਦਾਰ ਕਰਨੈਲ ਸਿੰਘ ਬਾਜਵਾ, ਆਪ ਆਗੂ ਲਖਬੀਰ ਸਿੰਘ ਲੱਖਾ ਅਤੇ ਲਾਡੀ ਤਾਰੂਵਾਲ ਵੀ ਉਹਨਾਂ ਦੇ ਨਾਲ ਸਨ। ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਮੈਂਬਰ ਪੰਚਾਇਤ ਮੱਘਰ ਚੰਦ ਅਤੇ ਮਨੋਹਰ ਲਾਲ ਦੇ ਇਲਾਵਾ ਪਿੰਡ ਵਾਸੀ ਗੁਰਦਿਆਲ ਚੰਦ, ਦੇਸ ਰਾਜ, ਅਮਰਜੀਤ ਸੈਮੀ, ਛਿੰਬਾ, ਪ੍ਰੇਮ ਚੰਦ, ਦੀਪਕ ਸੈਮੀ, ਤਾਰਾ ਚੰਦ, ਵਿਜੇ ਕੁਮਾਰ, ਕਰਲੇਸ਼ ਕੁਮਾਰੀ, ਸੁਦੇਸ਼ ਕੁਮਾਰੀ, ਆਸ਼ਾ ਰਾਣੀ, ਜੋਤੀ ਬਾਲਾ, ਬਚਨੀ ਦੇਵੀ ਅਤੇ ਭੋਲੀ ਦੇਵੀ ਦੇ ਨਾਂ ਸ਼ਾਮਲ ਹਨ। ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਜੀ ਆਇਆਂ ਆਖਦਿਆਂ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਸੱਤ ਦਹਾਕਿਆਂ ਤੱਕ ਰਵਾਇਤੀ ਪਾਰਟੀਆਂ ਵੱਲੋਂ ਲੁੱਟੇ ਅਤੇ ਕੁੱਟੇ ਗਏ ਲੋਕਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਆਮ ਆਦਮੀ ਪਾਰਟੀ ਲੋਕਾਂ ਦੀ ਆਪਣੀ ਪਾਰਟੀ ਹੈ, ਜਿਸ ਨੇ ਜ਼ਮੀਨੀ ਪੱਧਰ 'ਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਿਆ ਹੈ ਅਤੇ ਹੱਲ ਕੀਤਾ ਹੈ। ਇਸ ਲਈ ਲੋਕ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਧੜਾਧੜ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ।

# ਨਰਿਪਜੀਤ ਸਿੰਘ ਰੰਧਾਵਾ ਨੇ ਐੱਸ ਡੀ ਓ ਵਜੋਂ ਅਹੁਦਾ ਸੰਭਾਲਿਆ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**–ਪਾਵਰਕਾਮ ਡਵੀਜ਼ਨ ਧਾਰੀਵਾਲ ਅਧੀਨ ਆਉਂਦੀ ਸਬ ਡਵੀਜ਼ਨ ਡੇਹਰੀਵਾਲ ਦਰੋਗਾ ਵਿਖੇ ਜੇਈ ਤੋਂ ਪਦ ਉਨਤ ਹੋਏ ਨਰਿਪਜੀਤ ਸਿੰਘ ਰੰਧਾਵਾ ਨੇ ਬਤੌਰ ਐੱਸਡੀਓ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਪਹੁੰਚੇ ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੇ ਨਰਿਪਜੀਤ ਸਿੰਘ ਰੰਧਾਵਾ ਨੂੰ ਐੱਸਡੀਓ ਬਣਨ ਤੇ ਵਧਾਈ ਦਿੱਤੀ ਅਤੇ ਸਨਮਾਨਿਤ ਕੀਤਾ ਗਿਆ। ਸ਼੍ਰੀ ਰੰਧਾਵਾ ਸਬ ਡਵੀਜਨ ਡੇਹਰੀਵਾਲ ਦਰੋਗਾ ਵਿੱਚ ਬਤੌਰ ਜੇਈ ਸੇਵਾਵਾਂ ਨਿਭਾ ਰਹੇ ਸਨ। ਇਸ ਮੌਕੇ ਐੱਸਡੀਓ ਰੰਧਾਵਾ ਕਿਹਾ ਕਿ ਬਿਜਲੀ ਖਪਤਕਾਰਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਦਫਤਰ ਆਉਣ ਵਾਲੇ ਹਰ ਵਿਅਕਤੀ ਦਾ ਪੂਰਾ ਮਾਣ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਜਸਵਿੰਦਰ ਸਿੰਘ ਐਕਸੀਅਨ ਇਨਫੋਰਸਮੈਂਟ, ਸੰਤੋਖ ਸਿੰਘ ਰੰਧਾਵਾ, ਸੇਵਾ ਮੁਕਤ ਐੱਸਡੀਓ ਅਜੀਤ ਸਿੰਘ, ਸੁਖਜਿੰਦਰ ਸਿੰਘ ਰੰਧਾਵਾ, ਐੱਸਡੀਓ ਸ਼ਿਵਦੇਵ ਸਿੰਘ ਚੌਧਰਪੁਰ, ਐੱਸਡੀਓ ਗੁਰਮੀਤ ਸਿੰਘ, ਜਗਦੀਸ਼ ਸਿੰਘ ਬਾਜਵਾ ਐੱਸਡੀਓ, ਐੱਸਡੀਓ ਰਣਧੀਰ ਸਿੰਘ ਹਾਂਡਾ, ਐੱਸਡੀਓ ਇੰਦਰਜੀਤ ਸਿੰਘ, ਵਿਮਲ ਕੁਮਾਰ ਜਨਰਲ ਸਕੱਤਰ, ਕਰਮਚਾਰੀ ਦਲ ਦੇ ਸੂਬਾ ਪ੍ਰਧਾਨ ਰਵੇਲ ਸਿੰਘ ਸਹਾਏਪੁਰ, ਸੁਖਵਿੰਦਰ ਸਿੰਘ ਗਿੱਲ, ਜਸਵਿੰਦਰ ਸਿੰਘ ਗਿੱਲ, ਮੁਖਵਿੰਦਰ ਸਿੰਘ ਖਾਲਸਾ, ਪਰਮਜੀਤ ਸਿੰਘ, ਭੁਪਿੰਦਰ ਸਿੰਘ ਭਿੰਦਾ, ਜੇਈ ਗੁਰਵਿੰਦਰ ਸਿੰਘ ਖਹਿਰਾ, ਜੇਈ ਬਲਵਿੰਦਰ ਸਿੰਘ, ਜੇਈ ਰਸ਼ਪਾਲ ਸਿੰਘ, ਸੌਰਵ, ਅਮਰਿੰਦਰ ਸਿੰਘ, ਅੰਗਰੇਜ਼ ਸਿੰਘ, ਹਾਕੀ ਕੋਚ ਹਰਪਾਲ ਸਿੰਘ ਪਸਨਾਵਾਲ, ਅਜੇਪਾਲ ਸਿੰਘ ਰੰਧਾਵਾ ਆਦਿ ਹਾਜ਼ਰ ਸਨ।



# ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਇਕੱਤਰਤਾ 10 ਨੂੰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**–ਸਿੱਖਾਂ ਦੀ ਸਰਵਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਅੰਮ੍ਰਿਤਸਰ ਵਿਖੇ 10 ਫਰਵਰੀ 2025 ਨੂੰ ਸਵੇਰੇ 11 ਵਜੇ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਇਹ ਇਕੱਤਰਤਾ ਹੋਵੇਗੀ। ਇਸ ਇਕੱਤਰਤਾ ਵਿੱਚ ਵੱਖ-ਵੱਖ ਗੁਰਦੁਆਰਾ ਸਾਹਿਬਾਨ, ਟ੍ਰਸਟ ਵਿਭਾਗ ਅਤੇ ਸ਼੍ਰੋਮਣੀ ਕਮੇਟੀ ਨਾਲ ਸੰਬੰਧਿਤ ਜ਼ਰੂਰੀ ਮਸਲੇ ਵਿਚਾਰੇ ਜਾਣ ਦੇ ਨਾਲ ਹੋਰ ਵੀ ਰੁਟੀਨ ਕੰਮ ਕਰਨ ਦੇ ਨਾਲ ਨਾਲ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਮਸਲਾ ਵੀ ਵਿਚਾਰਿਆ ਜਾ ਸਕਦਾ ਹੈ। ਸ੍ਰੀ ਅਕਾਲ ਤਖਤ ਦੇ ਆਦੇਸ਼ਾਂ ਦੀ ਉਲੰਘਣਾ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਪੁਰਾਣੇ ਕੇਸ ਵਿੱਚ ਕੀਤੀ ਜਾ ਰਹੀ ਜਾਂਚ ਤੇ ਵੀ ਚਰਚਾ ਹੋ ਸਕਦੀ ਹੈ। ਗਿਆਨੀ ਹਰਪ੍ਰੀਤ ਸਿੰਘ ਦਾ ਮਾਮਲੇ ਨੂੰ ਲੈ ਕੇ ਵਿਰੋਧੀ ਧਿਰ ਦੇ ਮੈਂਬਰ ਜਸਵੰਤ ਸਿੰਘ ਪੁੜੈਣ ਤੇ ਪਰਮਜੀਤ ਸਿੰਘ ਰਾਏਪੁਰ ਡੱਟ ਕੇ ਵਿਰੋਧ ਕਰਨਗੇ। ਜਸਵੰਤ ਸਿੰਘ ਪੁੜੈਣ ਨੇ ਕਿਹਾ ਕਿ ਉਹ ਇਕੱਤਰਤਾ ਵਿੱਚ ਪੰਥਕ ਮੁੱਦੇ ਜੰਗੀ ਪੱਧਰ 'ਤੇ ਉਠਾਉਣਗੇ।

# ਮਿੰਨੀ ਬੱਸਾਂ ਨਵੇਂ ਬੱਸ ਅੱਡੇ ਤੱਕ ਨਾ ਜਾਣ 'ਤੇ ਸਵਾਰੀਆਂ ਪ੍ਰੇਸ਼ਾਨ




**ਗੁਰਦਾਸਪੁਰ, (ਜਨਕ ਮਹਾਜਨ)**

ਗੁਰਦਾਸਪੁਰ ਸ਼ਹਿਰ ਤੋਂ ਕਸਬਾ ਬਹਿਰਾਮਪੁਰ ਆਦਿ ਨੂੰ ਜਾਣ ਵਾਲੀਆਂ ਮਿੰਨੀ ਬੱਸਾਂ ਨਵੇਂ ਬੱਸ ਅੱਡੇ 'ਤੇ ਨਾ ਜਾਣ ਕਾਰਨ ਸਵਾਰੀਆਂ ਦਾ ਇਨ੍ਹਾਂ ਬੱਸ ਅਪ੍ਰੇਟਰਾਂ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਕੁਝ ਸਵਾਰੀਆਂ ਨੇ ਦੱਸਿਆ ਕਿ ਬਹਿਰਾਮਪੁਰ ਰੋਡ ਦੀਆਂ ਬੱਸਾਂ ਸਵਾਰੀਆਂ ਨੂੰ ਬੱਸ ਅੱਡੇ ਤੱਕ ਜਾਣ ਦੀ ਬਜਾਏ ਮੱਛੀ ਮਾਰਕੀਟ ਵਿਚ ਬਣੇ ਚੌਕ ਵਿਚ ਹੀ ਉਤਾਰ ਦਿੰਦੀਆਂ ਹਨ ਜਿਸ ਤੋਂ ਸਵਾਰੀਆਂ ਨੂੰ ਆਪ ਸਵਾਰੀ ਦਾ ਪ੍ਰਬੰਧ ਕਰਕੇ ਬੱਸ ਅੱਡੇ ਤੱਕ ਜਾਣਾ ਪੈਂਦਾ ਹੈ। ਉਨ੍ਹਾਂ ਕਿਹਾ ਇਸੇ ਤਰ੍ਹਾਂ ਜਦੋਂ ਬੱਸ ਅੱਡੇ ਤੋਂ ਬਹਿਰਾਮਪੁਰ ਰੋਡ ਦੀ ਬੱਸ ਲੈਣ ਲਈ ਵੀ ਸਵਾਰੀ ਦਾ ਪ੍ਰਬੰਧ ਕਰਨਾ ਪੈਂਦਾ ਹੈ ਜਿਸ ਕਾਰਨ ਜਿੱਥੇ ਖੱਜਲ ਖ਼ੁਆਰ ਜ਼ਿਆਦਾ ਹੁੰਦੀ ਹੈ ਉਥੇ ਹੀ ਵਾਧੂ ਖਰਚ ਵੀ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਇਹ ਮਿੰਨੀ ਬੱਸਾਂ ਬਹਿਰਾਮਪੁਰ ਰੋਡ ਦੇ ਉਪਰ ਹੀ ਸੜਕ 'ਤੇ ਖੜ੍ਹੀਆਂ ਕਰ ਦਿੱਤੀਆਂ ਜਾਂਦੀਆਂ ਹਨ ਜਿਥੋਂ ਇਹ ਆਪਣੇ ਸਮੇਂ ਮੁਤਾਬਿਕ ਚਲਦੀਆਂ ਹਨ। ਸਵਾਰੀਆਂ ਦਾ ਕਹਿਣਾ ਹੈ ਕਿ ਇਥੇ ਕੋਈ ਅਧਿਕਾਰਤ ਬੱਸ ਅੱਡਾ ਨਹੀਂ ਹੈ ਅਤੇ ਨਾ ਹੀ ਇਥੇ ਸਵਾਰੀਆਂ ਲਈ ਕੋਈ ਸ਼ੈਡ, ਬੈਂਚ ਆਦਿ ਮੌਜੂਦ ਹਨ। ਉਨ੍ਹਾਂ ਕਿਹਾ ਨਵੇਂ ਬੱਸ ਅੱਡੇ ਗੁਰਦਾਸਪੁਰ ਵਿਖੇ ਬਹਿਰਾਮਪੁਰ ਦੀਆਂ ਬੱਸਾਂ ਲਈ ਵੱਖਰਾ 7 ਨੰਬਰ ਕਾਊਂਟਰ ਬਣਿਆ ਹੋਇਆ ਹੈ ਪਰ ਬੱਸਾਂ ਨਵੇਂ ਅੱਡੇ 'ਤੇ ਨਾ ਆਉਣ ਕਾਰਨ ਇਹ ਕਾਊਂਟਰ ਖ਼ਾਲੀ ਪਿਆ ਰਹਿੰਦਾ ਹੈ। ਸਵਾਰੀਆਂ ਦਾ ਕਹਿਣਾ ਹੈ ਕਿ ਬਾਕੀ ਸਾਰੇ ਕਸਬਿਆਂ ਦੀਆਂ ਵੱਡੀਆਂ ਅਤੇ ਮਿੰਨੀ ਬੱਸਾਂ ਨਵੇਂ ਬੱਸ ਅੱਡੇ 'ਤੇ ਕਾਊਂਟਰ 'ਤੇ ਲਗਦੀਆਂ ਹਨ। ਸਵਾਰੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਡੀ.ਟੀ.ਓ. ਤੋਂ ਮੰਗ ਕੀਤੀ ਕਿ ਬਹਿਰਾਮਪੁਰ ਕਸਬੇ ਦੀਆਂ ਮਿੰਨੀ ਬੱਸਾਂ ਦੇ ਅਪ੍ਰੇਟਰਾਂ ਨੂੰ ਨਵੇਂ ਬੱਸ ਅੱਡੇ ਤੱਕ ਸਵਾਰੀਆਂ ਛੱਡਣ ਅਤੇ ਨਵੇਂ ਬੱਸ ਅੱਡੇ ਤੋਂ ਚੱਲਣ ਦੀਆਂ ਹਦਾਇਤਾਂ ਕੀਤੀਆਂ ਜਾਣ ਤਾਂ ਜੋ ਲੋਕਾਂ ਦੀ ਹੁੰਦੀ ਖੱਜਲ ਖ਼ੁਆਰੀ ਬੰਦ ਹੋ ਸਕੇ।

# ਪ੍ਰੀਖਿਆਵਾਂ 'ਚ ਚੜ੍ਹਦੀ ਕਲਾ ਲਈ ਕਰਵਾਇਆ ਅਰਦਾਸ ਦਿਵਸ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ 6 ਫ਼ਰਵਰੀ ਨੂੰ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਸਫ਼ਲਤਾ ਲਈ ਪ੍ਰਮਾਤਮਾ ਦਾ ਓਟ ਆਸਰਾ ਲੈਂਦੇ ਹੋਏ ਅਰਦਾਸ ਦਿਵਸ ਕਰਵਾਇਆ ਗਿਆ। ਇਸ ਵਿੱਚ ਸਮੂਹ ਮੈਨੇਜਮੈਂਟ, ਪ੍ਰਿੰਸੀਪਲ ਅਤੇ ਸਟਾਫ਼ ਵੱਲੋਂ ਮਿਲ ਕੇ ਸ੍ਰੀ ਸੁਖਮਨੀ ਸਾਹਿਬ, ਜਪੁਜੀ ਸਾਹਿਬ, ਚੌਪਈ ਸਾਹਿਬ ਤੇ ਅਨੰਦ ਸਾਹਿਬ ਦੀਆਂ ਛੇ ਪੌੜੀਆਂ ਦੇ ਪਾਠ ਕਰਨ ਉਪਰੰਤ ਪ੍ਰਮਾਤਮਾ ਦੇ ਚਰਨਾਂ ਵਿੱਚ ਵਿਦਿਆਰਥੀਆਂ ਦੀ ਸਫਲਤਾ ਤੇ ਸਕੂਲ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਵਿੱਚ ਸਖ਼ਤ ਮਿਹਨਤ ਕਰਕੇ ਵਧੀਆ ਨਤੀਜੇ ਲਿਆਉਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।



# ਮਲਕੀਤ ਸਿੰਘ ਨੂੰ ਮਿਲੀ ਬਤੌਰ ਸੁਪਰਡੈਂਟ ਤਰੱਕੀ

**ਵੇਰਕਾ (ਰਾਣਾ)**

ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ: ਸਿੱ:) ਐੱਸ.ਏ.ਐੱਸ ਨਗਰ ਵੱਲੋਂ ਬੀਤੇ ਦਿਨ ਬਾਰਡਰ ਏਰੀਏ ਨਾਲ ਸਬੰਧਤ ਸੀਨੀਅਰ ਸਹਾਇਕਾਂ ਤੋਂ ਸੁਪਰਡੈਂਟ ਗ੍ਰੇਡ-2 ਦੀਆਂ ਕੁੱਲ 5 ਅਸਾਮੀਆਂ 'ਤੇ ਪਦਉਨਤੀਆਂ ਕੀਤੀਆਂ ਗਈਆਂ ਹਨ। ਇਸ ਦੌਰਾਨ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿੱ:) ਅੰਮ੍ਰਿਤਸਰ ਦੇ ਸੀਨੀਅਰ ਸਹਾਇਕ ਮਲਕੀਤ ਸਿੰਘ ਨੂੰ ਬਤੌਰ ਸੁਪਰਡੈਂਟ ਗ੍ਰੇਡ-2 ਪਦਉਨਤ ਹੋਣ ਉਪਰੰਤ ਉਨ੍ਹਾਂ ਨੂੰ ਸਕੱਤਰੇਤ ਕੰਪਲੈਕਸ ਅੰਮ੍ਰਿਤਸਰ ਵਿਖੇ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ। ਇਸ ਮੌਕੇ ਸੁਪਰਡੈਂਟ ਮਲਕੀਤ ਸਿੰਘ ਵੱਲੋਂ ਡੀ.ਈ.ਓ ਦਫ਼ਤਰ (ਸੈ:) ਅੰਮ੍ਰਿਤਸਰ ਵਿਖੇ ਆਪਣਾ ਕਾਰਜਭਾਰ ਸੰਭਾਲਣ 'ਤੇ ਉਨ੍ਹਾਂ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿੱ:) ਅੰਮ੍ਰਿਤਸਰ ਹਰਭਗਵੰਤਪਾਲ ਸਿੰਘ ਅਤੇ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਸਮੂਹ ਅਹੁਦੇਦਾਰਾਂ ਨੇ ਦਫ਼ਤਰ ਕੰਪਲੈਕਸ ਸਕੱਤਰੇਤ ਅੰਮ੍ਰਿਤਸਰ ਵਿਖੇ ਸਿਰਪਾਓ ਤੇ ਗੁਲਦਸਤੇ ਭੇਟ ਕਰਕੇ ਸਨਮਾਨਤ ਕੀਤਾ। ਇਸ ਦੌਰਾਨ ਸੁਪਰਡੈਂਟ ਮਲਕੀਤ ਸਿੰਘ ਨੂੰ ਵਧਾਈ ਦੇਣ ਅਤੇ ਸਨਮਾਨਤ ਕਰਨ ਵਾਲਿਆਂ 'ਚ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਸੂਬਾ ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ (ਖੁਸ਼ੀਪੁਰ) ਜ਼ਿਲ੍ਹਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਮੀਤ ਪ੍ਰਧਾਨ ਮਨਜੀਤ ਸਿੰਘ ਸੋਹੀਆ ਖੁਰਦ, ਸਕੱਤਰ ਅਮਰਿੰਦਰ ਸਿੰਘ ਛੀਨਾ, ਲੈਕ: ਮੁਖਤਿਆਰ ਸਿੰਘ ਸਹੋਤਾ, ਟੀਚਰ ਗੌਰਵ ਗੁਪਤਾ, ਸੈਂਟਰ ਹੈੱਡਟੀਚਰ ਗੁਰਪ੍ਰੀਤ ਸਿੰਘ, ਜੂਨੀਅਰ ਸਹਾਇਕ ਅਮਰਪ੍ਰੀਤ ਸਿੰਘ (ਐਲੀ:) ਦਫ਼ਤਰ, ਮਾਸਟਰ ਕਸ਼ਮੀਰ ਸਿੰਘ ਸੋਹੀਆ ਖੁਰਦ, ਸੈਂਟਰ ਹੈੱਡਟੀਚਰ ਮਨਜੀਤ ਸਿੰਘ, ਆਦਿ ਵੀ ਹਾਜ਼ਰ ਸਨ।



# ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 648ਵੇਂ ਪ੍ਰਕਾਸ਼ ਦਿਹਾੜੇ ਦੀਆਂ ਤਿਆਰੀਆਂ ਨੂੰ ਲੈ ਕੇ ਮੀਟਿੰਗ

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਸ੍ਰੀ ਗੁਰੂ ਰਵਿਦਾਸ ਸਭਾ ਆਰੀਆ ਨਗਰ ਜੇਲ੍ਹ ਰੋਡ ਗੁਰਦਾਸਪੁਰ ਦੀ ਵਿਸ਼ੇਸ਼ ਮੀਟਿੰਗ ਸਭਾ ਦੇ ਪ੍ਰਧਾਨ ਮਨਦੀਪ ਸਰਮਾਲ ਅਤੇ ਸੈਕਟਰੀ ਪਰਮਜੀਤ ਪੰਮਾ ਦੀ ਸਾਂਝੀ ਪ੍ਰਧਾਨਗੀ ਵਿਚ ਹੋਈ। ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਮਨਦੀਪ ਸਰਮਾਲ ਅਤੇ ਸੈਕਟਰੀ ਪਰਮਜੀਤ ਪੰਮਾ ਨੇ ਦੱਸਿਆ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਪ੍ਰਕਾਸ਼ ਉਤਸਵ 12 ਫਰਵਰੀ 2025 ਨੂੰ ਬੜੀ ਸ਼ਰਧਾਪੂਰਵਕ ਮਨਾਇਆ ਜਾਵੇਗਾ ਅਤੇ ਇਸ ਸਬੰਧੀ 11 ਫਰਵਰੀ ਨੂੰ ਮਹਾਨ ਨਗਰ ਕੀਰਤਨ ਸਾਰੀ ਸ਼੍ਰੀ ਗੁਰੂ ਰਵਿਦਾਸ ਸਭਾਵਾਂ ਦੇ ਸਹਿਯੋਗ ਨਾਲ ਸਜਾਇਆ ਜਾਵੇਗਾ, ਜਿਸ ਦੀ ਅਗਵਾਈ ਸ਼੍ਰੀ ਸ਼੍ਰੀ 108 ਸਵਾਮੀ ਗੁਰਦੀਪ ਗਿਰੀ ਜੀ ਮਹਾਰਾਜ ਪਠਾਨਕੋਟ ਵਾਲੇ ਕਰਨਗੇ। ਇਹ ਨਗਰ ਕੀਰਤਨ ਆਰੀਆ ਨਗਰ ਗੁਰੂ ਘਰ ਤੋਂ ਸ਼ੁਰੂ ਹੋ ਕੇ ਸਾਰੇ ਸ਼ਹਿਰ ਦੀ ਪਰਿਕਰਮਾ ਕਰਨ ਦੇ ਬਾਅਦ ਦੁਬਾਰਾ ਆਰੀਆ ਨਗਰ ਵਿਖੇ ਵਿਸ਼ਰਾਮ ਕਰੇਗਾ ਜਿਸ ਉਪਰੰਤ ਗੁਰੂ ਦਾ ਅਤੁੱਟ ਲੰਗਰ ਵਰਤੇਗਾ। ਉਨ੍ਹਾ ਸ਼ਹਿਰ ਵਾਸੀਆਂ ਨੂੰ ਨਗਰ ਕੀਰਤਨ ਵਿਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਵੀ ਦਿੱਤਾ ਅਤੇ 12 ਫਰਵਰੀ ਤੱਕ ਗੁਰੂ ਘਰ ਵਿੱਚ ਗੁਰੂ ਬਾਣੀ ਦਾ ਗੁਣਗਾਨ ਕੀਤਾ ਜਾਵੇਗਾ। ਇਸ ਮੌਕੇ ਮੀਟਿੰਗ ਵਿਚ ਕੈਸ਼ੀਅਰ ਤਿਲਕ ਰਾਜ, ਰੋਹਿਤ ਕੁਮਾਰ, ਅਮਰਜੀਤ ਸਿੰਘ, ਟੋਨੀ, ਹਨੀ, ਬਿੱਲਾ, ਬਖਸ਼ੀਸ਼ ਸਿੰਘ, ਮਦਨ ਲਾਲ ਆਦਿ ਮੈਂਬਰ ਵੀ ਹਾਜ਼ਰ ਸਨ।




# ਖਾਲਸਾ ਕਾਲਜ ਮਹਿਤਾ 'ਚ ਵਾਦ-ਵਿਵਾਦ ਮੁਕਾਬਲੇ ਕਰਵਾਏ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਵਿਖੇ ਇੰਟਰਨੈੱਟ ਵਿਸ਼ੇ 'ਤੇ ਵਾਦ - ਵਿਵਾਦ ਪ੍ਰਤੀਯੋਗਤਾਵਾਂ ਕਰਵਾਈਆਂ ਗਈਆਂ। ਜਿਸ ਵਿੱਚ ਕਾਲਜ ਦੇ ਹੋਣਹਾਰ ਵਿਦਿਆਰਥੀ ਹਰਜੋਤ ਕੌਰ, ਮਨਪ੍ਰੀਤ ਕੌਰ, ਕਿਰਨਜੀਤ ਕੌਰ, ਦਮਨਪ੍ਰੀਤ ਕੌਰ, ਮਨਦੀਪ ਕੌਰ, ਜਗਪ੍ਰੀਤ ਕੌਰ, ਰਾਜਨਬੀਰ ਸਿੰਘ, ਨਵਰੋਜ਼ਦੀਪ ਸਿੰਘ, ਸਹਿਜਪਾਲ ਸਿੰਘ, ਲਵਪ੍ਰੀਤ ਸਿੰਘ ਨੇ ਪ੍ਰਸ਼ੰਸਾਯੋਗ ਪ੍ਰਦਰਸ਼ਨ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਮੋਬਾਈਲਾਂ ਦੀ ਦੁਰਵਰਤੋਂ ਅਤੇ ਇਸ ਦੇ ਲਾਭ ਬਾਰੇ ਵਿਦਿਆਰਥੀਆਂ ਨੂੰ ਦੱਸਿਆ। ਮਨੁੱਖ ਨੂੰ ਇਹਨਾਂ ਦੀ ਲਤ ਲਗ ਗਈ ਹੈ। ਬੱਚਿਆਂ ਨੂੰ ਫੋਨ ਤੋਂ ਦੂਰ ਰੱਖ ਕੇ ਖੇਡਾਂ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੌਕੇ ਕਾਲਜ ਪ੍ਰਿੰ ਗੁਰਦੀਪ ਸਿੰਘ, ਸੁਖਦੇਵ ਸਿੰਘ, ਸੁਖਜੀਤ ਸਿੰਘ, ਯਾਦਵਿੰਦਰ ਸਿੰਘ, ਕੁਲਦੀਪ ਕੌਰ, ਮਨਜੀਤ ਕੌਰ, ਗੁਰਸਰਨਪ੍ਰੀਤ ਕੌਰ, ਨਵਨੀਤ ਕੌਰ, ਪੂਰਤੀ ਸ਼ਰਮਾ, ਸੁਪਰੀਤ ਕੌਰ, ਰੁਪਿੰਦਰ ਕੌਰ, ਸੁਖਮਨਪ੍ਰੀਤ ਕੌਰ, ਗੁਰਵਿੰਦਰ ਕੌਰ, ਰਿਤਿਕਾ, ਮਨਪ੍ਰੀਤ ਕੌਰ, ਬਲਜੀਤ ਕੌਰ, ਪਵਨਪ੍ਰੀਤ ਕੌਰ, ਅਮਨਪ੍ਰੀਤ ਕੌਰ, ਕਾਬਲ ਸਿੰਘ ਪੁਰਬਾ ਆਦਿ ਸ਼ਾਮਲ ਸਨ।

# ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਯਾਦ 'ਚ ਰਾਜ ਪੱਧਰੀ ਸਮਾਗਮ 10 ਨੂੰ

**ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)**- ਮਹਾਨ ਸਿੱਖ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਯਾਦ ਵਿਚ ਉਨ੍ਹਾਂ ਦੇ 179ਵੇਂ ਸ਼ਹੀਦੀ ਦਿਵਸ ਮੌਕੇ ਪੰਜਾਬ ਸਰਕਾਰ ਵਲੋਂ ਰਾਜ ਪੱਧਰੀ ਸਮਾਗਮ 10 ਫਰਵਰੀ ਨੂੰ ਇੰਡੀਆ ਗੇਟ ਨਰਾਇਣਗੜ੍ਹ ਅਤੇ ਅਟਾਰੀ ਵਿਖੇ ਕਰਵਾਇਆ ਜਾ ਰਿਹਾ ਹੈ। ਉਕਤ ਜਾਣਕਾਰੀ ਦਿੰਦੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਇਹ ਦਿਹਾੜਾ ਬੜੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਅਤੇ ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸ਼ਹੀਦ ਨੂੰ ਸ਼ਰਧਾ ਭੇਟ ਕਰਨ ਲਈ ਵਿਸ਼ੇਸ਼ ਤੌਰ 'ਤੇ ਪੁੱਜਣਗੇ। ਉਹਨਾਂ ਦੱਸਿਆ ਕਿ ਸਵੇਰੇ 10 ਵਜੇ ਨਰਾਇਣਗੜ੍ਹ ਸਥਿਤ ਇੰਡੀਆ ਗੇਟ ਵਿਖੇ ਲਗਾਏ ਗਏ ਸ਼ਹੀਦ ਦੇ ਆਦਮਕੱਦ ਬੁੱਤ 'ਤੇ ਫੁੱਲ ਮਾਲਾਵਾਂ ਚੜ੍ਹਾ ਕੇ ਸ਼ਹੀਦ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ। ਇਸ ਮੌਕੇ ਫੌਜ ਅਤੇ ਪੁਲਸ ਦੇ ਜਵਾਨਾਂ ਵਲੋਂ ਸ਼ਹੀਦ ਨੂੰ ਸਲਾਮੀ ਦਿੱਤੀ ਜਾਵੇਗੀ। ਇਸ ਉਪਰੰਤ ਅਟਾਰੀ ਸਥਿਤ ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੇ ਸਥਾਨ, ਜਿੱਥੇ ਉਹਨਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ, ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਅਤੇ ਇਸ ਮੌਕੇ ਮੁੱਖ ਮਹਿਮਾਨ ਅਤੇ ਹੋਰ ਵਿਸ਼ੇਸ਼ ਮਹਿਮਾਨ ਜਨਰਲ ਸ਼ਾਮ ਸਿੰਘ ਅਟਾਰੀ ਨੂੰ ਸ਼ਰਧਾ ਦੇ ਫੁੱਟ ਭੇਟ ਕਰਨਗੇ।

# ਐੱਸ ਐੱਚ ਓ ਅੰਮ੍ਰਿਤਪਾਲ ਸਿੰਘ ਨੇ ਦੀਨਾਨਗਰ ਥਾਣੇ ਦਾ ਚਾਰਜ ਸੰਭਾਲਿਆ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਨਵੇਂ ਬਦਲੀ ਹੋ ਕੇ ਆਏ ਥਾਣਾ ਮੁਖੀ ਐਸ ਐਚ ਓ ਅੰਮ੍ਰਿਤਪਾਲ ਸਿੰਘ ਨੇ ਦੀਨਾਨਗਰ ਥਾਣੇ ਦਾ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਐੱਸ ਐੱਸ ਪੀ ਗੁਰਦਾਸਪੁਰ ਦੀਆਂ ਹਦਾਇਤਾਂ ਅਨੁਸਾਰ ਨਸ਼ਿਆਂ ਦੀ ਤਸਕਰੀ ਅਤੇ ਹੋਰ ਗੈਰ ਕਾਨੂੰਨੀ ਧੰਦੇ ਕਰਨ ਵਾਲਿਆਂ ਨੂੰ ਸਖ਼ਤੀ ਨਾਲ ਨੱਥ ਪਾਈ ਜਾਵੇਗੀ। ਇਲਾਕੇ ਅੰਦਰ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਹਰ ਤਰ੍ਹਾਂ ਦੀ ਸਖ਼ਤੀ ਵਰਤੀ ਜਾਵੇਗੀ। ਉਨ੍ਹਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਨੂੰ ਤੋੜਨ ਵਾਲੇ ਵਾਹਨ ਚਾਲਕਾਂ ਦੇ ਵੀ ਚਲਾਨ ਕੱਟੇ ਜਾਣਗੇ ਅਤੇ ਬਿਨਾਂ ਕਾਗਜ਼ਾਂ ਵਾਲੇ ਵਾਹਨ ਥਾਣੇ ਬੰਦ ਕੀਤੇ ਜਾਣਗੇ। ਉਨ੍ਹਾਂ ਮੋਹਤਬਰਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਮਾੜੇ ਅਨਸਰਾਂ ਦੀ ਸਿਫਾਰਸ਼ ਨਾ ਕਰਨ। ਉਨ੍ਹਾਂ ਕਿਹਾ ਕਿ ਇਲਾਕੇ ਵਿਚ ਨਸ਼ੇ ਅਤੇ ਜੁਰਮ ਨੂੰ ਨੱਥ ਪਾਉਣਾ ਮੁੱਖ ਉਦੇਸ਼ ਹੋਵੇਗਾ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕੀਤਾ ਜਾਵੇਗਾ।

# ਸਿੱਖਿਆ ਮੰਤਰੀ ਵੱਲੋਂ ਸਕੂਲ ਆਫਤ ਪ੍ਰਬੰਧਨ ਲਈ ਫੰਡ ਜਾਰੀ ਕਰਨਾ ਪ੍ਰਸੰਸਾਯੋਗ



**ਕਾਦੀਆਂ, (ਯਾਦਵਿੰਦਰ ਸਿੰਘ ਮਲਹੋਤਰਾ)**

ਸਥਾਨਕ ਸਿਵਲ ਡਿਫੈਂਸ ਦੀ ਵਾਰਡਨ ਸਰਵਿਸ ਦੇ ਪੋਸਟ ਵਾਰਡਨ ਤੇ ਆਫਤ ਪ੍ਰਬੰਧਨ ਮਾਹਰ ਹਰਬਖਸ਼ ਸਿੰਘ ਨੇ ਬਿਆਨ ਜਾਰੀ ਕਰਕੇ ਪੰਜਾਬ ਸਰਕਾਰ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਸਕੂਲ ਆਫਤ ਪ੍ਰਬੰਧਨ ਲਈ 4 ਕਰੋੜ ਰੁਪਏ ਤੋਂ ਵੱਧ ਦੇ ਫੰਡ ਜਾਰੀ ਕਰਨ 'ਤੇ ਸ਼ਲਾਘਾ ਕੀਤੀ ਹੈ। ਇਸ ਮੌਕੇ ਪੰਜਾਬ ਸਰਕਾਰ ਦੇ ਸਿੱਖਿਆ ਮੰਤਰੀ ਦੀ ਸ਼ਲਾਘਾ ਕਰਦੇ ਹਰਬਖਸ਼ ਸਿੰਘ ਨੇ ਦੱਸਿਆ ਕਿ ਇਹਨਾਂ ਫੰਡਾਂ ਦੀ ਵਰਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੂਲ ਸਟਾਫ ਅਤੇ ਵਿਦਿਆਰਥੀਆਂ ਨੂੰ ਐਮਰਜੈਂਸੀ ਜਾਂ ਕੁਦਰਤੀ ਆਫਤਾਂ ਨਾਲ ਸਬੰਧਤ ਜਾਗਰੂਕ ਕਰਨ ਤੇ ਮੌਕ ਡਰਿਲਾਂ ਆਦਿ ਕਰਵਾਈਆਂ ਜਾਣ, ਜੋ ਕਿ ਆਫਤ ਪ੍ਰਬੰਧਨ ਮਾਹਰਾਂ ਨੂੰ ਬੁਲਾ ਕੇ ਸਕੂਲਾਂ ਵਿੱਚ ਵਿਸ਼ੇਸ਼ ਜਾਗਰੂਕਤਾ ਅਤੇ ਅਭਿਆਸ ਕੈਂਪ ਕਰਵਾਏ ਜਾਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਜਿਸ ਨਾਲ ਕਿਸੇ ਵੀ ਆਫਤ ਨੂੰ ਨਜਿੱਠਣ ਲਈ, ਆਪਣਾ ਬਣਦਾ ਫਰਜ਼ ਨਿਭਾ ਸਕਣ ਤੇ ਜਾਨ ਮਾਲ ਦਾ ਨੁਕਸਾਨ ਘੱਟ ਤੋਂ ਘੱਟ ਹੋ ਸਕੇਗਾ। ਇਸ ਦੇ ਨਾਲ ਹੀ ਸਾਲ ਵਿਚ 2-3 ਵਾਰ ਮੌਕ ਡਰਿਲਾਂ ਵੀ ਜ਼ਰੂਰ ਕਰਵਾਈਆਂ ਜਾਣ।

# ਕੇਂਦਰੀ ਬਜਟ ਦੇਸ਼ ਦੇ ਕਿਸਾਨਾਂ ਨਾਲ ਕੋਝਾ ਮਜ਼ਾਕ : ਬਾਈ ਨਛੱਤਰ ਸਿੰਘ

**ਕਾਲਾ ਸੰਘਿਆਂ (ਮਨਜੀਤ ਮਾਨ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਦੇ ਸੂਬਾ ਆਗੂ ਅਤੇ ਦੁਆਬਾ ਪ੍ਰਧਾਨ ਬਾਈ ਨਛੱਤਰ ਸਿੰਘ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਪਿਛਲੇ ਦਿਨੀ ਜੋ ਕੇਂਦਰੀ ਬਜਟ ਪੇਸ਼ ਕੀਤਾ ਗਿਆ ਹੈ, ਉਸ ਵਿੱਚ ਕਿਸਾਨਾਂ ਲਈ ਕੋਈ ਵੀ ਸਹੂਲਤ ਨਹੀਂ ਹੈ। ਕਾਰਪੋਰੇਟ ਪੱਖੀ ਬਜਟ ਪੇਸ਼ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਕਿਸਾਨਾਂ ਨੂੰ ਫਿਰ ਤੋਂ ਕਰਜ਼ੇ ਵਿੱਚ ਧੱਕਣ ਲਈ ਕਿਸਾਨ ਕ੍ਰੈਡਿਟ ਕਾਰਡ ਦੀ ਸੀਮਾ ਹੱਦ ਵਧਾ ਕੇ 3 ਲੱਖ ਤੋਂ 5 ਲੱਖ ਕਰ ਦਿੱਤੀ ਗਈ ਹੈ। ਜਿਸ ਨਾਲ ਕਿਸਾਨਾਂ ਤੇ ਕਰਜ਼ੇ ਦਾ ਬੋਝ ਹੋਰ ਵਧੇਗਾ। ਉਹਨਾਂ ਕਿਹਾ ਕਿ ਖੇਤੀ ਸੈਕਟਰ ਦਾ ਬਜਟ ਵਿੱਚ ਨਾਂਅ ਤੱਕ ਨਹੀਂ ਲਿਆ ਗਿਆ ਅਤੇ ਕਿਸਾਨਾਂ ਦੀਆਂ ਮੰਗਾਂ ਨੂੰ ਸ਼ਰੇਆਮ ਬਜਟ ਵਿੱਚ ਅੱਖੋਂ ਪਰੋਖੇ ਕੀਤਾ ਗਿਆ ਹੈ। ਐਮਐਸਪੀ ਗਰੰਟੀ ਕਾਨੂੰਨ ਦੀ ਕੋਈ ਵੀ ਗੱਲ ਨਹੀਂ ਹੈ। ਉਹਨਾਂ ਕਿਹਾ ਕਿ ਕੇਂਦਰ ਦੀ ਸਰਕਾਰ ਦੇਸ਼ ਦੇ ਕਾਰਪੋਰੇਟ ਘਰਾਣਿਆਂ ਦਾ ਹੱਥ ਦਾ ਠੋਕਾ ਬਣ ਚੁੱਕੀ ਹੈ। ਇਸ ਲਈ ਬਜਟ ਵਿੱਚ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਤੋਂ ਇਲਾਵਾ ਦੇਸ਼ ਦੇ ਮੱਧ ਵਰਗੀ ਲੋਕਾਂ ਲਈ ਕੁਝ ਵੀ ਨਹੀਂ ਕੀਤਾ ਗਿਆ। ਉਹਨਾਂ ਕਿਹਾ ਕਿ ਕਿਸਾਨ ਮਜ਼ਦੂਰ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਦੀ ਅਗਵਾਈ ਵਿੱਚ ਜੋ ਪਿਛਲੇ ਇੱਕ ਸਾਲ ਤੋਂ ਅੰਦੋਲਨ ਚੱਲ ਰਿਹਾ ਹੈ ਵੱਧ ਤੋਂ ਵੱਧ ਕਿਸਾਨ ਮਜ਼ਦੂਰ ਵੱਧ ਚੜ੍ਹ ਕੇ ਸੰਘਰਸ਼ਾਂ ਦੇ ਪਿੜ ਮੱਲਣ। ਇਸ ਮੌਕੇ ਦੁਆਬਾ ਜਨਰਲ ਸਕੱਤਰ ਮਨਪ੍ਰੀਤ ਸਿੰਘ ਮੰਨਾ, ਬਲਾਕ ਢਿਲਵਾਂ ਵਿੱਤ ਸਕੱਤਰ ਲਵਪ੍ਰੀਤ ਸਿੰਘ ਲਵ, ਅਮਰਿੰਦਰ ਸਿੰਘ ਖਡੂਰ, ਰਣਜੀਤ ਸਿੰਘ ਲੁਧਿਆਣਾ, ਬੂਟਾ ਸਿੰਘ, ਯੋਧਾ ਸਿੰਘ ਆਦਿ ਹਾਜ਼ਰ ਸਨ।

# ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਬਾਰ੍ਹਵੀਂ ਜਮਾਤ ਦਾ ਵਿਦਾਇਗੀ ਸਮਾਰੋਹ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਅਤੇ ਕਾਲਜ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਦੀ ਅਗਵਾਈ ਅਧੀਨ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਹਰ ਸਾਲ ਵਾਂਗ 10+2 ਕਲਾਸ ਦੀ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 10+1 ਅਤੇ 10+2 ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਉਹਨਾਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਕਰਦੇ ਹੋਏ ਵਿਦਿਆਰਥੀ ਵਰਗ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਜੁੜੇ ਰਹਿ ਕੇ ਭਵਿੱਖ ਵਿੱਚ ਬੁਲੰਦੀਆਂ ਨੂੰ ਛੂਹਣ ਦੀ ਗੱਲ ਵੀ ਆਖੀ। ਇਸ ਮੌਕੇ ਕਾਲਜ ਦੇ 10+2 ਕਲਾਸ ਦੇ ਹੁਸ਼ਿਆਰ ਅਤੇ ਅਨੁਸ਼ਾਸ਼ਨ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਉਚੇਚੇ ਤੌਰ 'ਤੇ ਸਨਮਾਨਤ ਕੀਤਾ ਗਿਆ ਤਾਂ ਕਿ ਹੋਰ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਇਸ ਮੌਕੇ 10+2 ਦੇ ਵਿਦਿਆਰਥੀ ਧੀਰਜਪਾਲ ਸਿੰਘ, ਭੁਪਿੰਦਰ ਸਿੰਘ, ਅਕਾਸ਼ਦੀਪ ਸਿੰਘ, ਖੁਸ਼ਲੀਨ ਕੌਰ, ਖੁਸ਼ਪ੍ਰੀਤ ਕੌਰ ਅਤੇ ਦਾਮਨਪ੍ਰੀਤ ਕੌਰ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।



# ਗੁਰਚਰਨ ਸਿੰਘ ਮੰਨਣ ਦੇ ਦੇਹਾਂਤ 'ਤੇ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪਿੰਡ ਮੰਨਣ ਇਕਾਈ ਦੇ ਆਗੂ ਬਾਪੂ ਗੁਰਚਰਨ ਸਿੰਘ ਮੰਨਣ (75) ਦਾ ਦੇਹਾਂਤ ਹੋ ਗਿਆ। ਉਹਨਾਂ ਦਾ ਅੰਤਿਮ ਸੰਸਕਾਰ ਉਹਨਾਂ ਦੇ ਜੱਦੀ ਪਿੰਡ ਮੰਨਣ ਵਿਖੇ ਕਰ ਦਿੱਤਾ ਗਿਆ। ਇਸ ਮੌਕੇ ਪਿੰਡ ਮੰਨਣ ਇਕਾਈ ਦੇ ਪ੍ਰਧਾਨ ਸੁਖਬੀਰ ਸਿੰਘ ਮੰਨਣ, ਸਕੱਤਰ ਹਰਜੀਤ ਸਿੰਘ ਮੰਨਣ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਦੱਸਿਆ ਕਿ ਬਾਪੂ ਗੁਰਚਰਨ ਸਿੰਘ ਮੰਨਣ ਨੇ ਆਪਣੀਆਂ ਸੇਵਾਵਾਂ ਬੜੇ ਸੁਚੱਜੇ ਢੰਗ ਨਾਲ ਵੱਧ ਚੜ੍ਹ ਕੇ ਨਿਭਾਈਆਂ। ਸ਼ੰਭੂ ਮੋਰਚੇ ਵਿੱਚ ਲਗਾਤਾਰ ਆਪਣੀਆਂ ਹਾਜ਼ਰੀਆਂ ਲਵਾਉਂਦੇ ਰਹੇ। ਇਸ ਫਾਨੀ ਸੰਸਾਰ ਤੋਂ ਜਾਣ ਨਾਲ ਪਰਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ, ਉੱਥੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੂੰ ਵੀ ਬਹੁਤ ਵੱਡਾ ਘਾਟਾ ਪਿਆ ਹੈ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂਆਂ ਵੱਲੋਂ ਬਾਪੂ ਗੁਰਚਰਨ ਸਿੰਘ ਮੰਨਣ ਨੂੰ ਜਥੇਬੰਦੀ ਦਾ ਝੰਡਾ ਪਾ ਕੇ ਸ਼ਰਧਾਂਜਲੀ ਦਿੱਤੀ ਗਈ। ਪਿੰਡ ਤੋਂ ਆਗੂ ਖਜਾਨਚੀ ਦਲਜੀਤ ਸਿੰਘ ਮੰਨਣ, ਡਾ ਭਾਨ ਸਿੰਘ ਪੰਡੋਰੀ ਸਿੱਧਵਾਂ, ਗੁਰਲਾਲ ਸਿੰਘ ਮੰਨਣ, ਸਰਬਜੀਤ ਸਿੰਘ ਮੰਨਣ, ਨਿਸ਼ਾਨ ਸਿੰਘ ਮੰਨਣ, ਅਵਤਾਰ ਸਿੰਘ ਮੰਨਣ ਅਤੇ ਪਰਵਾਰਕ ਮੈਂਬਰ, ਸਾਕ ਸੰਬੰਧੀ ਹਾਜ਼ਰ ਸਨ।



# ਪੈਨਸ਼ਨਰ ਐਂਡ ਸੀਨੀਅਰ ਵੈੱਲਫੇਅਰ ਐਸੋਸੀਏਸ਼ਨ ਦੀ ਚੋਣ

**ਪੱਟੀ (ਬਲਦੇਵ ਸਿੰਘ ਸੰਧੂ)**

ਤਰਨ ਤਾਰਨ ਪੈਨਸ਼ਨਰ ਐਂਡ ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਤਰਨ ਤਾਰਨ ਦੀ ਚੋਣ ਜ਼ਿਲ੍ਹਾ ਕਮੇਟੀ ਦੇ ਫੈਸਲੇ ਅਨੁਸਾਰ ਗਾਂਧੀ ਪਾਰਕ ਤਰਨ ਤਾਰਨ ਵਿਖੇ ਪੰਜ ਫਰਵਰੀ ਨੂੰ ਹੋਈ। ਇਸ ਚੋਣ ਵਿੱਚ 150 ਡੈਲੀਗੇਟ ਵੱਖ-ਵੱਖ ਮਹਿਕਮਿਆਂ ਦੇ ਪੈਨਸ਼ਨਰ ਵਿੱਚੋਂ ਸ਼ਾਮਲ ਹੋਏ। ਬੁਲਾਰੇ ਸਾਥੀਆਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਪੈਨਸ਼ਨਰ ਦੀਆਂ ਭਖਦੀਆਂ ਮੰਗਾਂ ਪ੍ਰਵਾਨ ਨਹੀਂ ਕਰ ਰਹੀ, ਇਸ ਕਰਕੇ ਸੰਘਰਸ਼ਾਂ ਦੀ ਵੱਧ ਲੋੜ ਹੈ। ਸਾਰੇ ਹਾਜ਼ਰ ਪੈਨਸ਼ਨਰਜ਼ ਨੇ ਸੰਘਰਸ਼ਸ਼ੀਲ ਲੋਕਾਂ ਦੀ ਚੋਣ ਕੀਤੀ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਸੰਘਰਸ਼ਾਂ ਰਾਹੀਂ ਮੰਗਾਂ ਮਨਵਾਈਆਂ ਜਾ ਸਕਣ।

ਸਰਬ ਸੰਮਤੀ ਨਾਲ ਸਮੁੱਚੇ ਹਾਊਸ ਨੇ ਹੱਥ ਖੜ੍ਹੇ ਕਰਕੇ ਚੋਣ ਪੈਨਲ ਨੂੰ ਪ੍ਰਵਾਨਗੀ ਦਿੱਤੀ। ਇਸ ਚੋਣ ਵਿੱਚ ਪ੍ਰਧਾਨ ਬਲਦੇਵ ਸਿੰਘ ਕੱਲਾ ਨੂੰ ਚੁਣਿਆ ਗਿਆ। ਜਨਰਲ ਸਕੱਤਰ ਸੱਤਪਲ ਸ਼ਰਮਾ ਪੱਟੀ, ਸਰਪ੍ਰਸਤ ਗੋਪਾਲ ਸਿੰਘ ਪੱਟੀ ਚੇਅਰਮੈਨ, ਪ੍ਰਿੰਸੀਪਲ ਗੁਰਦੇਵ ਸਿੰਘ ਤਰਨ ਤਾਰਨ, ਵਿੱਤ ਸਕੱਤਰ, ਬਲਦੇਵ ਸਿੰਘ ਪ੍ਰੈਸ ਸਕੱਤਰ, ਤੇਜਿੰਦਰ ਸਿੰਘ ਕੱਲਾ ਨੂੰ ਚੁਣਿਆ ਗਿਆ। ਭਰਾਤਰੀ ਜਥੇਬੰਦੀ ਵੱਲੋਂ ਪੰਜਾਬ ਸਟੇਟ ਮਨਿਸਟਰੀਅਲ ਪੈਨਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਦਵਿੰਦਰ ਸਿੰਘ ਗਰੇਵਾਲ ਨੇ ਭਰਾਤਰੀ ਸੰਦੇਸ਼ ਦਿੱਤਾ। ਸਾਥੀ ਬਲਜਿੰਦਰ ਸਿੰਘ ਦੋਬਲੀਆਂ ਜ਼ਿਲ੍ਹਾ ਪ੍ਰਧਾਨ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ, ਪੰਜਾਬ ਪੁਲਸ ਦੇ ਰਿਟਾਇਰਡ ਡੀ ਐਸ ਪੀ ਅਵਤਾਰ ਸਿੰਘ ਨੇ ਵੀ ਭਰਾਤਰੀ ਸੰਦੇਸ਼ ਦਿੱਤਾ। ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਧਰਮ ਸਿੰਘ ਪੱਟੀ, ਕਿਰਪਾਲ ਸਿੰਘ ਸੋਹਲ, ਤਜਿੰਦਰ ਸਿੰਘ ਕੱਲਾ, ਮਲਕੀਤ ਸਿੰਘ ਪੱਟੀ, ਸਤਪਾਲ ਸ਼ਰਮਾ ਪੱਟੀ, ਬਖਸ਼ੀਸ਼ ਸਿੰਘ ਜਵੰਦਾ ਪ੍ਰਧਾਨ ਤਹਿਸੀਲ ਤਰਨ ਤਾਰਨ, ਬਰਿੰਦਰ ਪਾਲ ਸਿੰਘ ਕੈਰੋਂ, ਗੁਰਦੇਵ ਸਿੰਘ ਚੇਅਰਮੈਨ ਤੇ ਭਜਨ ਸਿੰਘ ਚੂਸਲੇਵਾਲ, ਬਲਦੇਵ ਸਿੰਘ ਤਰਨ ਤਾਰਨ, ਦਵਿੰਦਰ ਸਿੰਘ ਗਰੇਵਾਲ, ਨਛੱਤਰ ਸਿੰਘ ਅਤੇ ਹੋਰ ਬਹੁਤ ਸਾਰੇ ਸਾਥੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਮੀਟਿੰਗ ਵਿੱਚ ਤਹਿਸੀਲ ਪੱਟੀ ਤੋਂ ਹਰਜਿੰਦਰ ਸਿੰਘ ਜੰਡ ਪ੍ਰਧਾਨ, ਤਰਨ ਤਾਰਨ ਤਹਿਸੀਲ ਤੋਂ ਮਨਜੀਤ ਕੁਮਾਰ ਦਵੇਸਰ ਸ਼ਾਮਲ ਹੋਏ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੂਬਾ ਕਮੇਟੀ ਮੈਂਬਰ ਜਗਤਾਰ ਸਿੰਘ ਆਸਲ ਨਿਭਾਈ। ਸ਼ਿੰਗਾਰਾ ਸਿੰਘ ਚੰਬਾ ਵੀ ਬੁਲਾਰਿਆਂ ਵਿੱਚ ਸ਼ਾਮਲ ਸਨ। ਅੰਤ ਵਿੱਚ ਪ੍ਰਧਾਨ ਬਲਦੇਵ ਸਿੰਘ ਕੱਲਾ ਨੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ ਅਤੇ 7 ਫਰਵਰੀ ਨੂੰ ਵੱਡੀ ਗਿਣਤੀ ਵਿੱਚ ਦਫਤਰ ਡਿਪਟੀ ਕਮਿਸ਼ਨਰ ਤਰਨ ਤਾਰਨ ਵਿਖੇ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਰੈਲੀ ਉਪਰੰਤ ਭੁੱਖ ਹੜਤਾਲ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

# ਡਾ. ਬਲਜੀਤ ਕੌਰ ਨੇ ਵਿਦਿਆਰਥਣਾਂ ਦੀ ਅਨੀਮੀਆ ਜਾਂਚ ਮੁਹਿੰਮ ਦੀ ਕੀਤੀ ਸ਼ੁਰੂਆਤ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਅਨੀਮੀਆ ਮੁਕਤ ਪੰਜਾਬ ਬਣਾਉਣ ਦੇ ਮੰਤਵ ਨਾਲ ਕੈਬਨਿਟ ਮੰਤਰੀ ਪੰਜਾਬ ਡਾ. ਬਲਜੀਤ ਕੌਰ ਵੱਲੋਂ ਅੱਜ ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਤਰਨ ਤਾਰਨ ਤੋਂ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੀਆਂ ਵਿਦਿਆਰਥਣਾਂ ਦੀ ਅਨੀਮੀਆ ਜਾਂਚ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਦੇ ਪਹਿਲੇ ਦਿਨ 10 ਟੀਮਾਂ ਵੱਲੋਂ ਵਿਦਿਆਰਥਣਾਂ ਦੀ ਅਨੀਮੀਆ ਜਾਂਚ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ, ਵਧੀਕ ਡਿਪਟੀ ਕਮਿਸ਼ਨਰ ਜਨਰਲ ਰਾਜਦੀਪ ਸਿੰਘ ਬਰਾੜ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸੰਜੀਵ ਕੁਮਾਰ, ਐੱਸ. ਡੀ. ਐੱਮ. ਤਰਨ ਤਾਰਨ ਅਰਵਿੰਦਰਪਾਲ ਸਿੰਘ ਅਤੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਹਰ ਇੱਕ ਨਾਗਰਿਕ ਦੀ ਚੰਗੀ ਨਰੋਈ ਸਿਹਤ ਪ੍ਰਤੀ ਵਚਨਬੱਧ ਹੈ ਅਤੇ ਇਸੇ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਵੱਲੋਂ ਅਨੀਮੀਆ ਮੁਕਤ ਪੰਜਾਬ ਬਣਾਉਣ ਦੇ ਮੰਤਵ ਨਾਲ ਸਕੂਲਾਂ ਦੇ ਵਿੱਚ ਪੜ੍ਹਨ ਵਾਲੀਆਂ ਸਾਡੀਆਂ ਬੱਚੀਆਂ ਦੇ ਖੂਨ ਜਾਂਚ ਮੁਹਿੰਮ ਨੂੰ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਹਿੰਮ ਦੇ ਸ਼ੁਰੂਆਤੀ ਦੌਰ ਦੌਰਾਨ ਜ਼ਿਲ੍ਹਾ ਤਰਨ ਤਾਰਨ ਦੇ ਸਰਕਾਰੀ ਸਕੂਲਾਂ 'ਚ ਛੇਵੀਂ ਤੋਂ ਬਾਰ੍ਹਵੀਂ ਜਮਾਤ ਵਿੱਚ ਪੜ੍ਹਨ ਵਾਲੀਆਂ ਲਗਭਗ 30 ਹਜ਼ਾਰ ਦੇ ਕਰੀਬ ਬੱਚੀਆਂ ਦੇ ਖੂਨ ਦੀ ਜਾਂਚ ਕਰਨ ਕੇ ਅਨੀਮੀਆ ਦਾ ਪਤਾ ਲਗਾਇਆ ਜਾਵੇਗਾ। ਉਹਨਾਂ ਕਿਹਾ ਕਿ ਜਿਹੜੀਆਂ ਵੀ ਬੱਚੀਆਂ ਅਨੀਮੀਆ ਤੋਂ ਪੀੜਿਤ ਪਾਈਆਂ ਜਾਣਗੀਆਂ, ਉਹਨਾਂ ਦਾ ਤੁਰੰਤ ਇਲਾਜ ਵੀ ਯਕੀਨੀ ਬਣਾਇਆ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਇਤਿਹਾਸਿਕ ਸਹਿਰ ਤਰਨ ਤਾਰਨ ਤੋਂ ਅਨੀਮੀਆ ਜਾਂਚ ਮੁਹਿੰਮ ਦੇ ਪਾਇਲਟ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਬੱਚੀਆਂ ਦੀ ਨਰੋਈ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਜਲਦ ਹੀ ਇਸ ਮੁਹਿੰਮ ਨੂੰ ਰਾਜ ਦੇ ਸਾਰੇ ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤਾ ਜਾਵੇਗਾ ਤਾਂ ਜੋ ਅਨੀਮੀਆ ਮੁਕਤ ਪੰਜਾਬ ਦੇ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ। ਉਹਨਾਂ ਦੱਸਿਆ ਕਿ ਜਾਂਚ ਇੱਕ ਬਹੁਤ ਹੀ ਆਧੁਨਿਕ ਉਪਕਰਨ ਨਾਲ ਕੀਤੀ ਜਾਵੇਗੀ, ਜਿੱਥੇ ਵਿਦਿਆਰਥਣਾਂ ਨੂੰ ਬਿਨਾਂ ਸੂਈ ਚੁਭਾਏ ਹੀਮੋਗਲੋਬਿਨ ਲੈਵਲ ਅਤੇ ਅਨੀਮੀਆ ਦਾ ਪਤਾ ਚੱਲ ਸਕੇਗਾ। ਡਾ. ਬਲਜੀਤ ਕੌਰ ਨੇ ਬੱਚਿਆਂ ਨੂੰ ਸਿੱਖਿਆ ਦਿੰਦਿਆਂ ਕਿਹਾ ਕਿ ਉਹ ਚੰਗੀ ਪੌਸ਼ਟਿਕ ਖੁਰਾਕ ਖਾਣ ਅਤੇ ਬਾਜ਼ਾਰੀ ਖਾਣੇ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਨ ਅਤੇ ਮਾਤਾ ਪਿਤਾ ਆਪਣੀਆਂ ਧੀਆਂ ਦੀ ਪੌਸ਼ਟਿਕ ਖੁਰਾਕ ਪ੍ਰਤੀ ਵਿਸ਼ੇਸ਼ ਧਿਆਨ ਦੇਣ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਾਲ ਮਜ਼ਦੂਰੀ ਤੇ ਬਾਲ ਭਿੱਖਿਆ ਵਿਰੁੱਧ ਵੀ ਠੋਸ ਕਦਮ ਚੁੱਕੇ ਜਾ ਰਹੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਰਾਹੁਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਨੀਮੀਆ ਜਾਂਚ ਲਈ ਸਿਹਤ ਵਿਭਾਗ ਨੂੰ ਆਧੁਨਿਕ ਉਪਕਰਨ ਮੁਹੱਈਆ ਕਰਵਾਏ ਗਏ ਹਨ, ਜਿਨ੍ਹਾਂ ਰਾਹੀਂ ਕੁਝ ਹੀ ਮਿੰਟਾਂ 'ਚ ਵਿਦਿਆਰਥਣਾਂ ਦੇ ਹੀਮੋਗਲੋਬਿਨ ਲੈਵਲ ਦਾ ਪਤਾ ਲਗਾਇਆ ਜਾ ਸਕੇਗਾ।



# ਮਾਤਾ ਸੁਰਜੀਤ ਕੌਰ ਨੂੰ ਵੱਖ:ਵੱਖ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ

**ਝਬਾਲ, (ਹਰਜਿੰਦਰ ਸਿੰਘ ਸੋਨੀ)**-ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ, ਉੱਘੇ ਲੇਖਕ ਕਾਮਰੇਡ ਜਸਬੀਰ ਸਿੰਘ ਝਬਾਲ ਦੇ ਮਾਤਾ ਅਤੇ ਸਾਬਕਾ ਡੀਜੀਪੀ ਜੇ ਐਂਡ ਕੇ ਦਿਲਬਾਗ ਸਿੰਘ ਦੇ ਭੂਆ ਜੋ ਬੀਤੇ ਦਿਨੀਂ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾਂ ਬਿਰਾਜੇ ਸਨ, ਨਮਿਤ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਜੁਝਾਰ ਐਵੇਨਿਊ ਏਅਰਪੋਰਟ ਰੋਡ ਅੰਮ੍ਰਿਤਸਰ ਵਿਖੇ ਪਾਏ ਜਾਣ ਉਪਰੰਤ ਗੁਰਦੁਆਰਾ ਸ੍ਰੀ ਪਲਾਹ ਸਾਹਿਬ ਗੁੰਮਟਾਲਾ ਅੰਮ੍ਰਿਤਸਰ ਵਿਖੇ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਮੌਕੇ ਵੱਖ: ਵੱਖ ਆਗੂਆਂ ਵਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਦਿਲਬਾਗ ਸਿੰਘ ਸਾਬਕਾ ਡੀਜੀਪੀ ਜੇ ਐਂਡ ਕੇ, ਅਮਰੀਕ ਸਿੰਘ ਵਰਪਾਲ, ਕਾਮਰੇਡ ਸੁਖਜਿੰਦਰ ਸਿੰਘ ਸੇਖੋਂ ਸਕੱਤਰ ਸੀਪੀਆਈ, ਕਾਮਰੇਡ ਸੁੱਚਾ ਸਿੰਘ, ਜਤਿੰਦਰ ਪਾਲ ਸਿੰਘ, ਸਤਿੰਦਰ ਸਿੰਘ, ਕੰਵਲਜੀਤ ਕੌਰ ਐਡਵੋਕੇਟ, ਡਾ. ਕੰਵਲਜੀਤ ਐਡਵੋਕੇਟ, ਹਰਪਾਲ ਸਿੰਘ, ਜਸਵਿੰਦਰ ਸਿੰਘ, ਮੁਰਾਰੀ ਲਾਲ, ਹੰਸਾ ਸਿੰਘ, ਮਨਜੀਤ ਕੌਰ ਐਡਵੋਕੇਟ, ਧੀਰ ਸਿੰਘ, ਅਜੀਤ ਸਿੰਘ ਨਬੀਪੁਰ, ਨਰਿੰਦਰਪਾਲ, ਨਰਿੰਦਰ ਸਿੰਘ, ਕਿਰਪਾ ਰਾਮ, ਚਰਨਜੀਤ, ਹੀਰਾ ਸਿੰਘ, ਲੇਖਕ ਗੁਰਜਿੰਦਰ ਸਿੰਘ ਬਘਿਆੜੀ ਆਦਿ ਤੋਂ ਇਲਾਵਾ ਹੋਰ ਕਈ ਸ਼ਖਸੀਅਤਾਂ ਨੇ ਮਾਤਾ ਨੂੰ ਸ਼ਰਧਾਂਜਲੀ ਭੇਟ ਕੀਤੀ।



8-Feb-PAGE-4.qxd 2/7/2025 10:55 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 8 ਫ਼ਰਵਰੀ 2025

# ਪਨਾਮਾ ਨੇ ਟਰੰਪ ਖਿਲਾਫ ਸਟੈਂਡ ਲਿਆ

*ਭਾਰਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਆਪਹੁਦਰੀਆਂ ਨੂੰ ਅਮਰੀਕਾ ਦੀ ਨੀਤੀ ਦੱਸ ਕੇ ਸਾਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਅਮਰੀਕਾ ਨੇੜਲੇ ਨਿੱਕੇ ਦੇਸ਼ ਇਨ੍ਹਾਂ ਨੂੰ ਮੰਨਣ ਲਈ ਤਿਆਰ ਨਹੀਂ। ਪਨਾਮਾ ਦੇ ਰਾਸ਼ਟਰਪਤੀ ਜੋਸ ਰਾਊਲ ਮੁਲੀਨੋ ਨੇ ਵੀਰਵਾਰ ਇੱਥੋਂ ਤੱਕ ਕਹਿ ਦਿੱਤਾ ਕਿ ਪਨਾਮਾ ਨਹਿਰ ਬਾਰੇ ਅਮਰੀਕਾ ਦਾ ਝੂਠ ਹੁਣ ਬਰਦਾਸ਼ਤ ਤੋਂ ਬਾਹਰ ਹੋ ਰਿਹਾ ਹੈ ਤੇ ਉਹ ਝੂਠ ਬੋਲਣਾ ਬੰਦ ਕਰੇ। ਅਮਰੀਕੀ ਵਿਦੇਸ਼ ਵਿਭਾਗ ਨੇ ਦਾਅਵਾ ਕੀਤਾ ਸੀ ਕਿ ਪਨਾਮਾ ਅਮਰੀਕੀ ਜਹਾਜ਼ਾਂ ਤੋਂ ਨਹਿਰੀ ਟੋਲ ਵਸੂਲਣਾ ਬੰਦ ਕਰਨ 'ਤੇ ਰਾਜ਼ੀ ਹੋ ਗਿਆ ਹੈ। ਇਸ ਨਾਲ ਅਮਰੀਕਾ ਨੂੰ ਬਹੁਤ ਫਾਇਦਾ ਹੋਵੇਗਾ। ਇਸ ਦੇ ਜਵਾਬ ਵਿੱਚ ਪਨਾਮਾ ਨਹਿਰ ਅਥਾਰਟੀ ਨੇ ਕਿਹਾ ਹੈ ਕਿ ਅਮਰੀਕਾ ਝੂਠ ਬੋਲ ਰਿਹਾ ਹੈ, ਉਸ ਨੇ ਆਪਣੀ ਫੀਸ ਵਿੱਚ ਕੋਈ ਬਦਲਾਅ ਨਹੀਂ ਕੀਤਾ। ਪਨਾਮਾ ਸਰਕਾਰ ਦਾ ਕਹਿਣਾ ਹੈ ਕਿ ਅਮਰੀਕਾ ਵੱਲੋਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਕਾਰਨ ਨਹਿਰ ਦੇ ਵਿਸ਼ਵ ਮਹੱਤਵ ਤੇ ਪਨਾਮਾ ਦੀ ਭੂਮਿਕਾ ਬਾਰੇ ਗਲਤ ਸੰਕੇਤ ਜਾ ਰਿਹਾ ਹੈ, ਜੋ ਬੰਦ ਹੋਣਾ ਚਾਹੀਦਾ ਹੈ। ਇੱਕ ਇਤਿਹਾਸਕ ਘਟਨਾਕ੍ਰਮ ਵਿੱਚ 1999 'ਚ ਪਨਾਮਾ ਨਹਿਰ ਦਾ ਪੂਰਾ ਕੰਟਰੋਲ ਪਨਾਮਾ ਸਰਕਾਰ ਨੂੰ ਟਰਾਂਸਫਰ ਕੀਤਾ ਗਿਆ ਸੀ। ਉਸ ਤੋਂ ਪਹਿਲਾਂ ਇਹ ਅਮਰੀਕਾ ਦੇ ਕੰਟਰੋਲ ਵਿੱਚ ਸੀ। ਨਹਿਰ ਪਨਾਮਾ ਲਈ ਨਾ ਸਿਰਫ ਇੱਕ ਆਰਥਕ ਸੰਪਤੀ ਹੈ, ਸਗੋਂ ਕੌਮੀ ਮਾਣ ਦਾ ਪ੍ਰਤੀਕ ਵੀ ਹੈ। ਟਰੰਪ ਨੇ ਹਾਲ ਹੀ ਵਿੱਚ ਦੋਸ਼ ਲਾਇਆ ਸੀ ਕਿ ਪਨਾਮਾ ਨਹਿਰ ਦੇ ਸੰਚਾਲਨ ਨੂੰ ਅਸਲ ਵਿੱਚ ਚੀਨ ਕੰਟਰੋਲ ਕਰ ਰਿਹਾ ਹੈ। ਅਮਰੀਕਾ ਨੇ ਨਹਿਰ ਚੀਨ ਹਵਾਲੇ ਨਹੀਂ ਸੀ ਕੀਤੀ, ਇਸ ਕਰਕੇ ਉਹ ਪਨਾਮਾ ਨਹਿਰ ਨੂੰ ਵਾਪਸ ਲੈਣਗੇ।*

*ਪਨਾਮਾ ਨਹਿਰ ਅੰਧ ਮਹਾਂਸਾਗਰ ਤੇ ਪ੍ਰਸ਼ਾਂਤ ਮਹਾਂਸਾਗਰ ਨੂੰ ਜੋੜਦੀ ਹੈ ਅਤੇ ਵਿਸ਼ਵ ਕਾਰੋਬਾਰ ਤੇ ਵਣਜ ਦਾ ਇੱਕ ਅਹਿਮ ਲਾਂਘਾ ਹੈ। ਦੁਨੀਆ ਦੇ ਸਭ ਤੋਂ ਵਿਅਸਤ ਰਹਿਣ ਵਾਲੇ ਜਲ ਮਾਰਗਾਂ ਵਿੱਚੋਂ ਇੱਕ ਪਨਾਮਾ ਨਹਿਰ ਰਾਹੀਂ ਸਾਲਾਨਾ ਲੱਖਾਂ ਟਨ ਮਾਲ ਲੰਘਦਾ ਹੈ। ਨਹਿਰ ਅਮਰੀਕੀ ਪੈਸੇ ਨਾਲ ਬਣੀ ਸੀ ਅਤੇ 1914 ਤੋਂ 1999 ਤੱਕ ਅਮਰੀਕਾ ਦੇ ਕੰਟਰੋਲ ਵਿੱਚ ਰਹੀ। ਵੇਲੇ ਦੇ ਰਾਸ਼ਟਰਪਤੀ ਜਿਮੀ ਕਾਰਟਰ ਨੇ ਇੱਕ ਸਮਝੌਤੇ ਤਹਿਤ ਇਸ ਦੀ ਮਾਲਕੀ 31 ਦਸੰਬਰ 1999 ਨੂੰ ਪਨਾਮਾ ਨੂੰ ਸੌਂਪ ਦਿੱਤੀ ਸੀ। ਕੁਝ ਅਮਰੀਕੀ ਵਿਸ਼ਲੇਸ਼ਕਾਂ ਤੇ ਆਗੂਆਂ ਵੱਲੋਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਨੂੰ ਸਖਤੀ ਨਾਲ ਝੁਠਲਾਉਂਦਿਆਂ ਪਨਾਮਾ ਦੇ ਰਾਸ਼ਟਰਪਤੀ ਮੁਲੀਨੋ ਨੇ ਕਿਹਾ ਕਿ ਇਨ੍ਹਾਂ ਦਾ ਉਦੇਸ਼ ਪਨਾਮਾ ਦੇ ਵੱਕਾਰ ਨੂੰ ਢਾਹ ਲਾਉਣਾ ਹੈ। ਪਨਾਮਾ ਸਰਕਾਰ ਨਹਿਰ ਦੇ ਸੰਚਾਲਨ ਤੇ ਰੱਖ-ਰਖਾਅ ਵਿੱਚ ਪੂਰੀ ਪਾਰਦਰਸ਼ਤਾ ਰੱਖ ਰਹੀ ਹੈ। ਨਹਿਰ ਤੋਂ ਹੁੰਦੀ ਕਮਾਈ ਦੇਸ਼ ਦੇ ਵਿਕਾਸ ਕਾਰਜਾਂ 'ਤੇ ਲਾਈ ਜਾ ਰਹੀ ਹੈ। ਨਹਿਰ ਦਾ ਪ੍ਰਬੰਧ ਆਜ਼ਾਦ ਅਦਾਰਾ 'ਪਨਾਮਾ ਨਹਿਰ ਅਥਾਰਟੀ' ਕਰਦੀ ਹੈ, ਜੋ ਕੌਮਾਂਤਰੀ ਪੈਮਾਨਿਆਂ ਦੀ ਪਾਲਣਾ ਕਰਦੀ ਹੈ। ਪਨਾਮਾ ਨੇ ਇਸ ਮਾਮਲੇ ਵਿੱਚ ਸੰਯੁਕਤ ਰਾਸ਼ਟਰ ਵਿੱਚ ਬਾਕਾਇਦਾ ਦਰਜ ਕਰਵਾਈ ਸ਼ਿਕਾਇਤ 'ਚ ਸੰਯੁਕਤ ਰਾਸ਼ਟਰ ਚਾਰਟਰ ਦੇ ਉਸ ਆਰਟੀਕਲ ਦਾ ਹਵਾਲਾ ਦਿੱਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਪਨਾਮਾ ਨਹਿਰ ਨੂੰ ਹਥਿਆਉਣ ਲਈ ਕੋਈ ਤਾਕਤ ਦੀ ਵਰਤੋਂ ਨਹੀਂ ਕਰੇਗਾ ਤੇ ਨਾ ਹੀ ਧਮਕੀ ਦੇਵੇਗਾ।*

*ਪਨਾਮਾ ਨਹਿਰ ਵਿੱਚੋਂ ਦੁਨੀਆ ਭਰ ਦੇ ਦੇਸ਼ ਆਪਣਾ ਮਾਲ ਲੰਘਾਉਂਦੇ ਹਨ। ਟਰੰਪ ਜਿਵੇਂ ਧਮਕੀਆਂ ਦੇ ਰਹੇ ਹਨ, ਉਸ ਨਾਲ ਨਹਿਰ ਦਾ ਪਾਣੀ ਗੰਧਲਾ ਹੋ ਸਕਦਾ ਹੈ। ਜੇ ਸਾਰੇ ਦੇਸ਼ਾਂ ਨੇ ਟਰੰਪ ਨੂੰ ਨਾ ਰੋਕਿਆ ਤਾਂ ਉਥਲ-ਪੁਥਲ ਮਚ ਸਕਦੀ ਹੈ। ਵਿਸ਼ਵ ਕਾਰੋਬਾਰ ਤੇ ਆਰਥਕ ਸਥਿਰਤਾ ਲਈ ਪਨਾਮਾ ਨਹਿਰ ਨੂੰ ਲੈ ਕੇ ਸ਼ਾਂਤੀ ਜ਼ਰੂਰੀ ਹੈ।*

# ਦਿੱਲੀ ਦੀ ਤਿਲਕਵੀਂ ਪਿੱਚ

ਦਿੱਲੀ ਵਿਧਾਨ ਸਭਾ ਲਈ 5 ਫਰਵਰੀ ਨੂੰ ਵੋਟਾਂ ਪੈ ਚੁੱਕੀਆਂ ਹਨ। ਤਿੰਨ ਦਿਨਾਂ ਬਾਅਦ ਅੱਠ ਫਰਵਰੀ ਨੂੰ ਜਿਉਂ-ਜਿਉਂ ਧੁੱਪ ਚਮਕੇਗੀ , ਕਿਸੇ ਇੱਕ ਪਾਰਟੀ ਦੀ ਕਿਸਮਤ ਵੀ ਚਮਕੇਗੀ। ਊਠ ਕਿਸ ਕਰਵਟ ਬੈਠਦਾ ਹੈ, 8 ਫਰਵਰੀ ਦੇ ਦੁਪਹਿਰ ਤੱਕ ਸਾਫ ਹੋ ਜਾਵੇਗਾ।

ਭਾਰਤ ਬਹੁ-ਧਰਮੀ , ਬਹੁ-ਭਾਸ਼ਾਈ ਅਤੇ ਬਹੁ-ਸੱਭਿਆਚਾਰਕ ਦੇਸ਼ ਹੈ। ਇਸ ਦੀ ਅਨੇਕਤਾ ਵਿੱਚ ਏਕਤਾ ਨੂੰ ਯਕੀਨੀ ਬਣਾਉਣ ਲਈ ਦੇਸ਼ ਅੰਦਰ ਸੰਸਦੀ ਪ੍ਰਣਾਲੀ ਹੈ, ਜਿਸ ਤਹਿਤ ਸੂਬਿਆਂ ਦੀਆਂ ਆਪਣੀਆਂ ਸਰਕਾਰਾਂ ਹਨ ਅਤੇ ਇਹਨਾਂ ਦੇ ਨਾਲ-ਨਾਲ ਕੇਂਦਰ ਸ਼ਾਸਤ ਪ੍ਰਦੇਸ਼ ਵੀ ਹਨ। ਦਿੱਲੀ ਭਾਰਤ ਦਾ ਇੱਕੋ-ਇੱਕ ਅਜਿਹਾ ਸੂਬਾ ਹੈ, ਜਿਸ ਦਾ ਥੋੜ੍ਹਾ ਬਹੁਤਾ ਖ਼ਾਸਾ ਕੇਂਦਰ ਸ਼ਾਸਤ ਪ੍ਰਦੇਸ਼ ਵਾਲਾ ਵੀ ਹੀ ਅਤੇ ਜਿਸ ਦੀ ਆਪਣੀ ਲੋਕਾਂ ਦੀ ਚੁਣੀ ਹੋਈ 70 ਮੈਂਬਰੀ ਵਿਧਾਨ ਸਭਾ ਵੀ ਹੈ। ਦਿੱਲੀ ਨੂੰ ਇਹ ਖਾਸ ਰੁਤਬਾ ਗੌਰਮਿੰਟ ਆਫ ਨੈਸ਼ਨਲ ਕੈਪੀਟਲ ਟੇਰਿਟਰੀ ਆਫ ਦਿੱਲੀ ਐਕਟ 1991 ਰਾਹੀਂ ਹਾਸਲ ਹੋਇਆ ਹੈ।

ਦਿੱਲੀ ਵਿੱਚ ਪਹਿਲੀ ਵਿਧਾਨ ਸਭਾ ਚੋਣ 1952 ਵਿੱਚ ਹੋਈ ਸੀ। ਉਪਰੋਕਤ ਐਕਟ ਬਣਨ ਤੋਂ ਬਾਅਦ 1993 ਵਿੱਚ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਦਿੱਲੀ ਵਿਧਾਨ ਸਭਾ ਲਈ ਵੋਟਾਂ ਪਾਈਆਂ ਗਈਆਂ ਸਨ। ਇਸ ਤਰ੍ਹਾਂ 37 ਸਾਲਾਂ ਤੱਕ ਦਿੱਲੀ ਬਿਨਾਂ ਐਮ ਐੱਲ ਏ ਅਤੇ ਬਿਨਾਂ ਮੁੱਖ ਮੰਤਰੀ ਦੇ ਰਹੀ। 1993 ਵਿੱਚ ਦਿੱਲੀ ਵਿੱਚ ਦੁਬਾਰਾ ਲੋਕਤੰਤਰ ਪਰਤਿਆ ਅਤੇ ਮਦਨ ਲਾਲ ਖੁਰਾਣਾ ਦੀ ਅਗਵਾਈ ਵਿੱਚ ਭਾਜਪਾ ਨੇ ਪ੍ਰਚੰਡ ਬਹੁਮਤ ਪ੍ਰਾਪਤ ਕੀਤਾ। ਇਹ ਵੱਖਰੀ ਗੱਲ ਹੈ ਕਿ ਵਿਧਾਨ ਸਭਾ ਦੇ ਇਸ ਪੰਜ ਸਾਲ ਦੇ ਵਕਫੇ ਦੌਰਾਨ ਪਾਰਟੀ ਨੂੰ ਕਈ ਮੁੱਖ ਮੰਤਰੀ ਬਦਲਣੇ ਪਏ।

1998 ਵਿੱਚ ਹੋਏ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਹੱਥੋਂ ਸੱਤਾ ਖੁਸ ਗਈ ਅਤੇ ਕਾਂਗਰਸ ਬਾਜ਼ੀ ਮਾਰ ਗਈ। ਲਗਾਤਾਰ ਤਿੰਨ ਵਾਰ ਸ਼ੀਲਾ ਦੀਕਸ਼ਤ ਦੀ ਅਗਵਾਈ ਵਿੱਚ ਕਾਂਗਰਸ ਦੀ ਸਰਕਾਰ ਬਣਦੀ ਰਹੀ। ਜ਼ਿਕਰਯੋਗ ਹੈ ਕਿ ਉਸ ਸਮੇਂ ਦੌਰਾਨ ਕੇਂਦਰ ਵਿਚ ਵੀ ਜ਼ਿਆਦਾਤਰ ਕਾਂਗਰਸ ਪਾਰਟੀ ਦੀ ਸਰਕਾਰ ਹੀ ਰਹੀ।2012 ਵਿੱਚ ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵਿੱਚੋਂ ਪੈਦਾ ਹੋਈ ਆਮ ਆਦਮੀ ਪਾਰਟੀ ਵਿਵਸਥਾ ਬਦਲਣ ਦੇ ਨਾਹਰੇ ਨਾਲ 28 ਦਸੰਬਰ 2013 ਨੂੰ ਪਹਿਲੀ ਵਾਰ ਸੱਤਾ ਵਿੱਚ ਅਜਿਹੀ ਆਈ ਕਿ ਦਿੱਲੀ ਵਿੱਚ ਅੱਜ ਤੱਕ ਇਸ ਨੇ ਪੈਰ ਜਮਾਏ ਹੋਏ ਹਨ। ਕਿਸੇ ਸਮੇਂ ਦੀ ਦੇਸ਼ ਦੀ ਇੱਕ ਨੰਬਰ ਦੀ ਪਾਰਟੀ ਕਾਂਗਰਸ ਨੂੰ ਇਸ ਨੇ ਅਜਿਹੀ ਪਟਕਣੀ ਮਾਰੀ ਕਿ 70 ਮੈਂਬਰੀ ਵਿਧਾਨ ਸਭਾ ਵਿੱਚ ਕਾਂਗਰਸ ਦੇ ਮੈਂਬਰਾਂ ਦੀ ਗਿਣਤੀ ਸਿਫ਼ਰ ਹੋ ਕੇ ਰਹਿ ਗਈ। ਦੇਸ਼ ਦੁਨੀਆ ਦੀ ਸਭ ਤੋਂ ਵੱਡੀ ਅਤੇ ਆਰਥਿਕ ਪੱਖੋਂ ਸਭ ਤੋਂ ਸ਼ਕਤੀਸ਼ਾਲੀ ਪਾਰਟੀ ਨਾਲ ਵੀ ਓਦੋਂ ਬਹੁਤ ਮਾੜੀ ਹੋਈ, ਜਦੋਂ ਉਸ ਦੇ ਮੈਂਬਰਾਂ ਦੀ ਗਿਣਤੀ ਇੱਕ ਵਾਰ 2 ਅਤੇ ਇੱਕ ਵਾਰ ਸਿਰਫ 8 ਤੱਕ ਸੀਮਤ ਹੋ ਕੇ ਰਹਿ ਗਈ। ਪਿਛਲੇ ਲੱਗਭੱਗ 12 ਸਾਲਾਂ ਤੋਂ ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਓਦੋਂ ਤੋਂ ਹੀ ਕੇਂਦਰ ਦੀ ਸੱਤਾ ਭਾਜਪਾ ਦੇ ਹੱਥਾਂ ਵਿੱਚ ਹੈ। ਇਸ ਸਮੇਂ ਦੌਰਾਨ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਕੇਂਦਰ ਦੀ ਭਾਜਪਾ ਸਰਕਾਰ ਵਿਚਕਾਰ 36 ਦਾ ਅੰਕੜਾ ਰਿਹਾ ਹੈ। ਦਿੱਲੀ ਦੀ ਆਮ ਆਦਮੀ ਦੀ ਸਰਕਾਰ ਨੂੰ ਗਿਲਾ ਰਹਿੰਦਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਉਸ ਨੂੰ ਖੁੱਲ੍ਹ ਕੇ ਆਪਣੀਆਂ ਨੀਤੀਆਂ ਲਾਗੂ ਨਹੀਂ ਕਰਨ ਦੇ ਰਹੀ ਅਤੇ ਬਹਾਨੇ ਭਾਲ ਕੇ ਉਸ ਦੇ ਸਰਕਰਦਾ ਲੀਡਰਾਂ ਨੂੰ ਆਨੇ-ਬਹਾਨੇ ਜੇਲ੍ਹਾਂ ਵਿੱਚ ਤੁੰਨੀ ਰੱਖਦੀ ਹੈ।

ਜਿਸ ਤਰ੍ਹਾਂ ਭਾਰਤੀ ਜਨਤਾ ਪਾਰਟੀ ਕੋਲ ਇੱਕੋ-ਇੱਕ ਨਿਰਵਿਵਾਦਤ ਨੇਤਾ ਨਰਿੰਦਰ ਮੋਦੀ ਹੈ, ਉਸ ਤਰ੍ਹਾਂ ਆਮ ਆਦਮੀ ਪਾਰਟੀ ਕੋਲ ਵੀ ਅੱਜ ਦੇ ਦਿਨ ਅਰਵਿੰਦ ਕੇਜਰੀਵਾਲ ਨਿਰਵਿਵਾਦਤ ਨੇਤਾ ਦੇ ਰੂਪ ਵਿੱਚ ਮੌਜੂਦ ਹੈ। ਪਿਛਲੀਆਂ ਚੋਣਾਂ ਦੌਰਾਨ ਭਾਜਪਾ ਨੇ ਇੱਕ ਵਾਰ ਕਿਰਨ ਬੇਦੀ ਅਤੇ ਇੱਕ ਵਾਰ ਡਾਕਟਰ ਹਰਸ਼ਵਰਧਨ ਨੂੰ ਮੁੱਖ ਮੰਤਰੀ ਦੀ ਕੁਰਸੀ ਦੇ ਦਾਅਵੇਦਾਰ ਬਣਾ ਕੇ ਚੋਣਾਂ ਲੜੀਆਂ, ਪ੍ਰੰਤੂ ਪਾਰਟੀ ਦਾ ਇਹ ਤਜਰਬਾ ਸਫਲ ਨਹੀਂ ਰਿਹਾ। ਇਸ ਲਈ ਇਸ ਵਾਰ ਭਾਜਪਾ ਅਤੇ ਕਾਂਗਰਸ ਨੇ ਆਪਣੇ ਕਿਸੇ ਵੀ ਨੇਤਾ ਨੂੰ ਮੁੱਖ ਮੰਤਰੀ ਦੇ ਅਹੁਦੇ ਦੇ ਉਮੀਦਵਾਰ 'ਤੇ ਪੇਸ਼ ਨਹੀਂ ਕੀਤਾ, ਪ੍ਰੰਤੂ ਜਿੱਤ ਜਾਣ ਦੀ ਸੂਰਤ ਵਿੱਚ ਆਮ ਆਦਮੀ ਪਾਰਟੀ ਵੱਲੋਂ ਅਰਵਿੰਦ ਕੇਜਰੀਵਾਲ ਹੀ ਮੁੱਖ ਮੰਤਰੀ ਦੀ ਕੁਰਸੀ ਦਾ ਦਾਅਵੇਦਾਰ ਹੋਵੇਗਾ, ਇਹ ਨਿਸਚਿਤ ਹੈ।ਦਿੱਲੀ ਦੇਸ਼ ਦੀ ਰਾਜਧਾਨੀ ਵੀ ਹੀ। ਇਕੱਲੇ ਭਾਰਤੀਆਂ ਦੀਆਂ ਹੀ ਨਹੀਂ , ਦੁਨੀਆ ਦੀਆਂ ਨਜ਼ਰਾਂ ਵੀ ਦਿੱਲੀ ਵਿੱਚ ਹੋਈਆਂ ਚੋਣਾਂ ਦੇ ਨਤੀਜਿਆਂ 'ਤੇ ਟਿਕੀਆਂ ਹੋਈਆਂ ਹਨ। ਇਸੇ ਮਹੀਨੇ ਦੀ 5 ਤਰੀਖ ਨੂੰ ਹੋਈਆਂ ਵੋਟਾਂ ਵਿੱਚ ਮੁਕਾਬਲੇ ਵਿੱਚ ਤਿੰਨ ਧਿਰਾਂ , ਭਾਜਪਾ, ਆਮ ਆਦਮੀ ਪਾਰਟੀ ਅਤੇ ਕਾਂਗਰਸ ਹਨ। ਰਾਜਨੀਤਕ ਵਿਸ਼ਲੇਸ਼ਕ ਅਤੇ ਦੇਸ਼ ਦਾ ਪ੍ਰਬਲ ਇਲੈਕਟ੍ਰੌਨਿਕ ਮੀਡੀਆ ਕਾਂਗਰਸ ਨੂੰ ਜ਼ਿਆਦਾ ਤਵੱਜੋ ਨਹੀਂ ਦੇ ਰਿਹਾ। ਮੁਕਾਬਲਾ ਸਿਰਫ ਅਤੇ ਸਿਰਫ ਆਪ ਅਤੇ ਭਾਜਪਾ ਵਿਚਕਾਰ ਹੀ ਦਿਖਾਈ ਦੇ ਰਿਹਾ ਹੈ। ਸਰਕਾਰ ਕਿਸੇ ਵੀ ਪਾਰਟੀ ਦੀ ਬਣੇ , ਲਮਕਵੀਂ ਨਾ ਬਣੇ। ਸਪੱਸ਼ਟ ਬਹੁਮਤ ਸਰਕਾਰ ਹੀ ਦਿੱਲੀ ਦੇ ਢੁਕਵੇਂ ਵਿਕਾਸ ਲਈ ਠੋਸ ਫੈਸਲੇ ਲੈ ਸਕਣ ਦੇ ਕਾਬਲ ਹੋਵੇਗੀ। ਦੂਜੇ ਸਰਕਾਰ ਕਿਸੇ ਦੀ ਵੀ ਹੋਵੇ , ਜਿੱਤ ਲੋਕਤੰਤਰ ਦੀ ਹੀ ਹੋਣੀ ਚਾਹੀਦੀ ਹੈ।

**-ਜਗਦੇਵ ਸ਼ਰਮਾ ਬੁਗਰਾ, 98727-87243**

# ਬੇਰੁਜ਼ਗਾਰੀ ਤੇ ਕੰਮ ਦੇ ਘੰਟਿਆਂ ਦਾ ਸਵਾਲ

*ਮੁਕਤੀ ਸੰਘਰਸ਼ ਵਿੱਚ ਹੀ ਛਪੀ ਅਰੁਣ ਸ੍ਰੀਵਾਸਤਵ ਦੀ ਲਿਖਤ ਅਨੁਸਾਰ, ਜਦੋਂ ਕਿ ਪੂੰਜੀਵਾਦੀ ਦੇਸ਼ਾਂ ਵਿੱਚ ਆਮ ਤੌਰ 'ਤੇ ਵਿਕਾਸਸ਼ੀਲ ਦੇਸ਼ਾਂ ਦੀ ਤੁਲਨਾ ਵਿੱਚ ਕੰਮ ਦੇ ਘੰਟੇ ਘੱਟ ਹੁੰਦੇ ਹਨ ਅਤੇ ਹਾਲ ਦਿਆਂ ਸਾਲਾਂ ਵਿੱਚ ਉਨ੍ਹਾਂ ਵਿੱਚੋਂ ਕੁਝ ਨੇ ਕੰਮ ਦੇ ਘੰਟਿਆਂ ਨੂੰ ਹੋਰ ਵੀ ਘੱਟ ਕਰ ਦਿੱਤਾ ਹੈ। ਇਸ ਦੇ ਉਲਟ ਹਿੰਦੁਸਤਾਨੀ ਦਿਗਜ਼ ਕੰਮ ਦੇ ਘੰਟੇ ਵਧਾਉਣ ਲਈ ਤਰਸ ਰਹੇ ਹਨ। ਕੰਮ ਦੇ ਘੰਟਿਆਂ ਬਾਰੇ ਮਹਿੰਦਰਾ ਸਮੂਹ ਦੇ ਚੇਅਰਮੈਨ ਆਨੰਦ ਮਹਿੰਦਰਾ ਅਨੁਸਾਰ ਕੰਮ ਦੀ ਗੁਣਵੱਤਾ ਘੱਟ ਕੀਤੇ ਗਏ ਘੰਟਿਆਂ ਦੀ ਗਿਣਤੀ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ। ਉਨ੍ਹਾ ਕੰਮ ਦੇ ਘੰਟੇ ਵਧਾਉਣ ਦੀ ਵਿਰੋਧਤਾ ਕਰਦਿਆਂ ਹੋਇਆਂ ਕਿਹਾ-ਘੱਟ ਸਮੇਂ ਵਿੱਚ ਹੀ ਪ੍ਰਭਾਵਸ਼ਾਲੀ ਕੰਮ ਕੀਤਾ ਜਾ ਸਕਦਾ ਹੈ।ਉਨ੍ਹਾਂ ਜੋਰ ਦੇ ਕੇ ਕਿਹਾ-ਮੈਂ ਵਾਸਤਵ ਵਿੱਚ ਇਹ ਨਹੀਂ ਸਮਝ ਸਕਿਆ ਕਿ ਵਪਾਰ ਪ੍ਰਬੰਧਕ ਅਤੇ ਮਾਲਕ ਕੰਮ ਦਾ ਲੰਮਾ ਸਮਾਂ ਕਿਉਂ ਰੱਖਦੇ ਹਨ, ਜਦੋਂ ਕਿ ਉਤਪਾਦਕਤਾ ਅਤੇ ਲਾਭ ਸਪੱਸ਼ਟ ਰੂਪ ਵਿੱਚ ਕੰਮ ਦੇ ਹਫ਼ਤੇ ਘੱਟ ਵਿੱਚ ਜ਼ਿਆਦਾ ਰਿਹਾ ਹੈ। ਮੈਂ ਵੇਖ ਸਕਦਾ ਹਾਂ ਕਿ ਇਹ ਸੱਚ ਹੈ,ਅਗਰ ਕੇਵਲ ਇਸ ਤੱਥ ਦੇ ਆਧਾਰ 'ਤੇ ਵੇਖਿਆ ਜਾਂਦਾ, ਜਦੋਂ ਚਾਰ ਦਿਨ ਦਾ ਕੰਮ ਹਫ਼ਤਾ ਹੁੰਦਾ, ਜੋ ਸਾਡੇ ਕੋਲ ਨਹੀਂ ਹੈ।*

**ਡਾਕਟਰ ਬੀ ਕੇ ਕਾਂਗੋ**
ਅਨੁ. : ਪਿਰਥੀਪਾਲ ਸਿੰਘ ਮਾੜੀਮੇਘਾ

ਪੂੰਜੀਵਾਦੀ ਪ੍ਰਬੰਧ ਕਦੀ ਵੀ ਪੂਰਨ ਰੁਜ਼ਗਾਰ ਦੇ ਲਈ ਕੰਮ ਨਹੀਂ ਕਰਦਾ, ਉਹ ਹਮੇਸ਼ਾ ਮਜਦੂਰੀ ਘੱਟ ਰੱਖਣ ਅਤੇ ਜ਼ਿਆਦਾ ਲਾਭ ਯਕੀਨੀ ਬਣਾਉਣ ਲਈ ਕੰਮ ਕਰਦਾ ਹੈ। ਉਕਤ ਸੋਚ ਨੂੰ ਕਾਮਯਾਬ ਕਰਨ ਲਈ ਪੂੰਜੀਵਾਦ ਵੱਲੋਂ ਮਜ਼ਦੂਰਾਂ ਦਾ ਕੁਝ ਹਿੱਸਾ ਪੱਕੇ ਤੌਰ 'ਤੇ ਬੇਰੁਜ਼ਗਾਰ ਰੱਖਣਾ ਅਤੇ ਕੰਮ 'ਤੇ ਲੱਗੇ ਮਜ਼ਦੂਰਾਂ ਵਿੱਚ ਨੌਕਰੀ ਖੁੱਸਣ ਦਾ ਡਰ ਵੀ ਬਣਾ ਕੇ ਰੱਖਣਾ ਹੁੰਦਾ ਹੈ।

ਸਮਾਜ ਵਿੱਚ ਫਿਰ ਵੀ ਇੱਕ ਨਿਸਚਿਤ ਪੱਧਰ ਤੋਂ ਵਧੇਰੇ ਬੇਰੁਜ਼ਗਾਰੀ ਬਰਦਾਸ਼ਤ ਨਹੀਂ ਕੀਤੀ ਜਾਂਦੀ। ਇਸੇ ਕਰਕੇ ਜ਼ਿਆਦਾਤਰ ਯੂਰਪੀ ਤੇ ਅਮਰੀਕੀ ਟੈਲੀਵਿਜ਼ਨ 'ਤੇ ਰੋਜ਼ ਦੇ ਰੋਜ਼ ਬੇਰੁਜ਼ਗਾਰੀ ਦੇ ਅੰਕੜੇ ਅਕਸਰ ਵਿਖਾਏ ਜਾਂਦੇ ਹਨ। ਹਕੀਕਤ ਵਿੱਚ ਪੂੰਜੀਵਾਦੀ ਰੁਝਾਨ ਆਪਣੇ ਆਰਥਕ ਪ੍ਰਬੰਧ ਵਿੱਚ ਰੁਜ਼ਗਾਰ ਦੀ ਰੂਪ-ਰੇਖਾ ਬਦਲ ਰਹੇ ਹਨ ਅਤੇ ਉਨ੍ਹਾਂ ਦੀ ਇਹ ਮੰਗ ਹੈ ਕਿ ਰੁਜ਼ਗਾਰ ਦੇ ਅੰਕੜਿਆਂ ਵਿੱਚ ਸਵੈ-ਰੋਜ਼ਗਾਰ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਨਾਲ ਹੀ ਆਖਦੇ ਹਨ ਕਿ ਇਸ ਮੰਗ ਦਾ ਅਧਿਐਨ ਕਰਨਾ ਵੀ ਜ਼ਰੂਰੀ ਹੈ।ਇਹ ਇੱਕ ਤੱਥ ਹੈ ਕਿ ਜਿਵੇਂ-ਜਿਵੇਂ ਸੇਵਾ ਖੇਤਰ ਦਾ ਹਿੱਸਾ ਕੁੱਲ ਘਰੇਲੂ ਉਤਪਾਦ ਵਿੱਚ ਵਧਦਾ ਹੈ ਅਤੇ ਤਥਾਕਥਿਤ (ਜੋ ਮੂਲ ਰੂਪ ਵਿੱਚ ਨਾ ਹੋਵੇ, ਪਰ ਨਾਂਅ ਤੋਂ ਪ੍ਰਚੱਲਤ ਹੋਵੇ) ਸਵੈ-ਰੋਜ਼ਗਾਰ ਦੇ ਨਾਲ-ਨਾਲ ਠੇਕਾ ਕਰਮਚਾਰੀਆਂ ਦੀ ਗਿਣਤੀ ਵਧਦੀ ਹੈ। ਇਸ ਹਾਲਤ ਵਿੱਚ ਸਮਾਜ ਦੇ ਇਸ ਵਰਗ ਦੀ ਜੀਵਨ ਹਾਲਤ ਅਤੇ ਸਮਾਜਿਕ ਸੁਰੱਖਿਆ ਮਹੱਤਵਪੂਰਨ ਹੋ ਜਾਂਦੀ ਹੈ।

ਰੂਸ ਦੀ 1917 ਦੀ ਮਹਾਨ ਸਮਾਜਵਾਦੀ ਕਰਾਂਤੀ ਦੇ ਬਾਅਦ ਅਤੇ ਕਿਰਤੀਆਂ ਦੇ ਆਪਣੇ ਲਗਾਤਾਰ ਸੰਘਰਸ਼ਾਂ ਰਾਹੀਂ ਮਜ਼ਦੂਰਾਂ ਨੇ ਟਰੇਡ ਯੂਨੀਅਨਾਂ ਜਥੇਬੰਦ ਕੀਤੀਆਂ, 8 ਘੰਟੇ ਕੰਮ ਦਿਹਾੜੀ, ਘੱਟੋ-ਘੱਟ ਮਜ਼ਦੂਰੀ ਆਦਿ ਵਰਗੇ ਕਈ ਅਧਿਕਾਰ ਜਿੱਤੇ। ਇਹ ਜ਼ਿਕਰਯੋਗ ਹੈ ਕਿ ਜਦੋਂ ਦੁਨੀਆ ਭਰ ਨੂੰ 1929-30 ਵਿੱਚ ਪੂੰਜੀਵਾਦ ਦੇ ਆਮ ਸੰਕਟ ਦਾ ਸਾਹਮਣਾ ਕਰਨਾ ਪਿਆ ਅਤੇ ਉਸ ਦੇ ਬਾਅਦ ਮੰਦਵਾੜਾ ਆਇਆ ਤੇ ਸੋਵੀਅਤ ਸੰਘ ਵਿੱਚ ਇਸ ਸੰਕਟ ਦਾ ਉਸ ਤਰ੍ਹਾਂ ਦਾ ਪ੍ਰਕੋਪ ਨਹੀਂ ਹੋਇਆ। ਉਦੋਂ ਇਹ ਨਤੀਜਾ ਕੱਢਿਆ ਗਿਆ ਸੀ ਕਿ ਸਾਰਿਆਂ ਦੇ ਲਈ ਰੁਜ਼ਗਾਰ ਯਕੀਨੀ ਹੋਣ ਦੇ ਢੰਗ ਨੇ ਹੀ ਸਮਾਜਵਾਦੀ ਦੁਨੀਆ ਵਿੱਚ ਬਾਜ਼ਾਰ ਦੀ ਰੱਖਿਆ ਕੀਤੀ ਹੈ। ਇਸ ਤੋਂ ਸਬਕ ਸਿੱਖਦੇ ਹੋਏ ਜਲਦੀ ਹੀ ਪੂੰਜੀਵਾਦੀ ਪ੍ਰਬੰਧ ਨੇ ਕਲਿਆਣਕਾਰੀ ਅਰਥਸ਼ਾਸਤਰ ਨੂੰ ਅਪਨਾਇਆ ਅਤੇ ਅਸੀਂ ਵੇਖਿਆ ਹੈ ਕਿ ਦੁਨੀਆਂ ਵਿੱਚ ਟਰੇਡ ਯੂਨੀਅਨਾਂ ਬਣੀਆਂ, ਤਨਖਾਹ/ਮਜ਼ਦੂਰੀ ਵਿੱਚ ਵਾਧਾ ਹੋਇਆ, ਪੀ ਐੱਫ, ਈ ਐੱਸ ਆਈ ਸੀ, ਮਹਿੰਗਾਈ ਭੱਤਾ, ਬੇਰੁਜ਼ਗਾਰੀ ਬੀਮਾ ਸੰਬੰਧੀ ਕਾਨੂੰਨ ਬਣੇ ਅਤੇ ਉਦਯੋਗ ਬੰਦ ਕਰਨ ਦੇ ਖਿਲਾਫ ਵੀ ਕਈ ਕਾਨੂੰਨ ਬਣਾਏ ਗਏ। ਇਹ ਸਭ ਇਸ ਲਈ ਸੰਭਵ ਹੋਇਆ ਕਿ ਮਜ਼ਦੂਰਾਂ ਨੇ ਉਕਤ ਪ੍ਰਾਪਤੀਆਂ ਦੇ ਲਈ ਸੰਘਰਸ਼ ਕੀਤਾ ਸੀ।

ਨਵੀਂ ਤਕਨੀਕ ਦਾ ਆਉਣਾ, ਸਮਾਜਵਾਦੀ ਪ੍ਰਬੰਧ ਦਾ ਕੰਮਜ਼ੋਰ ਹੋਣਾ, ਟਰੇਡ ਯੂਨੀਅਨਾਂ ਦੀ ਤਾਕਤ ਵਿੱਚ ਕਮਜ਼ੋਰੀ ਆਉਣੀ, ਸਰਵ-ਸਾਂਝੇ ਖੇਤਰ ਵਿੱਚ ਕਾਫ਼ੀ ਹੱਦ ਤੱਕ ਕਮਜ਼ੋਰੀ ਆਉਣ ਵਰਗੇ ਕਾਰਨਾਂ ਦੇ ਚਲਦੇ ਮਜ਼ਦੂਰਾਂ ਨੂੰ ਮਿਲੇ ਕੁਝ ਲਾਭਾਂ ਨੂੰ ਪੂੰਜੀਵਾਦੀ ਪ੍ਰਬੰਧ ਵੱਲੋਂ ਵਾਪਸ ਲੈਣਾ ਜਾਂ ਘੱਟ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਭਾਰਤ ਵਿੱਚ 40 ਮਜ਼ਦੂਰ ਕਾਨੂੰਨਾਂ ਦੀ ਥਾਂ 4 ਨਵੇਂ ਲੇਬਰ ਕੋਡ ਦੇ ਕਾਨੂੰਨ ਦਾ ਲਿਆਂਦਾ ਜਾਣਾ ਇਸੇ ਸਿਲਸਿਲੇ ਦਾ ਹਿੱਸਾ ਹੈ। ਜਿਹੜੇ ਚਾਰ ਨਵੇਂ ਲੇਬਰ ਕੋਡ ਕਾਨੂੰਨਾਂ ਨੂੰ ਲਿਆਂਦਾ ਜਾ ਰਿਹਾ ਹੈ, ਉਨ੍ਹਾਂ ਦੇ ਰਾਹੀਂ ਮਜ਼ਦੂਰਾਂ ਨੂੰ ਮਿਲੇ ਲਾਭ ਤੇ ਅਧਿਕਾਰ ਨੂੰ ਘੱਟ ਕਰਨਾ ਹੈ ਅਤੇ ਨਾਲ ਹੀ ਪੂੰਜੀਪਤੀਆਂ ਦੀਆਂ ਮਜ਼ਦੂਰ ਪੱਖੀ ਜ਼ਿੰਮੇਵਾਰੀਆਂ ਨੂੰ ਘੱਟ ਕਰਨਾ ਹੈ। ਦਰਅਸਲ ਇਹ ਕਾਨੂੰਨ ਪੂੰਜੀਪਤੀਆਂ ਦੇ ਪੱਖ ਦੀ ਪੂਰਤੀ ਕਰਨ ਦੀ ਦਿਸ਼ਾ ਵਿੱਚ ਹਨ। ਇਹ ਲੇਬਰ ਕੋਡ ਮਜ਼ਦੂਰ ਵਰਗ ਲਈ ਜ਼ਿੰਦਗੀ ਦੀ ਸਮਾਜਿਕ ਸੁਰੱਖਿਆ ਪ੍ਰਦਾਨ ਨਹੀਂ ਕਰਦੇ ਅਤੇ ਇਸ ਲਈ ਪੂੰਜੀਵਾਦ ਦਾ ਇਹ ਬਦਲਦਾ ਹੋਇਆ ਆਰਥਕ, ਸਮਾਜਿਕ ਪ੍ਰਬੰਧ ਆਮ ਲੋਕਾਂ ਦੇ ਵੇਖਣ ਯੋਗ ਨਹੀਂ ਹੈ।

ਸਮਾਜਿਕ ਸੁਰੱਖਿਆ ਅਤੇ ਪੱਕਾ ਰੁਜ਼ਗਾਰ ਉਦਯੋਗਿਕ ਆਰਥਕ ਹਾਲਤ ਦੀ ਰੀੜ੍ਹ ਦੀ ਹੱਡੀ ਬਰਾਬਰ ਸੀ ਤੇ ਹੈ। ਵਿੱਤੀ ਪੂੰਜੀ ਦੇ ਯੁੱਗ ਵਿੱਚ ਇਸ ਵਿੱਚ ਬਦਲਾਅ ਆਇਆ ਅਤੇ ਸਮਾਜਿਕ ਸੁਰੱਖਿਆ ਮਜ਼ਦੂਰਾਂ ਦੇ ਕੁਝ ਵਰਗ ਤੱਕ ਹੀ ਸੀਮਤ ਹੋ ਗਈ ਅਤੇ ਨੌਕਰੀ ਦੀ ਸੁਰੱਖਿਆ ਵੀ ਘੱਟ ਹੁੰਦੀ ਜਾ ਰਹੀ ਹੈ। ਏ ਆਈ (ਬਣਾਉਟੀ ਬੁੱਧੀ) ਅਤੇ ਰੋਬੋਟਿਕਸ ਦੇ ਆਉਣ ਨਾਲ ਰੁਜ਼ਗਾਰ ਵਿਖਾਉਣ ਵਿੱਚ ਹੋਰ ਬਦਲਾਅ ਆ ਰਿਹਾ ਹੈ। ਏ ਆਈ ਦੇ ਕਾਰਨ ਅਕਾਊਂਟੈਂਟ ਚਾਰਟਰਡ, ਕਾਨੂੰਨੀ ਗਿਆਨਵਾਨ ਆਦਿ ਵਰਗੀਆਂ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਖੋਹਣ ਦੀ ਸੰਭਾਵਨਾ ਹੈ। ਜਿਹੜਾ ਮੱਧ ਵਰਗ ਅਤੇ ਟਰੇਡ ਮਜ਼ਦੂਰ ਹੁਣ ਤੱਕ ਇਹ ਮਹਿਸੂਸ ਕਰਦੇ ਆ ਰਹੇ ਹਨ ਕਿ ਉਹ ਸੁਰੱਖਿਅਤ ਹਨ, ਹੁਣ ਉਨ੍ਹਾਂ ਨੂੰ ਵੀ ਨੌਕਰੀ ਖੁੱਸਣ ਦਾ ਖਤਰਾ ਪੈਦਾ ਹੋ ਰਿਹਾ ਹੈ। ਇਹ ਸ਼ਬਦ ਪ੍ਰਸਿੱਧ ਅਰਥ ਸ਼ਾਸਤਰੀ ਅਭਿਜੀਤ ਬੈਨਰਜੀ ਨੇ ਆਪਣੀ ਹਾਲੀਆ ਖੋਜ ਵਿੱਚ ਦੱਸਿਆ, ਜਦੋਂ ਉਹ ਵਧਦੀ ਅਸਮਾਨਤਾ ਦੇ ਬਾਰੇ ਬੋਲ ਰਹੇ ਸਨ। ਚਿੰਤਾ ਦਾ ਇੱਕ ਹੋਰ ਖੇਤਰ ਕੰਮ ਦੇ ਘੰਟਿਆਂ ਵਿੱਚ ਵਾਧੇ ਦੀ ਮੰਗ ਹੈ।

ਇੰਫੋਸਿਸ ਦੇ ਸੰਸਥਾਪਕ ਨਰਾਇਣ ਮੂਰਤੀ ਨੇ ਇੱਕ ਹਫ਼ਤੇ ਵਿੱਚ 70 ਘੰਟੇ ਅਤੇ ਏਲਈਡੀਟੀ ਦੇ ਸੀ ਈ ਓ ਸੁਬਰਾਮਨੀਅਮ ਨੇ ਇੱਕ ਹਫ਼ਤੇ ਵਿੱਚ 90 ਘੰਟੇ ਕੰਮ ਕਰਨ ਦੀ ਗੱਲ ਕੀਤੀ ਹੈ। ਇਹ ਧਿਆਨ ਦੇਣ ਵਾਲੀ ਗੱਲ ਹੈ ਕਿ ਦੋਵਾਂ ਨੇ ਹੀ ਮਜ਼ਦੂਰਾਂ ਦੀ ਤਨਖਾਹ ਵਿੱਚ ਵਾਧੇ ਦੇ ਬਾਰੇ ਵਿੱਚ ਕੁਝ ਨਹੀਂ ਕਿਹਾ, ਜਦੋਂ ਕਿ ਤੱਥ ਇਹ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਸੀ ਈ ਓ ਅਤੇ ਸਿਰੇ 'ਤੇ ਬੈਠੇ ਕਈ ਲੋਕਾਂ ਦੀਆਂ ਤਨਖਾਹਾਂ ਵਿੱਚ ਹੋਰਨਾਂ ਕਰਮਚਾਰੀਆਂ ਦੀ ਤੁਲਨਾ ਵਿੱਚ 600 ਪ੍ਰਤੀਸ਼ਤ ਤੋਂ ਜ਼ਿਆਦਾ ਵਾਧਾ ਹੋਇਆ ਹੈ। ਇਸ ਨਾਲ ਅਸਮਾਨਤਾ ਵਧੀ ਅਤੇ ਬਾਜ਼ਾਰ ਦੀ ਆਰਥਕ ਖਪਤ ਘੱਟ ਹੋਈ ਹੈ।

8 ਘੰਟੇ ਕੰਮ 19ਵੀਂ ਸਦੀ ਦੇ ਅੰਤ ਵਿੱਚ ਮਜ਼ਦੂਰਾਂ ਦੇ ਲੰਮੇ ਸੰਘਰਸ਼ ਤੋਂ ਬਾਅਦ ਟਰੇਡ ਯੂਨੀਅਨ ਅੰਦੋਲਨ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ। ਮਜ਼ਦੂਰ ਦਿਵਸ ਦੇ ਰੂਪ ਵਿੱਚ ਪਹਿਲੀ ਮਈ ਦਾ ਇਤਿਹਾਸ ਉਸ ਸੰਘਰਸ਼ ਦੀ ਯਾਦ ਦਿਵਾਉਂਦਾ ਹੈ।ਬਿਜਲੀ ਦੀ ਖ਼ੋਜ ਜਾਂ ਹੋਰ ਨਵੀਆਂ ਖੋਜਾਂ ਨੇ ਵੀ ਇਸ ਮੰਗ ਨੂੰ ਬੜਾਵਾ ਦਿੱਤਾ। ਇਸ ਲਈ ਹੁਣ ਚਰਚਾ ਹੋ ਰਹੀ ਹੈ ਕਿ ਬੇਰੁਜ਼ਗਾਰੀ ਜਾਂ ਪੈਸੇ ਦੇ ਹੁੰਦਿਆਂ ਵੀ ਬੇਰੁਜ਼ਗਾਰੀ ਦੇ ਵਾਧੇ ਦੀ ਸਮੱਸਿਆ ਨਾਲ ਨਿਪਟਣ ਲਈ ਕੰਮ ਦੇ ਘੰਟਿਆਂ ਨੂੰ 8 ਘੰਟੇ ਤੋਂ ਘਟਾ ਕੇ 6 ਘੰਟੇ ਪ੍ਰਤੀ ਦਿਨ ਕਰਨ ਦੀ ਮੰਗ ਕਰਨੀ ਚਾਹੀਦੀ, ਪਰੰਤੂ ਵਰਤਮਾਨ ਸਦੀ ਦਾ ਪੂੰਜੀਵਾਦੀ ਹਮਲਾ ਕੰਮ ਦੇ ਘੰਟੇ ਵਧਾਉਣ ਅਤੇ ਮਜ਼ਦੂਰੀ ਘਟਾਉਣ ਦੇ ਪੱਖ ਵਿੱਚ ਹੈ। ਦਰਅਸਲ ਭਾਰਤ ਅਤੇ ਤੀਸਰੀ ਦੁਨੀਆ ਦੇ ਕਈ ਦੇਸ਼ਾਂ ਵਿੱਚ ਕਈ ਉਦਯੋਗਿਕ ਇਕਾਈਆਂ ਵਿੱਚ ਪ੍ਰਤੀ ਦਿਨ 12 ਘੰਟੇ ਦੀ ਸ਼ਿਫਟ ਬੇਰੁਜ਼ਗਾਰੀ ਨੂੰ ਮਾਪਣ ਦਾ ਢੰਗ ਬਣ ਗਈ ਹੈ।

ਕੌਮਾਂਤਰੀ ਮਜ਼ਦੂਰ ਸੰਗਠਨ (ਆਈ ਐੱਲ ਓ) ਨੇ ਕਿਹਾ ਹੈ ਕਿ ਕੰਮ ਕਰਨ ਵਾਲੀਆਂ ਹਾਲਤਾਂ ਵਿੱਚ ਗਿਰਾਵਟ ਅਤੇ ਕੰਮ ਦਾ ਬੋਝ ਵਧਣਾ ਸਾਰੀ ਦੁਨੀਆਂ ਵਿੱਚ ਆਮ ਗੱਲ ਹੁੰਦੀ ਜਾ ਰਹੀ ਹੈ। ਇਨ੍ਹਾਂ ਸਾਰੀਆਂ ਗੱਲਾਂ ਨੇ ਕਈ ਅਰਥ ਸ਼ਾਸਤਰੀਆਂ ਨੂੰ ਇਹ ਮੰਗ ਕਰਨ 'ਤੇ ਮਜਬੂਰ ਕਰ ਦਿੱਤਾ ਹੈ ਕਿ ਰੁਜ਼ਗਾਰ ਦੇ ਬਾਰੇ ਗੱਲ ਕਰਨਾ ਬੇਕਾਰ ਦੀ ਗੱਲ ਹੈ। ਕਈ ਲੋਕ ਕੱਚੇ ਰੁਜ਼ਗਾਰ ਦੀ ਥਾਂ ਸਵੈ-ਰੋਜ਼ਗਾਰ ਨੂੰ ਪਹਿਲ ਦਿੰਦੇ ਹਨ, ਪਰੰਤੂ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਮਜ਼ਦੂਰਾਂ ਨੇ ਕੇਵਲ ਪੱਕੇ ਰੁਜ਼ਗਾਰ ਦੇ ਲਈ ਹੀ ਇਕੱਲਾ ਨਹੀਂ, ਬਲਕਿ ਜਿਉਣ ਲਈ ਚੰਗੀ ਖੁਰਾਕ ਤੇ ਸਾਧਨ, ਮਜ਼ਦੂਰੀ ਅਤੇ ਸਮਾਜਿਕ ਸੁਰੱਖਿਆ ਯੋਜਨਾਵਾਂ ਦੇ ਲਈ ਵੀ ਲੜਾਈ ਲੜੀ ਸੀ।

60 ਸਾਲ ਦੀ ਉਮਰ ਤੋਂ ਸਾਰਿਆਂ ਲਈ ਪੈਨਸ਼ਨ,ਸਿਹਤ ਲਾਭ, ਸਾਰਿਆਂ ਨੂੰ ਘੱਟ ਖਰਚ 'ਤੇ ਸਫਰ, ਸਾਰਿਆਂ ਨੂੰ ਸਿਖਿਆ, ਗੁਣ ਭਰਪੂਰ ਪ੍ਰੀਖਿਆ ਅਤੇ ਸਾਰਿਆਂ ਨੂੰ ਸਮਾਜਿਕ ਸੁਰੱਖਿਆ ਵਰਗੇ ਮੁੱਦੇ ਮਜ਼ਦੂਰਾਂ ਅਤੇ ਟਰੇਡ ਯੂਨੀਅਨਾਂ ਦਾ ਅਹਿਮ ਸਰੋਕਾਰ ਹਨ। ਸਵੈ-ਰੋਜ਼ਗਾਰ ਨੂੰ ਰੁਜ਼ਗਾਰ ਦੀ ਸ਼੍ਰੇਣੀ ਵਿੱਚ ਸ਼ਾਮਲ ਕਰਨ ਦੀ ਕੋਈ ਬੁਰਾਈ ਨਹੀਂ, ਪਰੰਤੂ ਸਮਾਜ ਜਾਂ ਸਰਕਾਰ ਨੂੰ ਇਹ ਪੱਕਾ ਯਕੀਨ ਦਿਵਾਉਣਾ ਹੋਵੇਗਾ ਕਿ ਸਵੈ-ਰੋਜ਼ਗਾਰ ਕਰਨ ਵਾਲਿਆਂ ਨੂੰ ਵੀ ਘੱਟੋ-ਘੱਟ ਚੰਗਾ ਜੀਵਨ ਪੱਧਰ ਅਤੇ ਸਮਾਜਿਕ ਸੁਰੱਖਿਆ ਦੀ ਤਸੱਲੀ ਮਿਲੇ।

ਹਾਲ ਹੀ ਵਿੱਚ ਸੰਸਦ ਵਿੱਚ ਰੁਜ਼ਗਾਰ ਨੂੰ ਲੈ ਕੇ ਹੋਈ ਬਹਿਸ ਵਿੱਚ ਇਹ ਤਰਕ ਦਿੱਤਾ ਗਿਆ ਕਿ ਚਾਹ ਜਾਂ ਸਮੋਸੇ ਬਣਾਉਣਾ ਅਤੇ ਵੇਚਣਾ ਵੀ ਇੱਕ ਰੁਜ਼ਗਾਰ ਹੈ। ਇਹ ਸਹੀ ਹੈ, ਪਰੰਤੂ ਇਹ ਪੱਕਾ ਕਰਨਾ ਜ਼ਰੂਰੀ ਹੈ ਕਿ 8 ਘੰਟੇ ਕੰਮ ਕਰਨ ਦੇ ਬਾਅਦ ਚਾਹ ਵੇਚਣ ਵਾਲੇ ਜਾਂ ਸਮੋਸੇ ਵੇਚਣ ਵਾਲੇ ਨੂੰ ਕੁਝ ਸਾਲ ਕੰਮ ਕਰਨ ਦੇ ਬਾਅਦ ਜੀਵਨ ਨਿਰਬਾਹ ਲਈ ਮਜ਼ਦੂਰੀ ਅਤੇ ਸਮਾਜਿਕ ਸੁਰੱਖਿਆ ਯਕੀਨੀ ਹੋਵੇ। ਬਹਿਸ ਵਿੱਚ ਇਹ ਬਿੰਦੂ ਛੁੱਟ ਗਿਆ। ਮੋਦੀ ਸਰਕਾਰ ਆਪਣੇ ਵਾਅਦੇ ਦੇ ਮੁਤਾਬਕ ਰੁਜ਼ਗਾਰ ਪੈਦਾ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਰਹੀ ਹੈ, ਹੁਣ ਇਹ ਤਰਕ ਦੇ ਰਹੀ ਹੈ ਕਿ ਸਵੈ-ਰੋਜ਼ਗਾਰ ਵੀ ਇੱਕ ਰੁਜ਼ਗਾਰ ਹੈ। ਇਸ ਦਾ ਜੁਆਬ ਦਿੱਤਾ ਜਾਣਾ ਚਾਹੀਦਾ ਅਤੇ ਨਾਲ ਹੀ ਉਭਰਦੇ ਅਤੇ ਬਦਲਦੇ ਆਰਥਕ ਦ੍ਰਿਸ਼, ਜੋ ਲੋਕਾਂ ਦੁਆਰਾ ਵੇਖਣ ਯੋਗ ਹੋਵੇ, ਉਹ ਹੋਣਾ ਚਾਹੀਦਾ ਹੈ।ਇਹ ਸਮਝਣਾ ਜ਼ਰੂਰੀ ਹੈ ਕਿ ਪੂੰਜੀਪਤੀਆਂ ਨੇ ਆਪਣੇ ਮੁਨਾਫੇ ਨੂੰ ਵਧਾਉਣ ਲਈ ਟਰੇਡ ਯੂਨੀਅਨਾਂ 'ਤੇ ਹਮਲਾ ਕੀਤਾ ਹੈ ਅਤੇ ਮਜ਼ਦੂਰੀ ਵੀ ਘੱਟ ਕੀਤੀ ਹੈ।

ਫਰਾਂਸ ਦੇ ਪ੍ਰਸਿੱਧ ਅਰਥ ਸ਼ਾਸਤਰੀ ਥਾਮਸ ਪਿਕੇਟੀ ਦੇ ਧਿਆਨ ਪੂਰਵਕ ਅਧਿਐਨ ਦੇ ਅਨੁਸਾਰ 1990 ਦੇ ਬਾਅਦ ਤੋਂ ਦੁਨੀਆ ਭਰ ਵਿੱਚ ਮਜ਼ਦੂਰਾਂ ਦੀ ਲੋੜ ਪੂਰੀ ਕਰਦੀ ਮਜ਼ਦੂਰੀ ਵਿੱਚ ਕਮੀ ਆਈ ਹੈ। ਅੰਤਰਰਾਸ਼ਟਰੀ ਲੇਬਰ ਸੰਗਠਨ ਨੇ ਵੀ ਕੰਮ ਕਰਨ ਦੀਆਂ ਹਾਲਤਾਂ ਵਿੱਚ ਗਿਰਾਵਟ ਅਤੇ ਮਜ਼ਦੂਰੀ ਵਿੱਚ ਕਮੀ 'ਤੇ ਚਿੰਤਾ ਜ਼ਾਹਰ ਕੀਤੀ ਹੈ।ਸੰਸਥਾ ਨੇ ਦੱਸਿਆ ਹੈ ਕਿ ਕੱਚੀਆਂ ਭਾਵ ਠੇਕੇ ਵਾਲੀਆਂ ਨੌਕਰੀਆਂ ਵੱਧ ਰਹੀਆਂ ਹਨ ਅਤੇ ਮਜ਼ਦੂਰਾਂ 'ਤੇ ਕੰਮ ਦਾ ਬੋਝ ਵੀ ਵਧ ਰਿਹਾ ਹੈ। ਨਾਲ ਹੀ ਸਵੈ-ਰੋਜ਼ਗਾਰ ਦੇ ਨਾਂਅ 'ਤੇ ਇੱਕ ਨਵਾਂ ਮਜ਼ਦੂਰ ਵਰਗ ਉੱਭਰ ਰਿਹਾ ਹੈ। ਜ਼ੋਮੈਟੋ, ਸਿਵਗੀ, ਉਬੇਰ, ਔਲਾ ਆਦਿ ਇਸ ਦੀ ਉਦਾਹਰਣ ਹੈ।ਇਸ ਕਿਸਮ ਦੇ ਕਈ ਬਦਲਾਅ ਹੋ ਰਹੇ ਹਨ, ਪਰੰਤੂ ਉਨ੍ਹਾਂ ਦੀ ਦਿਸ਼ਾ ਸਪੱਸ਼ਟ ਹੈ, ਕੰਮ ਦਾ ਬੋਝ, ਕੰਮ ਦੇ ਘੰਟੇ, ਘੱਟ ਮਜ਼ਦੂਰੀ ਅਤੇ ਸਮਾਜਿਕ ਸੁਰੱਖਿਆ ਦਾ ਨਾ ਹੋਣਾ ਸਪੱਸ਼ਟ ਹੈ। ਟਰੇਡ ਯੂਨੀਅਨਾਂ ਤੇ ਆਵਾਮ ਨੇ ਇਸ ਨੂੰ ਚੁਣੌਤੀ ਦੇਣੀ ਹੋਵੇਗੀ ਅਤੇ ਇਹ ਚੁਣੌਤੀ ਲਗਾਤਾਰ ਸੰਘਰਸ਼ਾਂ ਨਾਲ ਹੀ ਸੰਭਵ ਹੈ।

**# ਸੰਪਰਕ : 98760-78731**

# ਵਿਸ਼ਵੀਕਰਨ ਦਾ ਹੁਣ ਤੱਕ ਪੰਜਾਬ 'ਤੇ ਪਿਆ ਪ੍ਰਭਾਵ

**ਲਾਡੀ ਜਗਤਾਰ**

ਵਿਸ਼ਵੀਕਰਨ ਜਾਂ ਉਦਾਰੀਕਰਨ ਦੀ ਸ਼ੁਰੂਆਤ 1990 ਦੇ ਲਗਭਗ ਹੋਈ, ਜਦ ਮਲਟੀਨੈਸ਼ਨਲ ਕੰਪਨੀਆਂ ਨੇ ਦੁਨੀਆ ਵਿੱਚ ਫੈਲਣਾ ਸ਼ੁਰੂ ਕੀਤਾ। ਸਾਰੀ ਦੁਨੀਆ ਇੱਕ ਪਿੰਡ ਦਾ ਹਿੱਸਾ ਬਣ ਗਈ। ਆਉਣ-ਜਾਣ ਦੇ ਰਾਹ ਮੋਕਲੇ ਹੋਏ।ਇੱਕ ਦੇਸ਼ ਦੀਆਂ ਵਸਤਾਂ ਦੂਜੇ ਦੇਸ਼ ਵਿੱਚ ਅਸਾਨੀ ਨਾਲ ਆਉਣ-ਜਾਣ ਤੇ ਵਿਕਣ ਲੱਗ ਪਈਆਂ।ਇੱਕ-ਦੂਜੇ ਦੇਸ਼ ਵਿੱਚ ਵਪਾਰ ਕਰਨਾ ਸੌਖਾ ਹੋਇਆ।ਇੱਕ ਦੂਜੇ ਦੇਸ਼ ਦਾ ਵੀਜ਼ਾ ਅਸਾਨੀ ਨਾਲ ਮਿਲਣ ਲੱਗਿਆ।ਇਹ ਨਿਸ਼ਚਿਤ ਹੀ ਸੀ ਕਿ ਇਸ ਨਾਲ ਇੱਕ ਦੇਸ਼, ਮਹਾਂਦੀਪ ਦਾ ਖਾਣ-ਪੀਣ, ਰਹਿਣ-ਸਹਿਣ, ਪਹਿਰਾਵਾ ਤੇ ਸੱਭਿਆਚਾਰ ਵੀ ਦੂਜੇ ਦੇਸ਼ ਜਾਂ ਮਹਾਂਦੀਪ ਵਿੱਚ ਜਾਣਗੇ। ਵਿਸ਼ਵੀਕਰਨ ਹੈ ਕੀ? ਜੇਕਰ ਮਾਹਰਾਂ ਮੁਤਾਬਕ ਮੰਨੀਏ ਤਾਂ ਵਰਲਡ ਟਰੇਡ ਆਰਗੇਨਾਈਜ਼ੇਸ਼ਨ ਅਨੁਸਾਰ ਇਹ ਵਣਜ-ਵਪਾਰ, ਆਵਾਜਾਈ ਤੇ ਮਨੁੱਖ ਦੇ ਇੱਕ-ਦੂਜੇ ਦੇਸ਼ ਵਿੱਚ ਆਉਣ-ਜਾਣ ਦੀ ਖੁੱਲ੍ਹ ਹੈ।

ਮੈਲਕਮ ਵਾਰਟਰ ਅਨੁਸਾਰ ਇਹ ਸਮਾਜਿਕ, ਰਾਜਨੀਤਕ ਅਤੇ ਆਰਥਿਕ ਤੌਰ ਦੇ ਦੇਸ਼ਾਂ ਦੇ ਆਪਸੀ ਅਦਾਨ-ਪ੍ਰਦਾਨ ਦਾ ਨਾਂਅ ਹੈ। ਮਤਲਬ ਇਹੀ ਸਿੱਧ ਹੁੰਦਾ ਹੈ ਕਿ ਸਾਰੀ ਦੁਨੀਆ ਦਾ ਇੱਕ ਮੰਚ, ਇੱਕ ਮੰਡੀ ਦਾ ਹਿੱਸਾ ਬਣ ਜਾਣਾ ਵਿਸ਼ਵੀਕਰਨ ਕਹਾਉਂਦਾ ਹੈ। ਭਾਰਤ ਵਿੱਚ ਇਹ ਭਾਰਤ ਦੀ ਮਜਬੂਰੀ ਜਾਂ ਲੋੜ ਸੀ ਕਿ ਭਾਰਤ ਨੂੰ ਇਸ ਲਈ ਆਪਣੇ ਦਰਵਾਜ਼ੇ ਖੋਲ੍ਹਣੇ ਪਏ।ਇਸ ਦੇ ਸੰਬੰਧੀ ਹਾਂ-ਪੱਖੀ ਤੇ ਨਾਂਹ-ਪੱਖੀ ਦੋਵੇਂ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਜਾਂਦੇ ਹਨ। ਕੁਝ ਇਸ ਨੂੰ ਵਿਰੋਧ ਦੇ ਤੌਰ 'ਤੇ ਲੈਂਦੇ ਹਨ, ਜਦ ਕਿ ਕੁਝ ਇਸ ਦੇ ਹੱਕ ਵਿੱਚ ਹਨ।ਇਸ ਨਾਲ ਤੁਸੀਂ ਆਪਣਾ ਮਾਲ ਵੱਡੀ ਮੰਡੀ ਤੇ ਖੁੱਲ੍ਹੇ ਮੁਕਾਬਲੇ ਵਿੱਚ ਵੇਚ ਸਕਦੇ ਹੋ, ਉਥੇ ਹੀ ਖੁੱਲ੍ਹੀ ਮੰਡੀ ਵਿੱਚੋਂ ਵਧੀਆ ਤੇ ਸਸਤੀਆਂ ਵਸਤੂਆਂ ਵੀ ਖਰੀਦ ਸਕਦੇ ਹੋ। ਭਾਰਤ ਵਿੱਚ ਜਦ ਇਸ ਲਈ ਰਾਹ ਪੱਧਰਾ ਕੀਤਾ ਗਿਆ ਤਾਂ ਵੱਡੀਆਂ ਕੰਪਨੀਆਂ ਇਥੋਂ ਦੀ ਅਬਾਦੀ ਤੇ ਮੰਗ ਨੂੰ ਦੇਖ ਕੇ, ਇੱਥੇ ਮਾਲ ਵੇਚਣ ਨੂੰ ਤਰਜੀਹ ਦੇਣ ਲੱਗੀਆਂ। ਇੱਥੇ ਥੋੜ੍ਹੇ ਸਾਲਾਂ ਵਿੱਚ ਹੀ ਕੰਪਨੀਆਂ ਆਪਣੇ ਫਰਿੱਜ , ਟੀ ਵੀ, ਓਵਨ, ਕਾਰਾਂ, ਸੌਫਟ ਡਰਿੰਕ ਹੋਰ ਬਹੁਤ ਕੁਝ ਲੈ ਆਈਆਂ। ਇੱਥੋਂ ਦੇ ਲੋਕ ਧੜਾਧੜ ਇਹਨਾਂ ਨੂੰ ਖਰੀਦਣ ਲੱਗ ਪਏ। ਇਸ ਨਾਲ ਲੋਕਾਂ ਨੂੰ ਆਮ ਵਸਤਾਂ ਸਸਤੀਆਂ ਤੇ ਵਧੀਆ ਉਪਲੱਬਧ ਹੋਣ ਲੱਗੀਆਂ। ਬਹੁਤੀਆ ਵਸਤਾਂ ਨੇ ਜੀਵਨ ਨੂੰ ਅਰਾਮਦਾਇਕ ਵੀ ਬਣਾ ਦਿੱਤਾ। ਮਸ਼ੀਨਾਂ ਘਰ, ਖੇਤੀਬਾੜੀ ਤੇ ਹੋਰ ਕੰਮਾਂ ਨੂੰ ਸੌਖਾ ਕਰਨ ਲੱਗੀਆਂ। ਲੋਕਾਂ ਦਾ ਜੀਵਨ ਪੱਧਰ ਉਪਰ ਉੱਠਿਆ ਹੈ। ਫਰਿੱਜ, ਟੀ ਵੀ, ਏ ਸੀ, ਸਕੂਟਰ ਕਾਰਾਂ ਨੇ ਜੀਵਨ ਨੂੰ ਸੁਖਾਵਾਂ ਕਰ ਦਿੱਤਾ।ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤਰੱਕੀ ਹੋਈ ਹੈ। ਜਿੱਥੋਂ ਇਹ ਕੰਪਨੀਆਂ ਆਈਆਂ ਸਨ, ਉਥੋਂ ਉਹਨਾਂ ਦੇਸ਼ਾਂ ਦਾ ਸੱਭਿਆਚਾਰ ਵੀ ਨਾਲ ਹੀ ਆ ਗਿਆ। ਮਲਟੀਨੈਸ਼ਨਲ ਕੰਪਨੀਆਂ ਨੇ ਤਰ੍ਹਾਂ-ਤਰ੍ਹਾਂ ਦੇ ਪ੍ਰਚਾਰ ਰਾਹੀਂ ਹਰ ਘਰ ਤੱਕ ਦਸਤਕ ਦੇ ਦਿੱਤੀ। ਲੋਕਾਂ ਦਾ ਮਾਈਂਡ ਸੈੱਟ ਕੀਤਾ ਗਿਆ। ਕਰੋੜਾਂ ਰੁਪਏ ਪ੍ਰਚਾਰ 'ਤੇ ਖਰਚ ਕਰਕੇ ਲੋਕਾਂ ਨੂੰ ਆਪਣੀ ਸੋਚ, ਸੱਭਿਆਚਾਰ ਮੁਤਾਬਕ ਢਾਲ ਲਿਆ, ਜਿਸ ਨਾਲ ਇਥੇ ਖਾਣ-ਪੀਣ , ਪਹਿਨਣ, ਕੰਮਕਾਰ ਕਰਨ ਦੇ ਢੰਗ, ਰੀਤੀ ਰਿਵਾਜ, ਗੀਤ-ਸੰਗੀਤ ਵਿੱਚ ਬਹੁਤ ਤਬਦੀਲੀ ਆਈ।

ਪੰਜਾਬ ਜੋ ਕਿ ਖੇਤੀਬਾੜੀ ਪ੍ਰਧਾਨ ਸੂਬਾ ਮੰਨਿਆ ਜਾਂਦਾ ਹੈ, ਇਸ ਵਿੱਚ ਹੋਰ ਰਾਜਾਂ ਦੇ ਮੁਕਾਬਲੇ ਜ਼ਿਆਦਾ ਬਦਲਾਅ ਦੇਖਣ ਨੂੰ ਮਿਲਿਆ ਹੈ।ਪੰਜਾਬੀ ਲੋਕਾਂ ਦੀ ਜ਼ਿੰਦਗੀ ਜਿਉਣ ਦਾ ਆਪਣਾ ਢੰਗ ਸੀ, ਆਪਣਾ ਸੱਭਿਆਚਾਰ, ਆਪਣਾ ਖਾਣ-ਪੀਣ ਅਤੇ ਆਪਣਾ ਗੀਤ-ਸੰਗੀਤ ਸੀ। ਇਸੇ ਸਾਰੇ ਸਿਸਟਮ ਵਿੱਚ ਵੱਡੀ ਤਬਦੀਲੀ ਆਈ ਹੈ।

ਸਭ ਤੋਂ ਪਹਿਲਾਂ ਖਾਣ-ਪੀਣ ਦੀ ਗੱਲ ਕਰੀਏ ਤਾਂ ਇਸ ਨੇ ਸਾਡੀ ਪੂਰੀ ਰਸੋਈ ਬਦਲ ਕੇ ਰੱਖ ਦਿੱਤੀ ਹੈ। ਇਸ ਦਾ ਕੁੱਲ ਹਾਰ-ਸ਼ਿੰਗਾਰ ਹੀ ਬਦਲ ਗਿਆ ਹੈ। ਮਧਾਣੀਆਂ ਤੋਂ ਪਤੀਲੇ, ਬਾਟੀਆਂ ਤੱਕ ਸਭ ਬਦਲ ਕੇ ਰੱਖ ਦਿੱਤਾ ਹੈ। ਬਾਟੀਆਂ ਵਿੱਚ ਚਾਹ, ਲੱਸੀਆਂ ਪੀਣ ਵਾਲੇ ਹੁਣ ਕੱਪਾਂ ਤੇ ਆ ਗਏ ਹਨ।

ਖਾਣ-ਪੀਣ ਵਿੱਚ ਹੁਣ ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਬਾਜਰੇ ਦੀ ਖਿਚੜੀ, ਮਰੂੰਡੇ, ਘਿਓ, ਲੱਸੀਆਂ ਸਭ ਬਦਲ ਦਿੱਤੀਆਂ ਹਨ। ਬੱਚਿਆਂ ਦੀ ਪਸੰਦ ਨਿਊਡਲ, ਮਕਰੌਨੀ, ਚਿਪਸ, ਪਾਸਤੇ ਤੇ ਬਰਗਰ-ਪੀਜ਼ੇ ਬਣ ਗਏ ਹਨ। ਉਹਨਾਂ ਨੂੰ ਘਰੇ ਬਣਿਆ ਕੁਝ ਪਸੰਦ ਨਹੀਂ ਆਉਂਦਾ। ਮਾਵਾਂ ਵੀ ਬਾਹਰ ਦਾ ਖਾ ਕੇ ਖੁਸ਼ ਹਨ ,ਉਹਨਾਂ ਨੂੰ ਘਰ ਰੋਟੀ ਪਕਾਉਣੀ ਔਖੀ ਲੱਗਦੀ ਹੈ।ਇਸ ਦਾ ਅਸਰ ਇਹ ਦਿਖ ਰਿਹਾ ਹੈ ਕਿ ਪੰਜਾਬੀ ਹੁਣ ਪਹਿਲਾਂ ਜਿਹੇ ਜੁੱਸਿਆਂ ਵਾਲੇ ਨਹੀਂ ਰਹੇ। ਜਿਹੜੇ ਪੰਜਾਬੀ ਦੁੱਧ-ਮੱਖਣਾਂ ਨਾਲ ਪਲਦੇ ਸਨ, ਉਹਨਾਂ ਨੂੰ ਡਾਕਟਰ ਖਾਣ-ਪੀਣ ਤੋਂ ਰੋਕ ਰਹੇ ਹਨ। ਪੰਜਾਬੀ ਵੱਖ ਵੱਖ ਤਰ੍ਹਾਂ ਦੇ ਅਟੈਕ ਦੇ ਸ਼ਿਕਾਰ ਹੋ ਰਹੇ ਹਨ।ਹਰੇਕ ਘਰ ਦਵਾਈਆਂ ਪਈਆਂ ਹਨ। ਇਹ ਸਿਹਤ ਪੱਖੋਂ ਪਛੜ ਗਏ ਹਨ।

ਸਭਿਆਚਾਰ ਪੱਖੋਂ ਸਾਡਾ ਗੀਤ-ਸੰਗੀਤ, ਸਾਹਿਤ ਤੇ ਪਹਿਰਾਵਾ ਬਦਲ ਗਿਆ ਹੈ।ਜਿਸ ਪੱਧਰ ਦਾ ਸਾਹਿਤ ਪਹਿਲਾਂ ਰਚਿਆ ਗਿਆ ਸੀ, ਉਸ ਪੱਧਰ ਦੀ ਕੋਈ ਵੀ ਕਿਤਾਬ, ਗ੍ਰੰਥ ਇਸ ਗਲੋਬਲੀਕਰਨ ਤੋਂ ਬਾਅਦ ਨਹੀਂ ਛਪੀ।ਉੱਚ ਪਾਏ ਦੇ ਸਾਹਿਤ ਦਾ ਸੋਕਾ ਪੈ ਗਿਆ ਹੈ। ਗੀਤ-ਸੰਗੀਤ ਵਿੱਚ ਢਾਡੀ ਵਾਰਾਂ, ਚਿੱਠੇ , ਕਵੀਸ਼ਰੀ, ਗੀਤ, ਲੋਕ ਤੱਥ ਹੁਣ ਘੱਟ ਹੀ ਸੁਣਨ ਨੂੰ ਮਿਲਦੇ ਹਨ।ਹਲਕੇ ਪੱਧਰ ਦੇ ਗੀਤਾਂ ਨੇ ਵੱਡੇ-ਵੱਡੇ ਸਪੀਕਰਾਂ ਵਿਚ ਵੱਜਣਾ ਸ਼ੁਰੂ ਕਰ ਦਿੱਤਾ ਹੈ, ਇਸ ਵਿੱਚ ਗੀਤ ਘੱਟ ਤੇ ਸਾਜ਼ ਜ਼ਿਆਦਾ ਰੌਲ਼ਾ ਪਾਉਂਦੇ ਹਨ। ਇਹ ਗੀਤ ਵੀ ਸ਼ਰਾਬ, ਕਲੱਬ ਕਲਚਰ, ਪਾਰਟੀ ਸੱਭਿਆਚਾਰ, ਹਥਿਆਰ, ਕੁੜੀਆਂ ਉਤੇ ਹੀ ਲਿਖੇ ਹੁੰਦੇ ਹਨ। ਸਾਡਾ ਟੇਸਟ ਹੀ ਅਜਿਹਾ ਬਣ ਗਿਆ ਹੈ ਜਾਂ ਬਣਾ ਦਿੱਤਾ ਗਿਆ ਹੈ।' ਅਸੀਂ ਜੋ ਸੁਣ ਰਹੇ ਹਾਂ, ਉਹ ਉਹੀ ਗਾਂ ਰਹੇ ਹਨ, ਉਹ ਜੋ ਗਾ ਰਹੇ ਹਨ ,ਉਹੀ ਅਸੀਂ ਸੁਣ ਰਹੇ ਹਾਂ।

ਪਹਿਰਾਵਾ ਵੀ ਬਦਲ ਗਿਆ ਹੈ। ਹੁਣ ਕੁੜਤੇ-ਚਾਦਰੇ , ਕੈਂਠੇ , ਕੱਢੀਆਂ ਜੁੱਤੀਆਂ ਨਜ਼ਰ ਨਹੀਂ ਪੈਂਦੀਆਂ।ਕੁੜੀਆਂ ਮੁੰਡੇ ਜੀਨ ਕਲਚਰ ਨੂੰ ਅਪਨਾ ਰਹੇ ਹਨ। ਕਈ ਵਾਰ ਤਾਂ ਕੁੜੀ-ਮੁੰਡੇ ਵਿੱਚ ਅੰਤਰ ਕਰਨਾ ਔਖਾ ਹੋ ਜਾਂਦਾ ਹੈ। ਸ਼ਹਿਰ ਵਿੱਚ ਮਾਵਾਂ ਦੇ ਪਹਿਰਾਵੇ ਦਾ ਕਲਚਰ ਵੀ ਬਦਲ ਗਿਆ ਹੈ। ਕੰਪਨੀਆਂ ਨੇ ਮਾਰਕੀਟ ਵਿੱਚ ਕੱਪੜਿਆਂ ਦੇ ਢੇਰ ਲਗਾ ਦਿੱਤੇ ਹਨ। ਲੋਕ ਬਰਾਂਡ ਨੂੰ ਤਰਜੀਹ ਦਿੰਦੇ ਹਨ। ਕੱਪੜੇ ਸ਼ਰੀਰਕ ਲੋੜ ਨਾ ਬਣਕੇ ਇੱਕ ਫੈਸ਼ਨ ਬਣ ਗਿਆ ਹੈ। ਕਈ ਵਾਰ ਪਹਿਨੇ ਕੱਪੜੇ ਦੇਖ ਸਿਆਣੇ ਆਦਮੀ ਵੀ ਸ਼ਰਮ ਮਹਿਸੂਸ ਕਰਦੇ ਹਨ।

ਕੰਮਾਂ ਧੰਦਿਆਂ ਉੱਤੇ ਵੀ ਅਸਰ ਪਿਆ ਹੈ। ਪਿਤਾ ਪੁਰਖੀ ਕਿੱਤਿਆਂ ਨੂੰ ਮਸ਼ੀਨਾਂ ਖਾ ਗਈਆਂ ਹਨ। ਕੰਮ ਕਰਨ ਦੇ ਢੰਗ ਤਰੀਕੇ ਬਦਲ ਗਏ ਹਨ। ਬੇਰੁਜ਼ਗਾਰੀ ਵਧੀ ਹੈ ਕਿਉਂਕਿ ਕਈ ਬੰਦਿਆਂ ਦਾ ਕੰਮ ਹੁਣ ਮਸ਼ੀਨਾਂ ਹੀ ਕਰ ਦਿੰਦੀਆਂ ਹਨ। ਹੁਣ ਕੰਮਾਂ ਦੀ ਦਸ਼ਾ ਤੇ ਦਿਸ਼ਾ ਜਲਦੀ ਬਦਲ ਜਾਂਦੀ ਹੈ। ਮਕੈਨਿਕ ਦਾ ਕੰਮ ਘਟਿਆ ਹੈ, ਕਿਉਂਕਿ ਲੋਕ ਚੀਜ਼ ਖਰਾਬ ਹੋਏ ਤੋਂ ਨਵੀਂ ਲੈਣੀ ਪਸੰਦ ਕਰਦੇ ਹਨ।

ਖਪਤਕਾਰੀ ਸੱਭਿਆਚਾਰ ਵਧ ਗਿਆ ਹੈ। ਲੋਕ ਵੱਧ ਖਰਚ ਕਰਦੇ ਹਨ। ਉਹ ਕੱਪੜੇ , ਘਰ ਦੀਆਂ ਸਹੂਲਤਾਂ ਤੇ ਹੋਰ ਵਾਧੂ ਰੁਪਏ ਖਰਚ ਕਰਦੇ ਹਨ। ਸਮਾਨ ਨਾਲ ਘਰ ਭਰੇ ਪਏ ਹਨ।ਅਲਮਾਰੀਆਂ ਕੱਪੜਿਆਂ ਨਾਲ ਭਰੀਆਂ ਪਈਆਂ ਹਨ। ਕਈ ਵਾਰ ਅਸੀਂ ਉਹ ਚੀਜ਼ਾਂ ਵੀ ਖਰੀਦ ਲੈ ਆਉਂਦੇ, ਜਿਨ੍ਹਾਂ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਮਲਟੀਨੈਸ਼ਨਲ ਕੰਪਨੀਆਂ ਡਾਊਨ ਪੇਮੈਂਟ 'ਤੇ ਫਰਿੱਜ, ਕਾਰ, ਮਸ਼ੀਨਾਂ ਤੇ ਮੋਟਰਸਾਈਕਲ ਤੇ ਹੋਰ ਬਹੁਤ ਕੁਝ ਵੇਚ ਰਹੀਆਂ ਹਨ। ਸਾਨੂੰ ਕੰਪਨੀਆਂ ਆਪਣੇ ਮੁਤਾਬਿਕ ਚਲਾਉਂਦੀਆਂ ਹਨ। ਲੋਕਾਂ ਦਾ ਮਨ ਪੜ੍ਹਿਆ ਜਾਂਦਾ ਹੈ। ਔਰਤਾਂ ਨੂੰ ਇਸ ਕਾਰਜ ਲਈ ਫੋਟੋ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ। ਹਰੇਕ ਪ੍ਰੋਡਕਟ 'ਤੇ ਉਸ ਨੂੰ ਮਾਡਲ ਬਣਾ ਕੇ ਪੇਸ਼ ਕੀਤਾ ਜਾਂਦਾ ਹੈ।

ਪੰਜਾਬੀਆਂ ਵਿੱਚ ਬਚਤ ਕਰਨ ਦੀ ਪ੍ਰਵਿਰਤੀ ਘਟੀ ਹੈ।ਲੋਕ ਪੱਛਮੀ ਸੱਭਿਆਚਾਰ ਵਾਂਗ ਵਰਤਮਾਨ ਵਿੱਚ ਜ਼ਿਆਦਾ ਐਸ਼ ਕਰਨ ਵਿਚ ਯਕੀਨ ਕਰਨ ਲੱਗੇ ਹਨ।

ਖੇਤੀ ਖੇਤਰ ਵਿੱਚ ਮਲਟੀਨੈਸ਼ਨਲ ਕੰਪਨੀਆਂ ਨੇ ਵੱਖ-ਵੱਖ ਤਰ੍ਹਾਂ ਦੇ ਬੀਜ, ਕੀੜੇਮਾਰ ਦਵਾਈਆਂ, ਖਾਦਾਂ ਤੇ ਕੈਮੀਕਲਾਂ ਦੀ ਹਨੇਰੀ ਲਿਆ ਦਿੱਤੀ ਹੈ।ਮੰਡੀ ਲਈ ਬੇਸ਼ੱਕ ਅਸੀਂ ਅਨਾਜ ਪੈਦਾ ਕਰ ਰਹੇ ਹਾਂ,ਪਰ ਅਸੀਂ ਆਪਣੇ ਕੁਦਰਤੀ ਸਾਧਨ ਪਾਣੀ, ਮਿੱਟੀ, ਹਵਾ ਤੇ ਪੁਰਾਣੇ ਕੁਦਰਤੀ ਬੀਜ ਖਤਮ ਕਰ ਲਏ ਹਨ, ਜਿਸ ਦਾ ਖਮਿਆਜ਼ਾ ਅਸੀਂ ਬੀਮਾਰੀਆਂ ਦੇ ਰੂਪ ਵਿੱਚ ਝੱਲ ਰਹੇ ਹਾਂ। ਮਾਲਵੇ ਦੀ ਪੱਟੀ ਕੈਂਸਰ ਬੈਲਟ ਬਣ ਚੁੱਕੀ ਹੈ।ਰੋਜ਼ ਬਠਿੰਡਾ ਤੋਂ ਕੈਂਸਰ ਵਾਲਿਆਂ ਦੀ ਟਰੇਨ ਭਰਕੇ ਬੀਕਾਨੇਰ ਕੈਂਸਰ ਹਸਪਤਾਲ ਪਹੁੰਚ ਰਹੀ ਹੈ। ਇਹੀ ਸਾਡਾ ਨਵਾਂ ਖੇਤੀ ਮਾਡਲ ਹੈ, ਜਿਸ ਨਾਲ ਸ਼ਾਇਦ ਪੈਸਾ ਆ ਰਿਹਾ ਹੋਵੇ, ਪਰ ਜਾ ਕਿੱਧਰ ਰਿਹਾ ਹੈ, ਇਹ ਚਿੰਤਾ ਦਾ ਵਿਸ਼ਾ ਹੈ।

ਸਿੱਖਿਆ ਦੇ ਖੇਤਰ ਵਿੱਚ ਅਸੀਂ ਅੰਗਰੇਜ਼ੀ ਨੂੰ ਸਫਲਤਾ ਦਾ ਸਾਧਨ ਮੰਨ ਲਿਆ ਹੈ। ਪੱਛਮੀ ਸਮਾਜ ਵਾਂਗ ਕਾਨਵੈਂਟ ਸਕੂਲ ਘਾਹ ਵਾਂਗ ਪੈਦਾ ਹੋ ਗਏ ਹਨ। ਵੱਡੇ-ਵੱਡੇ ਅੰਤਰਰਾਸ਼ਟਰੀ ਪੱਧਰ ਦੇ ਸੁਪਨੇ ਦਿਖਾ ਕੇ ਮਾਪਿਆਂ ਦੀ ਲੁੱਟ ਖਸੁੱਟ ਹੋ ਰਹੀ ਹੈ।ਅਸੀਂ ਸਾਰੇ ਹੀ ਇਸ ਗੱਲ ਦਾ ਸ਼ਿਕਾਰ ਹੋ ਗਏ ਹਾਂ। ਟਾਈਆਂ, ਬੈਲਟਾਂ ਮਹਿੰਗੀਆਂ ਵਰਦੀਆਂ ਸਟੇਟਸ ਸਿੰਬਲ ਬਣ ਗਈਆਂ ਹਨ। ਮਹਿੰਗੀਆਂ ਕਿਤਾਬਾਂ ਲਾ ਕੇ ਲੁੱਟ ਜਾਰੀ ਹੈ।

ਪੱਛਮੀ ਸੱਭਿਆਚਾਰ ਦੇ ਪ੍ਰਭਾਵ ਅਧੀਨ ਪਰਵਾਸ ਦਾ ਰੁਝਾਨ ਵਧਿਆ ਹੈ। ਲੋਕ ਕੰਮਾਂ ਦੀ ਭਾਲ ਵਿੱਚ ਜਾਂ ਬਾਹਰ ਸੈਟਲ ਹੋਣ ਦੀ ਚਾਹਤ ਵਿਚ ਬਾਹਰਲੇ ਦੇਸ਼ਾਂ ਵੱਲ ਜਾ ਰਹੇ ਹਨ।ਉਹ ਜੱਦੀ ਪਿੰਡ ਛੱਡ ਰਹੇ ਹਨ।ਆਪਸੀ ਭਾਈਚਾਰਕ ਸਾਂਝ ਖ਼ਤਮ ਹੋ ਰਹੀ ਹੈ।ਬੱਸ ਪੈਸੇ ਦੀ ਦੌੜ ਲੱਗੀ ਹੋਈ ਹੈ।

ਉਦਾਰੀਕਰਨ ਦੀ ਨੀਤੀ ਨੇ ਪੰਜਾਬ ਦੇ ਸਮਾਜਿਕ, ਆਰਥਿਕ, ਰਾਜਨੀਤਕ, ਸੱਭਿਆਚਾਰਕ , ਧਾਰਮਿਕ ਖੇਤਰ ਨੂੰ ਵੱਡੀ ਪੱਧਰ 'ਤੇ ਪ੍ਰਭਾਵਤ ਕੀਤਾ ਹੈ, ਜਿਸ ਦਾ ਪੂਰਾ ਮੁਲਾਂਕਣ ਅਜੇ ਆਉਣ ਵਾਲੇ ਸਮੇਂ ਵਿੱਚ ਹੋਵੇਗਾ। ਪੰਜਾਬ ਨੇ ਕੀ ਖੱਟਿਆ ਕੀ ਗੁਆਇਆ ਹੈ, ਇਹ ਸਮਾਂ ਦੱਸੇਗਾ।ਵਿਕਾਸ ਕੋਈ ਮਾੜੀ ਗੱਲ ਨਹੀਂ।ਆਪਣੇ ਸੱਭਿਆਚਾਰ, ਆਪਣੀ ਬੋਲੀ, ਆਪਣੇ ਵਿਰਸੇ ਨੂੰ ਵਿਸਾਰ ਦੇਣਾ ਮਾੜੀ ਗੱਲ ਹੈ।

ਰੂਸ ਦੀ ਪ੍ਰਸਿੱਧ ਕਿਤਾਬ 'ਮੇਰਾ ਦਾਗਿਸਤਾਨ' ਵਿੱਚ ਲਿਖਿਆ ਹੈ ਕਿ ਜੋ ਲੋਕ ਆਪਣੀ ਬੋਲੀ, ਸੱਭਿਆਚਾਰ ਭੁੱਲ ਜਾਦੇ ਨੇ,ਉਹ ਕੌਮ ਖਤਮ ਹੋ ਜਾਂਦੀ ਹੈ, ਪਰ ਇੱਥੇ ਦੌੜ ਮੁਨਾਫ਼ੇ ਦੀ ਹੈ। ਕੰਪਨੀਆਂ ਆਪਣੇ ਹਿਸਾਬ ਨਾਲ ਦੁਨੀਆਂ ਚਲਾ ਰਹੀਆਂ ਹਨ।ਆਦਮੀ ਇੱਕ ਮਸ਼ੀਨ ਦਾ ਪੁਰਜ਼ਾ ਬਣ ਗਿਆ ਹੈ।ਉਸ ਦੇ ਜੀਵਨ ਵਿਚ ਜੋ ਥੋੜ੍ਹਾ ਬਹੁਤ ਠਹਿਰਾਓ ਹੈ, ਉਸ ਨੇ ਵੀ ਖ਼ਤਮ ਹੋ ਜਾਣਾ ਹੈ। ਵਿਸ਼ਵੀਕਰਨ ਦੀ ਇਸ ਦੌੜ ਵਿੱਚ ਆਪਣੇ ਸੁਪਨੇ ਪੂਰੇ ਕਰਦਾ ਮਨੁੱਖ ਫਿਲਹਾਲ ਦੀ ਘੜੀ ਸਾਹੋ-ਸਾਹ ਹੋਇਆ ਪਿਆ ਹੈ।ਰੱਬ ਕਰੇ! ਮਨੁੱਖ ਦੇ ਜੀਵਨ ਵਿਚ ਠਹਿਰਾਓ ਵੀ ਆਏ।

**# ਸੰਪਰਕ : 94636-03091**

## ਪਾਠਕ-ਸੱਥ

### ਗੈਰਕਾਨੂੰਨੀ ਪਰਵਾਸ, ਭਾਰਤੀ ਤੇ ਬੇਰੁਜ਼ਗਾਰੀ

ਹਾਲ ਹੀ ਵਿੱਚ ਅਮਰੀਕਾ ਸਰਕਾਰ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਜਬਰਨ ਕੱਢੇ ਜਾਣ ਦੇ ਫੈਸਲੇ ਤਹਿਤ 104 ਭਾਰਤੀਆਂ ਨੂੰ ਅਮਰੀਕੀ ਫੌਜ ਦਾ ਜਹਾਜ਼ ਲੈ ਕੇ ਅੰਮ੍ਰਿਤਸਰ ਪੁੱਜਾ। ਦੇਖੋ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਹਥਕੜੀਆਂ ਤੇ ਬੇੜੀਆਂ ਲਗਾ ਕੇ ਨੌਜਵਾਨ ਭਾਰਤ ਭੇਜੇ ਗਏ। 40 ਤੋਂ 60 ਲੱਖ ਰੁਪਏ ਲਗਾ ਕੇ ਨਜਾਇਜ਼ ਤਰੀਕੇ ਨਾਲ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੁਝ ਦਿਨਾਂ ਬਾਅਦ ਹੀ ਇਹਨਾਂ ਨੂੰ ਵਾਪਸ ਮੁੜਨਾ ਪਿਆ।ਜ਼ਿਆਦਾਤਰ ਲੋਕ ਮੈਕਸੀਕੋ ਰਾਹੀਂ ਡੌਂਕੀ ਲਗਾ ਕੇ ਅਮਰੀਕਾ ਵੜੇ ਸਨ। ਦਰਅਸਲ ਅਮਰੀਕਾ ਇੱਕ ਸ਼ਕਤੀਸ਼ਾਲੀ ਮੁਲਕ ਹੈ, ਉੱਥੇ ਰੁਜ਼ਗਾਰ ਤਕਰੀਬਨ ਸਭ ਨੂੰ ਮਿਲ ਜਾਂਦਾ ਹੈ। ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਟਰੰਪ ਨੇ ਆਉਂਦਿਆਂ ਸਾਰ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਸ਼ਿਕੰਜਾ ਕੱਸਿਆ ਹੈ।ਹਾਲ ਹੀ ਵਿੱਚ ਅਮਰੀਕਾ, ਕੈਨੇਡਾ ਦੇ ਵੀ ਚੰਗੇ ਸੰਬੰਧ ਨਹੀਂ ਰਹੇ।ਅੱਜ ਭਾਰਤ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਦੇਸ਼ ਦੇ ਲੋਕ ਗੈਰ-ਕਾਨੂੰਨੀ ਪ੍ਰਵਾਸ ਕਿਉਂ ਕਰ ਰਹੇ ਹਨ? ਕਿਉਂ ਲੋਕ ਟਰੈਵਲ ਏਜੰਟਾਂ ਕੋਲ ਫਸ ਜਾਂਦੇ ਹਨ? ਝੂਠ ਬੋਲ ਕੇ ਗਲਤ ਤਰੀਕੇ ਨਾਲ ਲੋਕਾਂ ਨੂੰ ਕਿਉਂ ਗਲਤ ਭੇਜ ਰਹੇ ਹਨ। ਟਰੈਵਲ ਏਜੰਟ ਲੋਕਾਂ ਨੂੰ ਮਿੱਠਾ ਜ਼ਹਿਰ ਦੇ ਕਿ ਉਨਾਂ ਕੋਲੋਂ ਕਮਿਸ਼ਨ ਲੈ ਰਹੇ ਹਨ। ਅੱਜ ਜੋ ਵਾਪਸ ਭਾਰਤ ਪਰਤੇ ਹਨ ,ਉਹਨਾਂ ਨੇ ਕਰਜ਼ਾ ਚੁੱਕ ਕੇ ਆਪਣੇ ਘਰ ਗਹਿਣੇ ਰੱਖ ਕੇ ਬਾਹਰ ਗਏ ਸਨ। ਉਮੀਦ ਸੀ ਕਿ ਉੱਥੇ ਭਵਿੱਖ ਰੁਸ਼ਨਾ ਜਾਵੇਗਾ ਤੇ ਆਪਣੇ ਘਰਦਿਆਂ ਦੀ ਗਰੀਬੀ ਦੂਰ ਕਰ ਦਿਆਂਗੇ।ਏਨੀ ਮੋਟੀ ਰਕਮ ਵਿਆਜ 'ਤੇ ਚੁੱਕ ਕੇ ਜਾਣਾ ਕੋਈ ਚੰਗੀ ਗੱਲ ਨਹੀਂ। ਦਰਅਸਲ ਆਪਣੇ ਭਾਰਤ ਵਿੱਚ ਬੇਰੁਜ਼ਗਾਰੀ ਬਹੁਤ ਵਧ ਚੁੱਕੀ ਹੈ। ਯੋਗਤਾ ਦੇ ਮੁਤਾਬਕ ਲੋਕਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਬੇਰੋਜ਼ਗਾਰੀ ਦਾ ਸਾਹਮਣਾ ਕਰ ਰਹੇ ਨੌਜਵਾਨਾਂ ਦੀ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਸਾਰ ਲੈਣੀ ਚਾਹੀਦੀ ਹੈ। ਦੋ ਕੁ ਸਾਲ ਪਹਿਲਾਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ 2024 ਤੱਕ ਸਰਕਾਰ ਦਾ ਟੀਚਾ 15 ਲੱਖ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦੇਣਾ ਹੋਵੇਗਾ ਤੇ ਇਹ ਵੀ ਕਿਹਾ ਕਿ ਲਗਾਤਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਮੁਹਿੰਮ ਚਲਦੀ ਰਹੇਗੀ। ਕੋਵਿਡ ਤੇ ਰੂਸ-ਯੂਕਰੇਨ ਜੰਗ ਨੇ ਵਿਸ਼ਵ ਦੀ ਆਰਥਿਕਤਾ 'ਤੇ ਵੱਡਾ ਅਸਰ ਪਾਇਆ ਸੀ।ਅੱਜ ਪੂੰਜੀਪਤੀ ਦੇਸ਼ ਵੀ ਬੇਰੁਜ਼ਗਾਰੀ ਦੀ ਲਪੇਟ ਵਿੱਚ ਆ ਚੁੱਕੇ ਹਨ। ਯੂ ਐੱਨ ਓ ਦੀ ਇੰਟਰਨੈਸ਼ਨਲ ਲੇਬਰ ਆਰਗੇਨਾਈਜੇਸ਼ਨ ਦੇ ਮੁਤਾਬਕ 2024 ਤੱਕ 20 ਮਿਲੀਅਨ ਤੋਂ ਵੱਧ ਲੋਕ ਬੇਰੁਜ਼ਗਾਰ ਹੋਏ ਹਨ। ਬੇਰੁਜ਼ਗਾਰੀ ਦੇ ਵਧਣ ਦਾ ਮੁੱਖ ਕਾਰਨ ਆਬਾਦੀ ਦਾ ਵਧਣਾ ਵੀ ਹੈ। ਚਿੰਤਾ ਵਾਲੀ ਗੱਲ ਹੈ ਕਿ ਏਨੀ ਆਬਾਦੀ ਨੂੰ ਕਿਵੇਂ ਰੁਜ਼ਗਾਰ ਦਿੱਤਾ ਜਾ ਸਕਦਾ ਹੈ। ਅੱਜ ਭਾਰਤ ਦੁਨੀਆ ਦਾ ਵੱਧ ਵਸੋਂ ਵਾਲਾ ਮੁਲਕ ਬਣ ਗਿਆ ਹੈ। ਜੇਕਰ ਆਬਾਦੀ ਨੂੰ ਕਾਬੂ ਨਾ ਕੀਤਾ ਗਿਆ ਤਾਂ ਦੇਸ਼ ਵਿੱਚ ਬੇਰੁਜ਼ਗਾਰੀ ਸਭ ਤੋਂ ਵੱਡੀ ਸਮੱਸਿਆ ਬਣ ਜਾਵੇਗੀ। ਦਿਨੋਂ ਦਿਨ ਕਿੱਤਿਆਂ ਦਾ ਵੀ ਮਸ਼ੀਨੀਕਰਨ ਹੋ ਰਿਹਾ ਹੈ।ਬਹੁਤ ਸਾਰੇ ਲੋਕ ਰੁਜ਼ਗਾਰ ਦੀ ਤਲਾਸ਼ ਲਈ ਸ਼ਹਿਰਾਂ ਵੱਲ ਆਉਂਦੇ ਹਨ।ਹਰ ਇੱਕ ਨੂੰ ਚਾਹਤ ਦਾ ਰੁਜ਼ਗਾਰ ਮਿਲਣਾ ਸੰਭਵ ਨਹੀਂ। ਕਈ ਅਦਾਰਿਆਂ ਦਾ ਨਿੱਜੀਕਰਨ ਕਰ ਦਿੱਤਾ ਗਿਆ ਹੈ।ਰੋਜ਼ਗਾਰ ਨੌਜਵਾਨਾਂ ਲਈ ਬਹੁਤ ਜ਼ਰੂਰੀ ਹੈ, ਜਿਸ ਨਾਲ ਉਹਨਾਂ ਦੀ ਸ਼ਖ਼ਸੀਅਤ ਦਾ ਵੀ ਵਿਕਾਸ ਹੁੰਦਾ ਹੈ। ਰੁਜ਼ਗਾਰ ਨਾ ਹੋਣ ਕਾਰਨ ਨੌਜਵਾਨ ਕਈ ਬੁਰਾਈਆਂ ਦਾ ਸ਼ਿਕਾਰ ਹੋ ਜਾਂਦੇ ਹਨ। ਨਸ਼ਾ ਵੀ ਇੱਕ ਮੁੱਖ ਕਾਰਨ।ਜੇ ਸਾਡੇ ਮੁਲਕ ਵਿੱਚੋਂ ਭ੍ਰਿਸ਼ਟਾਚਾਰ ਖ਼ਤਮ ਹੋ ਜਾਵੇ, ਤਾਂ ਬੇਰੁਜ਼ਗਾਰੀ ਨੂੰ ਕਾਫ਼ੀ ਹੱਦ ਤੱਕ ਠੱਲ੍ਹ ਪੈ ਜਾਵੇਗੀ। ਦੇਸ਼ ਵਿੱਚ ਮਲਟੀ ਨੈਸ਼ਨਲ ਕੰਪਨੀਆਂ ਤੇ ਸਨਅਤ ਖੇਤਰ ਨੂੰ ਉੱਨਤ ਕਰਨਾ ਚਾਹੀਦਾ ਹੈ, ਤਾਂ ਜੋ ਨੌਜਵਾਨਾਂ ਨੂੰ ਵਧੀਆ ਰੁਜ਼ਗਾਰ ਮਿਲ ਸਕੇ। ਕੇਂਦਰ ਤੇ ਸੂਬਾ ਸਰਕਾਰਾਂ ਨੂੰ ਇਸ ਪਾਸੇ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

**-ਸੰਜੀਵ ਸਿੰਘ ਸੈਣੀ, ਮੋਹਾਲੀ, 78889-66168**

CMYK

# ਦਲਿਤ ਸਮਾਜ 'ਤੇ ਹਮਲੇ ਸੋਚੀ-ਸਮਝੀ ਸਾਜ਼ਿਸ਼ ਤੇ ਨਫ਼ਰਤੀ ਮਾਨਸਿਕਤਾ ਦਾ ਹਿੱਸਾ : ਚੌਹਾਨ/ਉੱਡਤ

## ਜੋਗਾ 'ਚ ਕੇਂਦਰ ਸਰਕਾਰ ਦੀ ਫੂਕੀ ਅਰਥੀ



ਜੋਗਾ/ਮਾਨਸਾ (ਆਤਮਾ ਸਿੰਘ ਪਮਾਰ)-ਸੀ ਪੀ ਆਈ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਡਾ. ਅੰਬੇਡਕਰ ਵਿਰੁੱਧ ਇਤਰਾਜ਼ਯੋਗ ਟਿੱਪਣੀ ਵਿਰੁੱਧ ਅੰਮ੍ਰਿਤਸਰ ਵਿਖੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਤ ਦਾ ਨਿਰਾਦਰ ਕਰਨ ਅਤੇ ਦਾਨ ਸਿੰਘ ਵਾਲਾ ਤੇ ਚੰਦਭਾਨ ਘਟਨਾਵਾਂ ਵਿਰੁੱਧ ਮੋਦੀ ਤੇ ਸੂਬੇ ਦੀ ਆਪ ਸਰਕਾਰ ਵਿਰੁੱਧ ਬ੍ਰਾਂਚ ਸਕੱਤਰ ਸੁਖਰਾਜ ਸਿੰਘ ਜੋਗਾ ਦੀ ਅਗਵਾਈ ਹੇਠ ਅਰਥੀ ਫੂਕੀ ਤੇ ਰੋਸ ਮੁਜ਼ਾਹਰਾ ਕੀਤਾ ਗਿਆ।

ਇਸ ਮੌਕੇ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ, ਏਟਕ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਤੇ ਨਗਰ ਪੰਚਾਇਤ ਜੋਗਾ ਦੇ ਪ੍ਰਧਾਨ ਕਾਮਰੇਡ ਗੁਰਮੀਤ ਸਿੰਘ ਜੋਗਾ ਨੇ ਕਿਹਾ ਕਿ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਦਲਿਤ ਸਮਾਜ, ਘੱਟ ਗਿਣਤੀਆਂ ਤੇ ਔਰਤਾਂ 'ਤੇ ਸਿਲਸਿਲੇ ਵਾਰ ਹਮਲੇ ਹੋ ਰਹੇ ਹਨ, ਜੋ ਇੱਕ ਸੋਚੀ ਸਮਝੀ ਸਾਜ਼ਿਸ਼ ਤੇ ਨਫ਼ਰਤੀ ਮਨਸਾ ਦਾ ਹੀ ਸਿੱਟਾ ਹਨ, ਕਿਉਂਕਿ ਪਿਛਾਂਹ ਖਿੱਚੂ ਫਾਸ਼ੀਵਾਦੀ ਭਾਜਪਾ ਆਰ ਐੱਸ ਐੱਸ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਰਸਤੇ 'ਤੇ ਚੱਲ ਰਹੀਆਂ ਹਨ, ਜਿਸ ਦੇ ਸਿੱਟੇ ਵਜੋਂ ਇਹ ਫਾਸ਼ੀਵਾਦੀ ਤਾਕਤਾਂ ਨੇ ਕਦੇ ਵੀ ਦੇਸ਼ ਦੇ ਸੰਵਿਧਾਨ ਨੂੰ ਮਾਨਤਾ ਨਹੀਂ ਦਿੱਤੀ ਤੇ ਇਹ ਤਾਕਤਾਂ ਭਾਰਤ ਦੇ ਸੰਵਿਧਾਨ ਨੂੰ ਹਟਾ ਕੇ ਮਨੂੰ ਸਮ੍ਰਿਤੀ ਥੋਪਣਾ ਚਾਹੁੰਦੀਆਂ ਹਨ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਆਗੂਆਂ ਨੇ ਸੂਬਾ ਸਰਕਾਰ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਮਾਨ ਸਰਕਾਰ ਨੇ ਕੇਂਦਰ ਦੀ ਮੋਦੀ ਸਰਕਾਰ ਅੱਗੇ ਗੋਡੇ ਟੇਕ ਦਿੱਤੇ ਹਨ, ਇੱਕ ਤਰ੍ਹਾਂ ਸੰਘੀਆਂ ਦੀ ਜੂਨੀਅਰ ਭਾਈਵਾਲ ਬਣ ਚੁੱਕੀ ਹੈ।ਸੂਬੇ ਵਿੱਚ ਲਾਅ ਐਂਡ ਆਰਡਰ ਨਾਂ ਦੀ ਕੋਈ ਚੀਜ਼ ਵਿਖਾਈ ਨਹੀਂ ਦੇ ਰਹੀ।ਦਾਨ ਸਿੰਘ ਵਾਲਾ ਤੇ ਚੰਦਭਾਨ ਦੀਆਂ ਘਟਨਾਵਾਂ ਸੂਬਾ ਸਰਕਾਰ ਦੀ ਦਲਿਤਾਂ ਪ੍ਰਤੀ ਨਫ਼ਰਤ ਨੂੰ ਜਨਤਕ ਕਰ ਰਹੀਆਂ ਹਨ।ਇਸ ਮੌਕੇ ਆਗੂਆਂ ਨੇ ਪੰਜਾਬ ਪੁਲਸ ਦੀ ਮਾੜੀ ਕਾਰਗੁਜ਼ਾਰੀ ਦੀ ਨਿੰਦਾ ਕੀਤੀ ਤੇ ਪੀੜਤ ਪਰਵਾਰਾਂ ਨੂੰ ਇਨਸਾਫ ਦੇਣ ਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਵੀ ਕੀਤੀ। ਪੁਲਸ ਜੋਗਾ ਪਿੰਡ ਵਿੱਚ ਦਲਿਤ ਪਰਵਾਰ ਦੀ ਬੇਟੀ ਦੇ ਵਿਆਹ ਸਮਾਗਮ ਵਿੱਚ ਜਾਣਬੁੱਝ ਕੇ ਗੁੰਡਾਗਰਦੀ ਕਰਨ ਵਾਲੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਬਜਾਏ ਉਲਟਾ ਦੋਸ਼ੀ ਧਿਰ ਦਾ ਹੀ ਬਚਾਅ ਕਰ ਰਹੀ ਹੈ।ਜੇਕਰ ਪਰਵਾਰ ਨੂੰ ਇਨਸਾਫ ਨਾ ਮਿਲਿਆ ਤਾਂ ਪਾਰਟੀ ਇਨਸਾਫ਼ ਪਸੰਦ ਜਥੇਬੰਦੀਆਂ ਦੇ ਸਹਿਯੋਗ ਨਾਲ ਜੋਗਾ ਥਾਣੇ ਦਾ ਘਿਰਾਓ ਕੀਤਾ ਜਾਵੇਗਾ।

ਪ੍ਰਦਰਸ਼ਨ ਮੌਕੇ ਹੋਰਨਾਂ ਤੋਂ ਇਲਾਵਾ ਜਥੇਦਾਰ ਮਲਕੀਤ ਸਿੰਘ ਜੋਗਾ, ਡਾਕਟਰ ਬੱਗਾ ਸਿੰਘ, ਬਿੱਕਰ ਸਿੰਘ ਐੱਮ ਸੀ, ਬੂਟਾ ਸਿੰਘ, ਗੁਰਜੰਟ ਮਾਟਾ ਐੱਮ ਸੀ, ਸਾਬਕਾ ਮੈਂਬਰ ਭਜਨ ਸਿੰਘ, ਬਲਵਿੰਦਰ ਵਿੱਕੀ, ਸਾਬਕਾ ਐੱਮ ਸੀ ਦਰਸ਼ਨ ਸਿੰਘ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਜ਼ਮੀਨੀ ਵਿਵਾਦ ਨੂੰ ਲੈ ਕੇ ਚੱਲੀਆਂ ਗੋਲੀਆਂ, ਦੋ ਜ਼ਖਮੀ



ਮੋਗਾ (ਇਕਬਾਲ ਸਿੰਘ ਖਹਿਰਾ)-ਪਿੰਡ ਮਹਿਣਾ ਦੇ ਨੇੜੇ ਰੌਲੀ ਰੋਡ 'ਤੇ ਇੱਕ ਜ਼ਮੀਨੀ ਵਿਵਾਦ ਨੂੰ ਲੈ ਕੇ ਦੋ ਧਿਰਾਂ ਵਿੱਚ ਝਗੜਾ ਹੋ ਗਿਆ, ਜਿਸ ਤੋਂ ਬਾਅਦ ਇਕ ਧਿਰ ਨੇ ਦੂਜੀ ਧਿਰ ਦੇ ਉਪਰ ਫਾਇਰਿੰਗ ਕੀਤੀ ਗਈ ਤੇ ਦੋਨੋਂ ਧਿਰਾਂ ਨੇ ਇੱਕ-ਦੂਜੇ 'ਤੇ ਜਾਨੋਂ ਮਾਰਨ ਦੇ ਦੋਸ਼ ਲਾਏ ਹਨ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਅਮਿਤ ਸਹਿਗਲ ਨੇ ਕਿਹਾ ਕਿ ਜ਼ਮੀਨ ਨੂੰ ਲੈ ਕੇ ਥਾਣਾ ਮਹਿਣਾ ਪੁਲਸ ਕੋਲ ਇੱਕ ਦਰਖਾਸਤ ਦਿੱਤੀ ਸੀ ਤਾਂ ਅੱਜ ਉਹ ਤੇ ਉਸ ਦੇ ਪਿਤਾ ਥਾਣਾ ਮਹਿਣਾ ਪੁਲਸ ਕੋਲ ਜਾ ਰਹੇ ਸੀ, ਤਾਂ ਰਸਤੇ ਵਿੱਚ ਜਦੋਂ ਉਹ ਆਪਣੀ ਜ਼ਮੀਨ ਦੇ ਨੇੜੇ ਪਹੁੰਚੇ ਤਾਂ ਉਨ੍ਹਾਂ ਨੇ ਦੇਖਿਆ ਕਿ ਜ਼ਮੀਨ ਦੀ ਕੰਧ ਡਿੱਗੀ ਹੋਈ ਸੀ। ਜਦ ਉਹ ਦੇਖਣ ਲੱਗੇ ਤਾਂ ਉਨ੍ਹਾਂ ਦੇ ਪਿੱਛੇ ਨਿਰਮਲ ਸਿੰਘ ਤੇ ਅਵਤਾਰ ਸਿੰਘ ਆਪਣੀ ਕਾਰ 'ਚ ਆਏ। ਉਨ੍ਹਾਂ ਆਪਣੀ ਕਾਰ ਸਾਡੀ ਕਾਰ ਦੇ ਅੱਗੇ ਲਾ ਕੇ ਗੋਲੀਆਂ ਚਲਾਈਆਂ। ਅਸੀਂ ਆਪਣੀ ਜਾਨ ਬਚਾਉਣ ਲਈ ਗੱਡੀ ਭਜਾ ਕੇ ਥਾਣੇ ਮਹਿਣਾ ਆ ਗਏ। ਨਿਰਮਲ ਸਿੰਘ ਤੇ ਅਵਤਾਰ ਸਿੰਘ ਖਿਲਾਫ ਜ਼ਮੀਨ ਨੂੰ ਲੈ ਕੇ ਅਸੀਂ ਪਹਿਲਾਂ ਵੀ ਥਾਣਾ ਮਹਿਣਾ 'ਚ ਸ਼ਿਕਾਇਤ ਦਰਜ ਕਰਵਾ ਚੁੱਕੇ ਹਾਂ, ਅਸੀਂ ਉਸੇ ਦਰਖਾਸਤ ਨੂੰ ਲੈ ਕੇ ਥਾਣਾ ਮਹਿਣਾ ਵਿੱਚ ਜਾ ਰਹੇ ਸੀ। ਉਨ੍ਹਾਂ ਦੋਸ਼ ਲਾਇਆ ਕਿ ਨਿਰਮਲ ਸਿੰਘ ਤੇ ਅਵਤਾਰ ਸਿੰਘ 'ਤੇ ਪਹਿਲਾਂ ਵੀ ਐੱਨ.ਆਰ.ਆਈ. ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰਨ ਦੇ ਦੋਸ਼ ਹਨ।

ਦੂਜੇ ਪਾਸੇ ਨਿਰਮਲ ਸਿੰਘ ਨੇ ਦੱਸਿਆ ਕਿ ਉਹ ਥਾਣਾ ਮਹਿਣਾ ਵੱਲੋਂ ਆ ਰਹੇ ਸਨ, ਤਾਂ ਰਸਤੇ ਵਿਚ ਅਮਿਤ ਸਹਿਗਲ ਤੇ ਉਨ੍ਹਾਂ ਦੇ 20-25 ਸਾਥੀਆਂ ਨੇ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਸਾਡੇ ਉਪਰ ਹਮਲਾ ਕਰ ਦਿੱਤਾ ਤੇ ਗੋਲੀਆਂ ਚਲਾ ਦਿੱਤੀਆਂ ਅਤੇ ਸਾਡੀ ਕੁੱਟਮਾਰ ਕੀਤੀ, ਜਿਸ ਵਿੱਚ ਸਾਨੂੰ ਕਾਫੀ ਸੱਟਾਂ ਲੱਗੀਆਂ, ਮੋਗਾ ਦੇ ਸਰਕਾਰੀ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡਾ ਲਾਇਸੈਂਸੀ ਰਿਵਾਲਵਰ ਵੀ ਖੋਹ ਕੇ ਮੌਕੇ ਤੋਂ ਫਰਾਰ ਹੋ ਗਏ। ਅਸੀਂ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਧਰਮਕੋਟ ਰਮਨਦੀਪ ਸਿੰਘ ਨੇ ਕਿਹਾ ਕਿ ਸਾਨੂੰ ਇੱਕ ਸ਼ਿਕਾਇਤ ਮਿਲੀ ਸੀ ਕਿ ਬੁੱਗੀਪੁਰਾ ਚੌਕ ਅੱਗੇ ਰੌਲੀ ਪਿੰਡ ਲਿੰਕ ਰੋਡ 'ਤੇ ਦੋ ਧਿਰਾਂ ਅਮਿਤ ਸਹਿਗਲ ਤੇ ਨਿਰਮਲ ਸਿੰਘ ਦਾ ਜ਼ਮੀਨ ਨੂੰ ਲੈ ਕੇ ਲੜਾਈ ਝਗੜਾ ਹੋਇਆ ਹੈ ਅਤੇ ਦੋ ਫਾਇਰ ਵੀ ਹੋਏ ਹਨ। ਅਸੀਂ ਇਸ ਦੀ ਗੰਭੀਰਤਾ ਨਾਲ ਜਾਂਚ ਕਰ ਰਹੇ ਹਾਂ ਤੇ ਪੜਤਾਲ ਉਪਰੰਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਲੜਾਈ 'ਚ ਗੋਲੀ ਕਿਸ ਨੇ ਚਲਾਈ ਹੈ, ਇਸ ਦੀ ਵੀ ਅਸੀਂ ਜਾਂਚ ਕਰ ਰਹੇ ਹਾਂ, ਲੜਾਈ ਵਿੱਚ ਇੱਕ ਆਈ 20 ਕਾਰ ਦੇ ਸ਼ੀਸ਼ੇ 'ਤੇ ਗੋਲੀਆਂ ਲੱਗੀਆਂ ਨੇ ਤੇ ਇੱਕ ਹੰਡਾਈ ਗੱਡੀ ਦੀ ਤੋੜਭੰਨ ਹੋਈ ਹੈ।

# ਕੌਮਾਂਤਰੀ ਪੀ ਡੀ ਐੱਫ ਏ ਡੇਅਰੀ ਤੇ ਐਗਰੀ ਐਕਸਪੋ ਅੱਜ ਤੋਂ

## ਦੁੱਧ 'ਚ ਮਿਲਾਵਟ ਖਿਲਾਫ਼ ਲੜਾਈ ਦਾ ਮੁੱਢ ਬੰਨ੍ਹੇਗਾ ਪੀ ਡੀ ਐੱਫ ਏ ਮੇਲਾ : ਸਦਰਪੁਰਾ



ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)-ਜਗਰਾਉਂ ਦੀ ਪਸ਼ੂ ਮੰਡੀ 18ਵਾਂ ਤਿੰਨ ਰੋਜ਼ਾ ਕੌਮਾਂਤਰੀ ਪੀਡੀਐੱਫਏ ਡੇਅਰੀ ਤੇ ਐਗਰੀ ਐਕਸਪੋ 8 ਫਰਵਰੀ ਨੂੰ ਸਵੇਰੇ 10 ਵਜੇ ਸ਼ੁਰੂ ਹੋਵੇਗਾ। ਪੀਡੀਐੱਫਏ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਦੀ ਅਗਵਾਈ ਹੇਠ ਪਿਛਲੇ ਕਈ ਦਿਨਾਂ ਤੋਂ ਸਥਾਨਕ ਪਸ਼ੂ ਮੰਡੀ ਵਿਖੇ ਡੇਰਾ ਲਾਈ ਬੈਠੇ ਸੰਸਥਾ ਦੇ ਸਾਰੇ ਮੈਂਬਰਾਂ ਨੇ ਅੱਜ ਤਿਆਰੀਆਂ ਨੂੰ ਮੁਕੰਮਲ ਰੂਪ ਦਿੱਤਾ। ਦੇਸ਼ ਤੇ ਦੁਨੀਆ ਤੋਂ ਇਸ ਐਕਸਪੋ ਵਿੱਚ ਪਹੁੰਚ ਰਹੇ ਡੇਅਰੀ ਮਾਲਕਾਂ, ਪਸ਼ੂ ਪਾਲਕਾਂ ਤੇ ਮਹਿਮਾਨਾਂ ਦੇ ਸਵਾਗਤ ਵਿੱਚ ਸਥਾਨਕ ਪਸ਼ੂ ਮੰਡੀ ਦਾ ਵਿਸ਼ਾਲ ਮੈਦਾਨ ਪੂਰੀ ਤਰ੍ਹਾਂ ਸੱਜ ਕੇ ਤਿਆਰ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਸ ਐਕਸਪੋ ਵਿੱਚ ਦੁੱਧ ਚੁਆਈ ਤੇ ਮੱਝਾਂ, ਗਾਵਾਂ ਦੇ ਨਸਲਾਂ ਮੁਕਾਬਲਿਆਂ ਦੇ ਜੇਤੂਆਂ ਨੂੰ ਲੱਖਾਂ ਰੁਪਏ ਦੇ ਇਨਾਮਾਂ ਨਾਲ ਨਵਾਜਿਆ ਜਾਵੇਗਾ। ਦੇਸ਼ ਤੇ ਦੁਨੀਆ ਦੀ ਡੇਅਰੀ ਤੇ ਖੇਤੀ ਕਿੱਤੇ ਦੀ ਜਾਣਕਾਰੀ ਨੂੰ ਸਾਂਝੀ ਕਰਨ ਵਾਲੀ ਇਸ ਐਕਸਪੋ ਵਿੱਚ ਇਕੱਲੇ ਪੰਜਾਬ ਹੀ ਨਹੀਂ ਦੇਸ਼ ਦੇ ਅਨੇਕਾਂ ਸੂਬਿਆਂ ਤੋਂ ਲੱਖਾਂ ਪਸ਼ੂ ਪਾਲਕ ਤੇ ਡੇਅਰੀ ਮਾਲਕ ਪਹੁੰਚ ਰਹੇ ਹਨ। ਦੁੱਧ ਚੁਆਈ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਪਸ਼ੂ ਪਾਲਕ ਵੱਡੀ ਗਿਣਤੀ 'ਚ ਪਹੁੰਚ ਗਏ ਹਨ, ਜਿਨ੍ਹਾਂ ਅੱਜ ਆਪਣੀ ਰਜਿਸਟਰੇਸ਼ਨ ਹਾਸਲ ਕੀਤੀ। ਇਸ ਮੌਕੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਦੱਸਿਆ ਕਿ ਇਸ ਵਾਰ ਵੀ ਇਸ ਐਕਸਪੋ ਵਿੱਚ ਦੁੱਧ ਚੁਆਈ ਤੇ ਪਸ਼ੂਆਂ ਦੀਆਂ ਵੱਖ-ਵੱਖ ਨਸਲਾਂ ਦੇ ਮੁਕਾਬਲਿਆਂ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਮੁਕੰਮਲ ਕਰਨ ਲਈ ਵੱਡੇ ਪੱਧਰ 'ਤੇ ਪ੍ਰਬੰਧ ਕੀਤੇ ਗਏ ਹਨ। ਸਾਰੇ ਮੁਕਾਬਲੇ ਸੈਂਕੜੇ ਲਗਾਏ ਗਏ ਸੀਸੀਟੀਵੀ ਕੈਮਰਿਆਂ ਨਿਗਰਾਨੀ ਵਿੱਚ ਹੋਣਗੇ। ਇਹੀ ਨਹੀਂ ਨਸਲਾਂ ਦੇ ਮੁਕਾਬਲਿਆਂ ਦੀ ਜਜਮੈਂਟ ਕਰਨ ਲਈ ਵਿਦੇਸ਼ਾਂ ਤੋਂ ਗੋਰੇ ਜੱਜ ਪਹੁੰਚ ਰਹੇ ਹਨ। ਇਸ ਸਮੇਂ ਪ੍ਰੈੱਸ ਸਕੱਤਰ ਰੇਸ਼ਮ ਸਿੰਘ ਭੁੱਲਰ ਨੇ ਦੱਸਿਆ ਕਿ ਇਸ ਵਾਰ ਵੀ ਐਕਸਪੋ ਵਿੱਚ 400 ਤੋਂ ਵਧੇਰੇ ਦੇਸ਼ ਤੇ ਵਿਦੇਸ਼ਾਂ ਦੀਆਂ ਕੰਪਨੀਆਂ ਇੱਕ ਛੱਤ ਹੇਠ ਡੇਅਰੀ ਕਿੱਤੇ ਨੂੰ ਲਾਹੇਵੰਦ ਬਣਾਉਣ ਲਈ ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਹੌਲੈਂਡ, ਜਰਮਨ ਸਮੇਤ ਵੱਡੇ ਦੇਸ਼ਾਂ ਵੱਲੋਂ ਅਪਣਾਈ ਜਾਂਦੀ ਤਕਨੀਕ, ਗੁਰ, ਖੁਰਾਕ ਦਵਾਈਆਂ ਤੇ ਹੋਰ ਜਾਣਕਾਰੀ ਸਾਂਝੀ ਕਰਨਗੇ, ਜਿਸ ਨੂੰ ਪ੍ਰਾਪਤ ਕਰਕੇ ਦੇਸ਼ ਦੇ ਡੇਅਰੀ ਮਾਲਕ ਆਪਣੇ ਕਿੱਤੇ ਨੂੰ ਲਾਹੇਬੰਦ ਬਣਾਉਣਗੇ। ਇਸ ਮੌਕੇ ਬਲਵੀਰ ਸਿੰਘ ਨਵਾਂ ਸ਼ਹਿਰ, ਰਾਜਪਾਲ ਸਿੰਘ ਕੁਲਾਰ, ਰਣਜੀਤ ਸਿੰਘ ਲੰਘੇਆਣਾ, ਰੇਸ਼ਮ ਸਿੰਘ ਜ਼ੀਰਾ, ਕੁਲਦੀਪ ਸਿੰਘ ਮਾਨਸਾ, ਪਰਮਿੰਦਰ ਸਿੰਘ ਘੁੜਾਣੀ, ਸੁਖਦੇਵ ਸਿੰਘ ਬਰੌਲੀ, ਬਲਜਿੰਦਰ ਸਿੰਘ ਸਠਿਆਲਾ, ਸੁਖਜਿੰਦਰ ਸਿੰਘ ਘੁੰਮਣ, ਗੁਰਮੀਤ ਸਿੰਘ ਰੋਡੇ, ਕੁਲਦੀਪ ਸਿੰਘ ਸੇਰੋਂ, ਅਵਤਾਰ ਸਿੰਘ ਥਾਬਲਾ, ਸੁਖਪਾਲ ਸਿੰਘ ਵਰਪਾਲ, ਬਲਵਿੰਦਰ ਸਿੰਘ ਚੌਤਰਾ, ਸੁਖਰਾਜ ਸਿੰਘ ਗੁੜੇ, ਮਨਜੀਤ ਸਿੰਘ ਮੋਹੀ, ਗੁਰਬਖਸ਼ ਸਿੰਘ ਬਾਜੇਕੇ, ਕੁਲਦੀਪ ਸਿੰਘ ਪਟਿਆਲਾ, ਨਿਰਮਲ ਸਿੰਘ ਫੂਲ, ਸਿਕੰਦਰ ਸਿੰਘ ਪਟਿਆਲਾ, ਅਮਰਿੰਦਰ ਸਿੰਘ ਬੱਲ, ਸੁਖਦੀਪ ਸਿੰਘ ਫਾਜ਼ਿਲਕਾ, ਦਰਸ਼ਨ ਸਿੰਘ ਸੋਡਾ, ਗੁਰਪ੍ਰੀਤ ਸਿੰਘ ਤਰਨ ਤਾਰਨ, ਜਰਨੈਲ ਸਿੰਘ ਛਿਨੀਵਾਲ, ਬਲਵਿੰਦਰ ਸਿੰਘ ਰਾਣਵਾ, ਗੀਤ ਇੰਦਰ ਸਿੰਘ ਭੁੱਲਰ, ਸਤਇੰਦਰ ਸਿੰਘ ਰੋਪੜ, ਬਲਿਹਾਰ ਸਿੰਘ ਢੰਡਾ, ਗੁਰਸ਼ਰਨ ਸਿੰਘ, ਹਰਦੀਪ ਸਿੰਘ ਹੁਸ਼ਿਆਰਪੁਰ, ਕਰਮਜੀਤ ਸਿੰਘ ਮਲੇਰਕੋਟਲਾ, ਅਮਨਦੀਪ ਸਿੰਘ ਅਤੇ ਜਸਵਿੰਦਰ ਸਿੰਘ ਨਵਾਂ ਸ਼ਹਿਰ ਆਦਿ ਹਾਜ਼ਰ ਸਨ।

## ਕਾਤਰਾਂ

### ਪੀ ਏ ਯੂ ਪੈਨਸ਼ਨਰਜ ਤੇ ਇੰਪਲਾਈਜ ਵੱਲੋਂ ਮੇਲਾ 15 ਨੂੰ

ਲੁਧਿਆਣਾ (ਐਮ ਐਸ ਭਾਟੀਆ)-ਪੀਏਯੂ ਪੈਨਸ਼ਨਰਜ਼ ਤੇ ਇੰਪਲਾਈਜ ਵੱਲੋਂ ਲਗਾਤਾਰ ਗਿਆਰ੍ਹਵਾਂ ਮੇਲਾ ਇਸ ਸਾਲ ਲਾਇਆ ਜਾ ਰਿਹਾ ਹੈ।ਇਹ ਮੇਲਾ 15 ਫਰਵਰੀ ਨੂੰ ਲੱਗੇਗਾ, ਜੋ ਕਾਲਜ ਆਫ਼ ਐਗਰੀਕਲਚਰ ਦੇ ਕੋਲ ਫਲੈਗ ਪੋਸਟ ਦੇ ਨੇੜੇ ਲਾਇਆ ਜਾਵੇਗਾ।ਮੇਲੇ ਦਾ ਆਯੋਜਨ ਪੀਏਯੂ ਪੈਨਸ਼ਨਰਜ਼ ਤੇ ਰਿਟਾਇਰੀਜ ਵੈਲਫੇਅਰ ਐਸੋਸੀਏਸ਼ਨ ਵੱਲੋਂ ਪੀਏਯੂ ਇੰਪਲਾਈਜ ਯੂਨੀਅਨ, ਨਾਨ ਟੀਚਿੰਗ ਇੰਪਲਾਈਜ ਯੂਨੀਅਨ ਗਡਵਾਸੂ ਤੇ ਪੀਏਯੂ ਕਲਾਸ ਫੋਰਥ ਵਰਕਰਜ ਯੂਨੀਅਨ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ।ਮੀਟਿੰਗ ਤੋਂ ਬਾਅਦ ਮੇਲੇ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਚਰਨ ਗੁਰਮ ਨੇ ਕਿਹਾ ਕਿ ਇਸ ਵਾਰ ਵੀ ਮੇਲੇ ਲਈ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ।ਮੀਟਿੰਗ ਵਿੱਚ ਡੀ ਪੀ ਮੌੜ, ਚਰਨ ਗੁਰਮ, ਸਤਨਾਮ ਸਿੰਘ, ਜੈਪਾਲ ਸਿੰਘ, ਦਰਸ਼ਨ ਸਿੰਘ, ਮੈਡਮ ਸਪਤ ਕਲਾ, ਰਾਜਪਾਲ ਵਰਮਾ, ਗੁਲਸ਼ਨ ਰਾਏ ਤੇ ਹੋਰ ਸ਼ਾਮਲ ਹੋਏ।

### ਸੁਪਰੀਮ ਇੰਟਰਨੈਸ਼ਨਲ ਸਕੂਲ 'ਚ ਰੀਡਿੰਗ ਡੇਅ ਮਨਾਇਆ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਸੁਪਰੀਮ ਇੰਟਰਨੈਸ਼ਨਲ ਸਕੂਲ ਵਿਖੇ ਰੀਡਿੰਗ ਡੇਅ ਸਬੰਧੀ ਮੁੱਖ ਪ੍ਰਾਥਨਾ ਸਭਾ ਦਾ ਆਯੋਜਨ ਕੀਤਾ ਗਿਆ। ਸੰਸਥਾ ਦੇ ਪ੍ਰਿੰਸੀਪਲ ਸ਼ਿਆਮਾ ਨਾਇਰ ਨੇ ਦੱਸਿਆ ਕਿ ਇਸ ਦਾ ਉਦੇਸ਼ ਹਰ ਉਮਰ ਦੇ ਵਿਅਕਤੀ ਵਿੱਚ ਉਤਸ਼ਾਹ ਪੈਦਾ ਕਰਨਾ ਹੈ, ਤਾਂ ਜੁ ਉਹ ਉੱਚੀ ਬੋਲ ਕੇ ਪੜ੍ਹਨ, ਜੋ ਬੌਧਿਕ ਤੇ ਆਤਮਿਕ ਵਿਸ਼ਵਾਸ ਲਈ ਬਹੁਤ ਜ਼ਰੂਰੀ ਹੈ। ਪੁਰਾਣੇ ਸਮਿਆਂ ਵਿੱਚ ਕਹਾਣੀਆਂ ਸੁਣਾਉਣ ਲਈ ਇਸ ਵਿਧੀ ਦਾ ਪ੍ਰਯੋਗ ਕੀਤਾ ਜਾਂਦਾ ਸੀ।ਵਿਦਿਆਰਥੀਆਂ ਨੇ ਕਵਿਤਾਵਾਂ, ਕਹਾਣੀਆਂ ਤੇ ਪੈਰਾ ਰਚਨਾ ਪੜ੍ਹ ਕੇ ਇਸ ਵਿੱਚ ਹਿੱਸਾ ਲਿਆ।

### ਮਲੂਕਾ 'ਚ ਜਾਗਰਣ ਕਰਾਇਆ

ਬਠਿੰਡਾ (ਰਾਜੀਵ ਗੋਇਲ)-ਪਿੰਡ ਮਲੂਕਾ ਵਿਖੇ ਬੀਤੀ ਰਾਤ ਮਹਾਂਮਾਈ ਦਾ ਜਾਗਰਣ ਕਰਵਾਇਆ ਗਿਆ। ਇਸ ਮੌਕੇ ਸਟੇਜ ਦੀ ਭੂਮਿਕਾ ਤਰਸੇਮ ਸ਼ਰਮਾ ਵੱਲੋਂ ਨਿਭਾਈ ਗਈ। ਜਾਗਰਣ ਵਿੱਚ ਮਲੂਕਾ ਪਿੰਡ ਦੇ ਲੋਕਾਂ ਸਮੇਤ ਭਗਤਾ ਸ਼ਹਿਰ ਦੇ ਦੁਕਾਨਦਾਰਾਂ ਵੱਲੋਂ ਵੀ ਹਾਜ਼ਰੀ ਭਰੀ ਗਈ। ਇਸ ਮੌਕੇ ਪਹੁੰਚੀ ਹੋਈ ਪਾਰਟੀ ਵੱਲੋਂ ਭੇਟਾਂ ਗਾ ਕੇ ਮਹਾਂਮਾਈ ਦੇ ਨਾਮ ਦਾ ਗੁਣਗਾਣ ਕਰਦੇ ਹੋਏ ਸੰਗਤਾਂ ਨੂੰ ਝੂਮਣ ਲਾ ਦਿੱਤਾ ਗਿਆ। ਇਸ ਮੌਕੇ ਸਮੂਹ ਮਲੂਕਾ ਤੇ ਭਗਤਾ ਸ਼ਹਿਰ ਦੀ ਸੰਗਤ ਹਾਜ਼ਰ ਸੀ।

### ਡੀ ਏ ਵੀ ਗਰਲਜ਼ ਕਾਲਜ 'ਚ ਦੰਦਾਂ ਦਾ ਚੈੱਕਅੱਪ ਕੈਂਪ ਲਗਾਇਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਕੈਂਟ ਵਿੱਚ ਸਥਿਤ ਡੀ ਏ ਵੀ ਗਰਲਜ਼ ਕਾਲਜ ਵਿੱਚ ਜੇਨੇਸਿਸ ਡੈਂਟਲ ਕਾਲਜ ਵੱਲੋਂ ਇੱਕ ਡੈਂਟਲ ਚੈੱਕਅੱਪ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਕਾਲਜ ਦੇ ਡਾਕਟਰਾਂ ਨੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ ਤੇ ਉਚਿਤ ਸਲਾਹ ਦਿੱਤੀ।ਕੈਂਪ ਵਿੱਚ ਜੈਨੇਸਿਸ ਡੈਂਟਲ ਕਾਲਜ ਤੋਂ ਡਾ. ਸਾਧਿਕਾ ਤੇ ਡਾ. ਸਰਜਨਦੀਪ ਸਿੰਘ ਨੇ ਹਿੱਸਾ ਲਿਆ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਦੰਦਾਂ ਦੀ ਸਫਾਈ ਤੇ ਦੇਖਭਾਲ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ।ਕਾਲਜ ਦੀ ਪ੍ਰਿੰਸੀਪਲ ਨੇ ਇਸ ਪਹਿਲ ਲਈ ਜੈਨੇਸਿਸ ਡੈਂਟਲ ਕਾਲਜ ਦੀ ਟੀਮ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਨਿਯਮਤ ਡੈਂਟਲ ਜਾਂਚ ਕਰਵਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਕਾਲਜ ਦੇ ਪੀਆਰਓ ਰਣਜੀਤ ਸਿੰਘ, ਮਨਜੀਤ ਸਿੰਘ ਸਮੇਤ ਹੋਰ ਪਤਵੰਤੇ ਹਾਜ਼ਰ ਰਹੇ।

# ਸਾਂਝਾ ਫਰੰਟ ਵੱਲੋਂ ਕੇਂਦਰ ਤੇ ਸੂਬਾ ਸਰਕਾਰ ਖਿਲਾਫ ਧਰਨਾ



ਜ਼ੀਰਾ (ਨਰਿੰਦਰ ਅਨੇਜਾ)-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਜ਼ਿਲ੍ਹਾ ਫਿਰੋਜ਼ਪੁਰ ਦੇ ਕੋ-ਕਨਵੀਨਰ ਜਸਪਾਲ ਸਿੰਘ ਰਿਟਾਇਰਡ ਡੀ ਐੱਸ ਪੀ, ਗੁਰਦੇਵ ਸਿੰਘ ਸਿੱਧੂ ਜ਼ਿਲ੍ਹਾ ਪ੍ਰਧਾਨ ਪ ਸ ਸ ਫ, ਅਜੀਤ ਸਿੰਘ ਸੋਢੀ ਜਨਰਲ ਸਕੱਤਰ ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ, ਓਮ ਪ੍ਰਕਾਸ਼ ਪੰਜਾਬ ਪੈਨਸ਼ਨ ਯੂਨੀਅਨ, ਨਰਿੰਦਰ ਸ਼ਰਮਾ ਪੈਰਾਮੈਡੀਕਲ, ਮਲਕੀਰ ਚੰਦ ਪਾਸੀ, ਮਹਿੰਦਰ ਸਿੰਘ ਧਾਲੀਵਾਲ ਸੂਬਾ ਜਨਰਲ ਸਕੱਤਰ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ, ਮੁਖਤਿਆਰ ਸਿੰਘ, ਤਾਰਾ ਸਿੰਘ, ਸੁਰਿੰਦਰ ਕੁਮਾਰ ਜੋਸਣ, ਸੇਰ ਸਿੰਘ, ਅਸ਼ੋਕ ਕੁਮਾਰ ਪੁਲਸ ਪੈਨਸ਼ਨਰਜ਼ ਐਸੋਸੀਏਸ਼ਨ, ਇੱਕ ਦਿਨ ਦੀ ਭੁੱਖ ਹੜਤਾਲ ਸ਼ੁਰੂ ਕਰਨ ਉਪਰੰਤ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਨਰਲ ਸਕੱਤਰ ਅਜੀਤ ਸਿੰਘ ਸੋਢੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਾਂ ਦੀਆਂ ਸਾਂਝੀਆਂ ਮੰਗਾਂ ਸਬੰਧੀ ਕਈ ਵਾਰ ਸੰਘਰਸ਼ ਕਰਨ ਤੋਂ ਬਾਅਦ ਮੀਟਿੰਗਾਂ ਕੀਤੀਆਂ ਗਈਆਂ, ਪਰ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਾਂ ਦੀਆਂ ਕੋਈ ਵੀ ਮੰਗਾਂ ਅਜੇ ਤੱਕ ਮੰਨੀਆਂ ਨਹੀਂ ਗਈਆਂ, ਜਿਸ ਦੇ ਰੋਸ ਵਜੋਂ ਪੂਰੀ ਪੰਜਾਬ ਦੀ ਮੁਲਾਜ਼ਮ ਤੇ ਪੈਨਸ਼ਨ ਮੂਵਮੈਂਟ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ। ਇਸ ਵਿੱਚ ਜਸਪਾਲ ਸਿੰਘ ਰਿਟਾਇਰ ਡੀਐੱਸਪੀ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਦੀ ਸਾਂਝੇ ਫਰੰਟ ਵੱਲੋਂ ਨਿਖੇਧੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜੇਕਰ 28 ਫਰਵਰੀ 2025 ਤੱਕ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਸਾਂਝੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ 'ਚ ਤਿੱਖੇ ਸੰਘਰਸ਼ ਵਿੱਢੇ ਜਾਣਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਿੰਦਰਜੀਤ ਸਿੰਘ, ਮਨੋਹਰ ਲਾਲ ਪ੍ਰਧਾਨ ਕਲੈਰੀਕਲ ਯੂਨੀਅਨ, ਪ ਸ ਸ ਫ ਜਗਦੀਪ ਸਿੰਘ ਮਾਂਗਟ, ਸੁਲੱਖਣ ਸਿੰਘ, ਬਲਵੰਤ ਸਿੰਘ, ਮਾਸਟਰ ਚੰਨਣ ਸਿੰਘ, ਪ੍ਰਦੀਪ, ਸਲਵਾਨ, ਰਾਜ ਕੁਮਾਰ ਬੇਰੀ, ਭੁਪਿੰਦਰ ਸੋਨੀ, ਰਾਜਪਾਲ, ਪ੍ਰੇਮ ਪ੍ਰਕਾਸ, ਮਲਕੀਤ ਪਾਸੀ, ਪ੍ਰੀਤ ਮੁਖੀਜਾ, ਦੇਵ ਰਾਜ ਨਰੂਲਾ, ਸੁਰਿੰਦਰ ਕੁਮਾਰ ਜੋਸਣ, ਅਸ਼ੋਕ ਕੁਮਾਰ, ਗੁਰਵਿੰਦਰ ਸਿੰਘ, ਬਲਵੀਰ ਸਿੰਘ, ਰਮਨਦੀਪ ਸਿੰਘ, ਅਰਵਿੰਦਰ ਸਿੰਘ, ਪ੍ਰੀਤ ਮਖੀਜਾ, ਬਲਜੀਤ ਕੌਰ, ਲਛਮੀ ਰਾਣੀ, ਬਲਜੀਤ ਕੌਰ, ਰਾਜਵਿੰਦਰ ਕੌਰ ਆਦਿ ਹਾਜ਼ਰ ਸਨ।

# ਕੇਂਦਰੀ ਬਜਟ ਕਾਰਪੋਰੇਟ ਘਰਾਣਿਆਂ ਪੱਖੀ : ਦੌਲਤਪੁਰਾ, ਮਹੇਸ਼ਰੀ

ਮੋਗਾ (ਇਕਬਾਲ ਸਿੰਘ ਖਹਿਰਾ)

ਭਾਰਤ ਦੇ ਕਿਸਾਨ ਯੂਨੀਅਨ ਲੱਖੋਵਾਲ ਦਫਤਰ ਵਿਖੇ ਭਾਰੀ ਇਕੱਤਰਤਾ ਨਾਲ ਗੱਲਬਾਤ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਸੂਬਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਮਹੇਸ਼ਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜੋ ਬਜਟ 2025-26 ਸਰਕਾਰ ਨੇ ਪੇਸ਼ ਕੀਤਾ, ਉਹ ਬਜਟ ਕਿਸਾਨਾਂ ਮਜ਼ਦੂਰਾਂ ਤੇ ਸਮੁੱਚੇ ਕਿਰਤੀ ਲੋਕਾਂ ਤੇ ਖਾਸ ਕਰ ਪੰਜਾਬ ਨਾਲ ਧੋਖਾ ਕਰਕੇ ਸਿੱਧਾ ਸਿੱਧਾ ਕਾਰਪਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਇਆ ਗਿਆ ਹੈ।

ਕੇਂਦਰ ਸਰਕਾਰ ਨੇ ਜੋ ਬਜਟ ਪੇਸ਼ ਕਰਕੇ ਭਾਰਤ ਦੇ ਲੋਕਾਂ ਨੂੰ ਰਾਹਤ ਦਿੱਤੀ, ਉਸ ਦੇ ਉਲਟ ਦੂਜੇ ਪਾਸੇ ਉਹੀ ਭਾਰਤ ਦੇ ਲੋਕਾਂ ਉੱਪਰ ਪੰਜ ਗੁਣਾਂ ਟੈਕਸ ਵਧਾ ਕੇ ਭਾਰਤ ਦੇ ਲੋਕਾਂ ਦੀ ਲੁੱਟ ਕਰ ਲਈ ਹਾਂ ਭਾਰਤ ਦੇ ਲੋਕਾਂ ਨੂੰ ਆਪਣੇ ਆਪ ਸੁਚੇਤ ਹੋ ਕੇ ਇਸ ਗਿਣਤ ਦੇ ਅੰਕੜੇ ਵਿੱਚੋਂ ਬਾਹਰ ਨਿਕਲ ਕੇ ਇਸ ਸਰਕਾਰ ਖਿਲਾਫ ਸੰਘਰਸ਼ ਵਿੱਢਣਾ ਪਵੇਗਾ, ਜਿਸ ਲਈ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਹਰ ਹਾਲ ਭਾਰਤੀ ਤੇ ਵਿਦੇਸ਼ੀ ਲੋਕਾਂ ਦੇ ਨਾਲ ਖੜੀ ਹੈ ਤੇ ਜੋ ਸਾਨੂੰ ਦੇਸ਼ ਦੇ ਲੋਕ ਸੰਘਰਸ਼ ਲੜਨ ਲਈ ਕਹਿਣਗੇ, ਅਸੀਂ ਹਰ ਹਾਲ ਦੇਸ਼ ਦੇ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਤਰਨ ਕਰਨ ਲਈ ਤਿਆਰ ਹਾਂ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਸੂਬਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਮਹੇਸ਼ਰੀ, ਜ਼ਿਲ੍ਹਾ ਮੀਤ ਪ੍ਰਧਾਨ ਗੁਰਮੇਲ ਸਿੰਘ ਡਰੋਲੀ ਭਾਈ, ਸੂਬਾ ਆਗੂ ਹਰਨੇਕ ਸਿੰਘ ਫਤਿਹਗੜ੍ਹ, ਆਗੂ ਮੰਦਰਜੀਤ ਸਿੰਘ ਮਨਾਵਾਂ, ਸੂਬਾ ਆਗੂ ਗੁਰਬਚਨ ਸਿੰਘ ਚੰਨੂਵਾਲਾ, ਜੱਗਮੋਹਣ ਸਿੰਘ ਮੋਗਾ, ਲਖਵਿੰਦਰ ਸਿੰਘ ਰੌਲੀ, ਹਰਚਰਨ ਸਿੰਘ ਮਹਿਰੋਂ, ਬਲਕਰਨ ਸਿੰਘ ਢਿੱਲੋਂ, ਪ੍ਰਕਾਸ਼ ਸਿੰਘ ਦਫਤਰ ਇੰਚਾਰਜ ਦੁੱਨੇਕੇ, ਲਖਬੀਰ ਸਿੰਘ ਸਰਪੰਚ ਸੰਧੂਆਣਾ, ਹਰਜੀਤ ਸਿੰਘ ਸੋਢੀ ਮਨਾਵਾਂ, ਗੁਲਜਾਰ ਸਿੰਘ ਸੂਬਾ ਆਗੂ ਘੱਲ ਕਲਾਂ ਆਦਿ ਹਾਜ਼ਰ ਸਨ।



# ਪੰਜਾਬ ਗੌਰਮਿੰਟ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ ਭੁੱਖ ਹੜਤਾਲ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਗੌਰਮਿੰਟ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ ਉਲੀਕੇ ਗਏ ਪ੍ਰੋਗਰਾਮ ਤਹਿਤ ਜ਼ਿਲ੍ਹਾ ਫਿਰੋਜ਼ਪੁਰ ਪ੍ਰਧਾਨ ਜਸਪਾਲ ਸਿੰਘ ਰਿਟਾਇਰਡ ਡੀਐੱਸਪੀ, ਅਜੀਤ ਸਿੰਘ ਸੋਢੀ ਜਨਰਲ ਸਕੱਤਰ, ਓਮ ਪ੍ਰਕਾਸ਼ ਪੈਨਸ਼ਨ ਜਥੇਬੰਦੀ, ਨਰਿੰਦਰ ਸ਼ਰਮਾ ਪੈਰਾਮੈਡੀਕਲ, ਮਲਕੀਤ ਚੰਦ ਪਾਸੀ, ਮਹਿੰਦਰ ਸਿੰਘ ਧਾਲੀਵਾਲ, ਮੁਖਤਿਆਰ ਸਿੰਘ, ਤਾਰਾ ਸਿੰਘ, ਸੁਰਿੰਦਰ ਕੁਮਾਰ ਜੋਸਨ, ਅਜੀਤ ਸਿੰਘ, ਸ਼ੇਰ ਸਿੰਘ, ਅਸ਼ੋਕ ਕੁਮਾਰ ਵੱਲੋਂ ਇੱਕ ਦਿਨ ਦੀ ਭੁੱਖ ਹੜਤਾਲ ਉਪਰੰਤ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਜਨਰਲ ਸਕੱਤਰ ਅਜੀਤ ਸਿੰਘ ਸੋਢੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਾਂ ਦੀਆਂ ਸਾਂਝੀਆਂ ਮੰਗਾਂ ਦੇ ਸਬੰਧ ਵਿੱਚ ਕਈ ਵਾਰ ਸੰਘਰਸ਼ ਕਰਨ ਤੋਂ ਬਾਅਦ ਮੀਟਿੰਗਾਂ ਕੀਤੀਆਂ ਗਈਆਂ ਹਨ, ਪਰ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਾਂ ਦੀਆਂ ਕੋਈ ਵੀ ਮੰਗਾਂ ਅਜੇ ਤੱਕ ਮੰਨੀਆਂ ਨਹੀਂ ਗਈਆਂ, ਜਿਸ ਦੇ ਵਜੋਂ ਪੂਰੇ ਪੰਜਾਬ ਦੀ ਮੁਲਾਜ਼ਮ ਤੇ ਪੈਨਸ਼ਨ ਮੁਲਾਜ਼ਮਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ। ਇਸ ਵਿੱਚ ਜਸਪਾਲ ਸਿੰਘ ਰਿਟਾਇਰ ਡੀਐੱਸਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਇਸ ਮੁਲਾਜ਼ਮ ਮਾਰੂ ਨੀਤੀ ਦੀ ਸਾਂਝੇ ਫਰੰਟ ਵੱਲੋਂ ਨਿਖੇਧੀ ਕੀਤੀ ਜਾਂਦੀ ਅਤੇ ਉਨ੍ਹਾਂ ਦੱਸਿਆ ਕਿ ਜੇਕਰ 28 ਫਰਵਰੀ 2025 ਤੱਕ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨ ਦੀਆਂ ਸਾਂਝੀਆਂ ਮੰਗਾਂ ਨਾਂ ਮੰਨੀਆਂ ਗਈਆਂ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਅੰਦਰ ਤਿੱਖੇ ਸੰਘਰਸ਼ ਵਿੱਢੇ ਜਾਣਗੇ ਅਤੇ ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਇਸ ਵਿੱਚ ਹੋਰਨਾਂ ਤੋਂ ਇਲਾਵਾ ਮਨਿੰਦਰਜੀਤ ਸਿੰਘ, ਮਨੋਹਰ ਲਾਲ ਪ੍ਰਧਾਨ ਕਲੈਰੀਕਲ ਯੂਨੀਅਨ, ਮਾਸਟਰ ਚੰਨਣ ਸਿੰਘ, ਪ੍ਰਦੀਪ ਸਲਵਾਨ, ਰਾਜ ਕੁਮਾਰ ਬੇਰੀ, ਭੁਪਿੰਦਰ ਸੋਨੀ, ਰਾਜਪਾਲ, ਪ੍ਰੇਮ ਪ੍ਰਕਾਸ਼, ਨਰਿੰਦਰ ਧਾਲੀਵਾਲ, ਪ੍ਰੀਤ ਮੁਖੀਜਾ, ਦੇਵਰਾਜ ਨਰੂਲਾ, ਅਜੀਤ ਸੋਢੀ, ਸਵਰਨਜੀਤ ਸਿੰਘ, ਤਾਰਾ ਸਿੰਘ, ਅਸ਼ੋਕ ਕੁਮਾਰ, ਗੁਰਵਿੰਦਰ ਸਿੰਘ, ਬਲਵੀਰ ਸਿੰਘ, ਰਮਨਦੀਪ ਸਿੰਘ, ਅਰਵਿੰਦਰ ਸਿੰਘ, ਪ੍ਰੀਤ ਮਖੀਜਾ, ਬਲਜੀਤ ਕੌਰ, ਲਛਮੀ ਰਾਣੀ, ਰਾਜਵਿੰਦਰ ਕੌਰ ਆਦਿ ਬੁਲਾਰਿਆਂ ਨੇ ਪੰਜਾਬ ਸਰਕਾਰ ਦੀ ਮੁਲਾਜ਼ਮ ਮਾਰੂ ਨੀਤੀ ਦੀ ਨਿਖੇਧੀ ਕੀਤੀ।

# ਨਗਰ ਕੌਂਸਲ ਪ੍ਰਧਾਨ ਦੀ ਕੁਰਸੀ ਖ਼ਤਰੇ 'ਚ, ਵੱਡੀ ਗਿਣਤੀ ਕੌਂਸਲਰਾਂ ਵੱਲੋਂ ਬੇਭਰੋਸਗੀ ਮਤਾ ਪੇਸ਼

- ਮੈਨੂੰ ਤੇ ਮੇਰੇ ਕੌਂਸਲਰਾਂ ਨੂੰ ਪਰਚਿਆਂ ਦਾ ਡਰ ਦੇ ਕੇ ਡਰਾਇਆ ਜਾ ਰਿਹੈ : ਪ੍ਰਧਾਨ ਅਸ਼ਵਨੀ ਗੁਪਤਾ
- ਸੱਤਾਧਾਰੀ ਪਾਰਟੀ ਸਾਡੇ ਕੌਂਸਲਰਾਂ ਨੂੰ ਡਰਾ ਰਹੀ, ਛੇਤੀ ਮੀਟਿੰਗ ਬੁਲਾਵਾਂਗੇ : ਕਾਕਾ ਰਜਿੰਦਰ ਸਿੰਘ
- ਇਹ ਕਾਂਗਰਸ ਦਾ ਆਪਸੀ ਕਾਟੋ ਕਲੇਸ਼, ਮੈਨੂੰ ਕੋਈ ਜਾਣਕਾਰੀ ਨਹੀਂ : ਜੌੜਾਮਾਜਰਾ



ਸਮਾਣਾ (ਇਕਬਾਲ ਸਿੰਘ ਬੱਲ)-ਕਾਂਗਰਸ ਦੇ ਭਾਰੀ ਬਹੁਮਤ ਵਾਲੀ ਨਗਰ ਕੌਂਸਲ ਸਮਾਣਾ ਦੇ ਮੌਜੂਦਾ ਕਾਂਗਰਸੀ ਪ੍ਰਧਾਨ ਅਸ਼ਵਨੀ ਗੁਪਤਾ ਦੀ ਪ੍ਰਧਾਨਗੀ ਤੇ ਖ਼ਤਰੇ ਦੇ ਬੱਦਲ ਮੰਡਰਾਉਣ ਲੱਗੇ ਹਨ, ਕਿਉਂਕਿ ਨਗਰ ਕੌਂਸਲ ਦੇ ਵੱਡੀ ਗਿਣਤੀ ਕੌਂਸਲਰਾਂ ਨੇ ਪ੍ਰਧਾਨ ਨੂੰ ਬਦਲਣ ਦੀ ਮੰਗ ਕਰਦਿਆਂ ਨਗਰ ਕੌਂਸਲ ਦੇ ਕਾਰਜਕਾਰੀ ਅਧਿਕਾਰੀ ਨੂੰ ਬੇਭਰੋਸਗੀ ਮਤਾ ਪੇਸ਼ ਕੀਤਾ ਹੈ, ਜਿਸ 'ਤੇ ਉਨ੍ਹਾਂ ਨਗਰ ਕੌਂਸਲ ਦੇ ਪ੍ਰਧਾਨ ਨੂੰ ਚਿੱਠੀ ਕੱਢ ਕੇ 14 ਦਿਨਾਂ ਵਿੱਚ ਆਪਣਾ ਬਹੁਮੱਤ ਸਿੱਧ ਕਰਨ ਲਈ ਕਿਹਾ ਹੈ।ਦੂਜੇ ਪਾਸੇ ਕਾਂਗਰਸ ਦੇ ਸਾਬਕਾ ਵਿਧਾਇਕ ਰਜਿੰਦਰ ਸਿੰਘ ਨੇ ਇਸ ਨੂੰ ਸੱਤਾਧਾਰੀ ਪਾਰਟੀ ਦੀ ਗੁੰਡਾਗਰਦੀ ਦੱਸਦਿਆਂ ਕਿਹਾ ਕਿ ਇਹ ਸਭ ਕੁੱਝ ਸਾਡੇ ਕੌਂਸਲਰਾਂ ਨੂੰ ਡਰਾ ਧਮਕਾ ਕੇ ਕਰਵਾਇਆ ਜਾ ਰਿਹੈ।ਉਨ੍ਹਾਂ ਕਿਹਾ ਕਿ ਉਹ ਆਪਣੇ ਕੌਂਸਲਰਾਂ ਨਾਲ ਛੇਤੀ ਹੀ ਮੀਟਿੰਗ ਕਰਕੇ ਉਨ੍ਹਾਂ ਨੂੰ ਇਸ ਡਰ 'ਚੋਂ ਬਾਹਰ ਕੱਢਣਗੇ।ਕੌਂਸਲ ਪ੍ਰਧਾਨ ਅਸ਼ਵਨੀ ਗੁਪਤਾ ਨੇ ਕਿਹਾ ਕਿ ਉਨ੍ਹਾਂ ਨੂੰ ਝੂਠੇ ਪਰਚੇ ਵਿੱਚ ਫਸਾਉਣ ਦਾ ਦਬਕਾ ਮਾਰਿਆ ਗਿਆ ਹੈ, ਜਿਸ ਕਾਰਨ ਉਹ ਆਪਣੇ ਕੁੱਝ ਕੌਂਸਲਰਾਂ ਨਾਲ ਪੰਜਾਬ ਤੋਂ ਬਾਹਰ ਲੁਕੇ ਹੋਏ ਹਨ।ਕਰੀਬ ਡੇਢ ਦਰਜਨ ਦੇ ਕਰੀਬ ਕੌਂਸਲਰਾਂ, ਜਿਸ ਵਿੱਚ ਕਾਂਗਰਸੀ ਕੌਂਸਲਰ ਵੀ ਹਾਜ਼ਰ ਸਨ, ਨੇ ਨਗਰ ਕੌਂਸਲ ਦੇ ਕਾਰਜਸਾਧਕ ਅਧਿਕਾਰੀ ਬਰਜਿੰਦਰ ਸਿੰਘ ਨੂੰ ਬੇਭਰੋਸਗੀ ਮਤਾ ਦਿੰਦੇ ਹੋਏ ਕੌਂਸਲ ਦੇ ਮੌਜੂਦਾ ਪ੍ਰਧਾਨ ਦੀ ਮੁੜ ਤੋਂ ਚੋਣ ਕਰਵਾਉਣ ਦੀ ਮੰਗ ਰੱਖੀ। ਕੌਂਸਲਰ ਪ੍ਰਦੀਪ ਸ਼ਰਮਾ ਨੇ ਕਿਹਾ ਕਿ ਸਮਾਣਾ ਦੇ ਵਿਕਾਸ ਕਾਰਜ ਰੁਕੇ ਪਏ ਹਨ, ਪ੍ਰਧਾਨ ਵੱਲੋਂ ਪਿਛਲੇ 2 ਸਾਲਾਂ ਦੌਰਾਨ ਕੌਂਸਲਰਜ਼ ਦੀ ਕੋਈ ਮੀਟਿੰਗ ਨਹੀਂ ਸੱਦੀ ਗਈ, ਜਿਸ ਕਾਰਨ ਅਸੀਂ ਸਾਰੇ ਚਾਹੁੰਦੇ ਹਾਂ ਕਿ ਪ੍ਰਧਾਨ ਕਿਸੇ ਅਜਿਹੇ ਕੌਂਸਲਰ ਨੂੰ ਲਗਾਇਆ ਜਾਵੇ, ਜੋ ਸਮਾਣਾ ਦੇ ਵਿਕਾਸ ਵਿੱਚ ਸਹਿਯੋਗ ਦੇਵੇ।

ਦੂਜੇ ਪਾਸੇ ਨਗਰ ਕੌਂਸਲ ਪ੍ਰਧਾਨ ਅਸ਼ਵਨੀ ਗੁਪਤਾ ਨੇ ਕਿਹਾ ਕਿ ਇਹ ਸਾਰਾ ਕੁੱਝ ਸੱਤਾਧਾਰੀ ਪਾਰਟੀ ਵੱਲੋਂ ਸਾਡੇ ਕੌਂਸਲਰਾਂ ਨੂੰ ਡਰਾ ਧਮਕਾ ਕੇ ਕੀਤਾ ਜਾ ਰਿਹੈ।ਉਨ੍ਹਾਂ ਕਿਹਾ ਕਿ ਪਰਚੇ ਦੇ ਡਰ ਕਾਰਨ ਹੀ ਮੈਂ ਤੇ ਮੇਰੇ ਕੁੱਝ ਕੌਂਸਲਰ ਸਮਾਣਾ ਛੱਡ ਕੇ ਹਿਮਾਚਲ ਬੈਠੇ ਹਾਂ।ਉਨ੍ਹਾਂ ਕਿਹਾ ਕਿ ਉਨ੍ਹਾਂ ਇਹ ਮਾਮਲਾ ਕਾਂਗਰਸ ਹਾਈ ਕਮਾਂਡ ਦੇ ਧਿਆਨ ਵਿੱਚ ਲਿਆਂਦਾ ਹੈ ਤੇ ਛੇਤੀ ਹੀ ਇਸ ਧੱਕੇਸ਼ਾਹੀ ਖਿਲਾਫ਼ ਸਮਾਣਾ 'ਚ ਪਾਰਟੀ ਪੱਧਰ 'ਤੇ ਵੱਡਾ ਧਰਨਾ ਲਗਾਇਆ ਜਾਵੇਗਾ।

ਇਸ ਮੌਕੇ ਸਾਬਕਾ ਕਾਂਗਰਸੀ ਵਿਧਾਇਕ ਰਜਿੰਦਰ ਸਿੰਘ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਵੱਲੋਂ ਸਾਡੇ ਕੌਂਸਲਰਾਂ ਨੂੰ ਪਰਚਿਆਂ ਦਾ ਡਰ ਦੇ ਕੇ ਤੇ ਧਮਕਾ ਕੇ ਸਾਈਨ ਕਰਵਾਏ ਗਏ ਹਨ।ਉਨ੍ਹਾਂ ਕਿਹਾ ਕਿ ਅਸੀਂ ਛੇਤੀ ਹੀ ਆਪਣੇ ਕੌਂਸਲਰਾਂ ਦੀ ਮੀਟਿੰਗ ਕਰਕੇ ਉਨ੍ਹਾਂ ਦੇ ਦਿਲਾਂ ਵਿੱਚੋਂ ਇਹ ਡਰ ਕੱਢਣਗੇ ਤੇ ਕੌਂਸਲ ਵਿੱਚ ਉਨ੍ਹਾਂ ਦਾ ਹੀ ਬਹੁਮਤ ਰਹੇਗਾ। ਇਸ ਬਾਰੇ ਜਦੋਂ ਮੌਜੂਦਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਸਭ ਕੁੱਝ ਕਾਂਗਰਸ ਪਾਰਟੀ ਦਾ ਆਪਸੀ ਕਾਟੋ ਕਲੇਸ਼ ਹੈ।ਉਨ੍ਹਾਂ ਕਿਹਾ ਕਿ ਕੌਂਸਲਰ ਹੀ ਆਪਣਾ ਪ੍ਰਧਾਨ ਬਦਲਣਾ ਚਾਹੁੰਦੇ ਹਨ, ਸਾਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।

# ਪੰਜਾਬ ਗੌਰਮਿੰਟ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਭੁੱਖ ਹੜਤਾਲ ਤੇ ਰੋਸ ਰੈਲੀ



ਸੰਗਰੂਰ (ਪ੍ਰਵੀਨ ਸਿੰਘ)-ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸੰਗਰੂਰ ਵਿਖੇ ਡੀ ਸੀ ਦਫ਼ਤਰ ਸਾਹਮਣੇ ਪੰਜਾਬ ਗੌਰਮਿੰਟ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੱਦੇ 'ਤੇ ਇਕ ਰੋਜ਼ਾ ਵਿਸ਼ਾਲ ਰੋਸ ਰੈਲੀ ਤੇ ਭੁੱਖ ਹੜਤਾਲ ਕਰਕੇ ਸੂਬਾ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਨਾ-ਪੱਖੀ ਵਤੀਰੇ ਕਾਰਨ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਪਿੱਟ ਸਿਆਪਾ ਕੀਤਾ ਗਿਆ। ਇਹ ਸੰਘਰਸ਼ ਜ਼ਿਲ੍ਹਾ ਸੰਗਰੂਰ ਦੇ ਕਨਵੀਨਰਾਂ ਸਰਵਸ੍ਰੀ ਰਾਜ ਕੁਮਾਰ ਅਰੋੜਾ ਜ਼ਿਲ੍ਹਾ ਪ੍ਰਧਾਨ ਪੈਨਸ਼ਨਰ ਵੈੱਲਫ਼ੇਅਰ ਐਸੋ: ਜਗਦੀਸ਼ ਸ਼ਰਮਾ ਸਰਪ੍ਰਸਤ ਪੰਜਾਬ ਰਾਜ ਪੈਨਸ਼ਨਰ ਮਹਾਂਸੰਘ, ਅਵਿਨਾਸ਼ ਸ਼ਰਮਾ ਪਾਵਰਕਾਮ ਪੈਨਸ਼ਨਰ ਐਸੋ: ਦੇ ਸੂਬਾ ਪ੍ਰਧਾਨ ਤੇ ਪ੍ਰਿਤਪਾਲ ਸਿੰਘ ਜ਼ਿਲ੍ਹਾ ਪ੍ਰਧਾਨ ਪੰਜਾਬ ਪੁਲਸ ਪੈਨਸ਼ਨਰਜ਼ ਵੈੱਲਫੇਅਰ ਐਸੋ: ਦੀ ਅਗਵਾਈ ਵਿੱਚ ਕੀਤਾ ਗਿਆ।

ਇਸ ਮੌਕੇ ਵੱਖੋ ਵੱਖ ਜਥੇਬੰਦੀਆਂ ਦੇ 11 ਸਾਥੀ ਜਿਨ੍ਹਾਂ ਵਿੱਚ ਜਸਵੰਤ ਸਿੰਘ, ਦੇਵਰਾਜ, ਸੱਤਪਾਲ ਕਲਸੀ, ਸੁਖਦੇਵ ਸਿੰਘ, ਰੂਪ ਸਿੰਘ, ਵਾਸਦੇਵ, ਲੀਲਾ ਰਾਮ, ਕਰਨੈਲ ਸਿੰਘ, ਭੋਲਾ ਸਿੰਘ, ਸੁਰਿੰਦਰ ਸਿੰਘ ਸੋਢੀ, ਜੰਟ ਸਿੰਘ ਹਾਜ਼ਰ ਸਨ, ਭੁੱਖ ਹੜਤਾਲ 'ਤੇ ਬੈਠੇ। ਇਸ ਵਿਸ਼ਾਲ ਧਰਨੇ ਦੌਰਾਨ ਪੈਨਸ਼ਨਰ ਵੈੱਲਫੇਅਰ ਐਸੋ: ਦੇ ਜ਼ਿਲ੍ਹਾ ਜਨਰਲ ਸਕੱਤਰ ਆਰ. ਐੱਲ. ਪਾਂਧੀ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਵੱਖੋ ਵੱਖ ਬੁਲਾਰਿਆਂ ਨੇ ਸੂਬਾ ਸਰਕਾਰ ਦੇ ਪੈਨਸ਼ਨਰ ਮਾਰੂ ਰਵੱਈਏ ਤੇ ਨੀਤੀ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਪੈਨਸ਼ਨਰਾਂ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ਾਂ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਜ਼ਿਲ੍ਹਾ ਕਨਵੀਨਰਾਂ ਰਾਜ ਕੁਮਾਰ ਅਰੋੜਾ, ਅਵਿਨਾਸ਼ ਸ਼ਰਮਾ, ਜਗਦੀਸ਼ ਸ਼ਰਮਾ ਤੇ ਪ੍ਰਿਤਪਾਲ ਸਿੰਘ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਪੈਨਸ਼ਨ ਸੋਧ ਦਾ 2.59 ਗੁਣਾਂਕ ਅੰਸ਼ਕ ਸੋਧੀ ਪੈਨਸ਼ਨ ਤੇ ਬਕਾਏ ਦਿੱਤੇ ਜਾਣ। ਇਸੇ ਤਰ੍ਹਾਂ ਡੀ ਏ ਦੀਆਂ ਰਹਿੰਦੀਆਂ ਤਿੰਨ ਕਿਸ਼ਤਾਂ ਦੇ ਬਕਾਏ, ਕੈਸ਼ਲੈੱਸ ਇਲਾਜ ਸਕੀਮ ਤੇ ਮੈਡੀਕਲ ਭੱਤੇ ਵਿਚ ਵਾਧਾ ਆਦਿ ਮੰਗਾਂ ਦੀ ਪੂਰਤੀ ਕੀਤੀ ਜਾਵੇ। ਆਗੂਆਂ ਨੇ ਕਿਹਾ ਕਿ ਜੇਕਰ ਮੰਗਾਂ ਨਾ ਮੰਨੀਆਂ ਤਾਂ ਸੂਬਾ ਪੱਧਰ 'ਤੇ ਸੰਘਰਸ਼ ਸ਼ੁਰੂ ਕਰਕੇ ਆਰ-ਪਾਰ ਦੀ ਲੜਾਈ ਲੜੀ ਜਾਵੇਗੀ। ਧਰਨੇ ਦੌਰਾਨ ਮੰਗਾਂ ਸਬੰਧੀ ਇਕ ਮੰਗ ਪੱਤਰ ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ ਰਾਹੀਂ ਸੂਬਾ ਸਰਕਾਰ ਦੇ ਨਾਮ ਮੈਮੋਰੰਡਮ ਦਿੱਤਾ ਗਿਆ। ਇਸ ਮੌਕੇ ਜ਼ਿਲ੍ਹਾ ਸੰਗਰੂਰ ਨਾਲ ਸਬੰਧਤ ਵੱਖ ਵੱਖ ਪੰਜਾਬ ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋ: ਦੇ ਆਗੂ ਤੇ ਮੈਂਬਰ ਮੌਜੂਦ ਸਨ।

# ਮਜ਼ਦੂਰਾਂ ਨੂੰ ਰਿਹਾਅ ਕਰਵਾਉਣ ਲਈ ਮਜ਼ਦੂਰ ਮੁਕਤੀ ਮੋਰਚਾ ਵੱਲੋਂ ਸੰਘਰਸ਼ ਦੀ ਚੇਤਾਵਨੀ

ਸੰਗਰੂਰ (ਪ੍ਰਵੀਨ ਸਿੰਘ)

ਮਜ਼ਦੂਰ ਮੁਕਤੀ ਮੋਰਚਾ ਪੰਜਾਬ ਨੇ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਚੰਦਭਾਨ ਵਿਖੇ ਹੋਏ ਦਲਿਤ ਵਰਗ ਦੇ ਲੋਕਾਂ ਤੇ ਲਾਠੀਚਾਰਜ ਤੇ ਵੱਡੀ ਗਿਣਤੀ ਵਿੱਚ ਕੀਤੀਆਂ ਗ੍ਰਿਫਤਾਰੀਆਂ ਦੀ ਸਖ਼ਤ ਨਿੰਦਾ ਕਰਦੇ ਹੋਏ ਪੰਜਾਬ ਸਰਕਾਰ ਨਖੇਧੀ ਕੀਤੀ ਅਤੇ ਫੜੇ ਗਏ ਮਜ਼ਦੂਰਾਂ ਨੂੰ ਰਿਹਾਅ ਕਰਕੇ ਇਹ ਟਕਰਾਅ ਦੀ ਸਥਿਤੀ ਬਣਾਉਣ ਵਾਲੇ ਅਸਲੀ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਆਪਣੇ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਚੰਦਭਾਨ ਵਿਖੇ ਦਲਿਤਾਂ ਤੇ ਪੁਲਸ ਦਰਮਿਆਨ ਹੋਏ ਟਕਰਾਅ ਲਈ ਪੂਰੀ ਤਰ੍ਹਾਂ ਆਪ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਗੈਰ-ਜ਼ਿੰਮੇਵਾਰ ਤੇ ਜਾਤੀਵਾਦੀ ਰਵੱਈਆ ਜ਼ਿੰਮੇਵਾਰ ਹੈ।ਹਲਕੇ ਦੇ ਆਪ ਵਿਧਾਇਕ ਅਮੋਲਕ ਸਿੰਘ ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਪੰਚਾਇਤ ਵੱਲੋਂ ਕੁੱਝ ਦਲਿਤ ਪਰਵਾਰਾਂ ਦੇ ਪਾਣੀ ਦੇ ਨਿਕਾਸ ਲਈ ਬਣਵਾਈ ਜਾ ਰਹੀ ਇਕ ਨਾਲੀ ਦੀ ਉਸਾਰੀ ਨੂੰ ਕੁਝ ਜ਼ਿਮੀਂਦਾਰ ਪਰਵਾਰਾਂ ਵੱਲੋਂ ਨਜਾਇਜ਼ ਤੌਰ 'ਤੇ ਰੋਕ ਦੇਣ ਦੇ ਛੋਟੇ ਜਿਹੇ ਮਾਮਲੇ ਨੂੰ ਸਮੇਂ ਸਿਰ ਹੱਲ ਕਰਨੋਂ ਅਸਮਰੱਥ ਰਹੇ, ਜਿਸ ਕਰਕੇ ਦਲਿਤਾਂ ਨੂੰ ਅਪਣੀ ਸੁਣਵਾਈ ਲਈ ਅੰਦੋਲਨ ਦਾ ਰਾਹ ਅਖਤਿਆਰ ਕਰਨਾ ਪਿਆ।ਸਾਰਾ ਦਿਨ ਸ਼ਾਂਤਮਈ ਢੰਗ ਨਾਲ ਸੜਕ 'ਤੇ ਧਰਨਾ ਲਾਉਣ ਦੇ ਬਾਵਜੂਦ ਕਿਸੇ ਜ਼ਿੰਮੇਵਾਰ ਅਧਿਕਾਰੀ ਨੇ ਉਨ੍ਹਾਂ ਨੂੰ ਕਾਨੂੰਨ ਮੁਤਾਬਕ ਕੰਮ ਚਲਾਉਣ ਦਾ ਭਰੋਸਾ ਤੱਕ ਨਹੀਂ ਦਿੱਤਾ। ਉਲਟਾ ਸਬਕ ਸਿਖਾਉਣ ਲਈ ਬਾਅਦ ਦੁਪਹਿਰ ਧਰਨਾਕਾਰੀਆਂ ਉੱਤੇ ਲਾਠੀਚਾਰਜ ਕਰ ਦਿੱਤਾ। ਸੁਆਲ ਉਠਦਾ ਹੈ ਕਿ ਕੀ ਪੁਲਸ ਸੜਕ 'ਤੇ ਧਰਨਾ ਦੇ ਰਹੇ ਅੰਦੋਲਨਕਾਰੀ ਕਿਸਾਨਾਂ ਉੱਤੇ ਵੀ ਇਉਂ ਲਾਠੀਚਾਰਜ ਦੀ ਹਿੰਮਤ ਕਰਦੀ? ਜੇਕਰ ਨਹੀਂ ਤਾਂ ਭਲਾ ਦਲਿਤ ਭਾਈਚਾਰੇ ਪ੍ਰਤੀ ਇਹ ਵੱਖਰਾ ਜਾਬਰ ਰਵੱਈਆ ਕਿਉਂ? ਜਿਸ ਤੋਂ ਸਪੱਸ਼ਟ ਹੈ ਕਿ ਇਸ ਪਿੱਛੇ ਪੁਲਸ ਪ੍ਰਸ਼ਾਸਨ ਦੀ ਦਲਿਤ ਵਰਗ ਨੂੰ ਹੀਣਾ ਤੇ ਕਮਜ਼ੋਰ ਸਮਝਣ ਦੀ ਜਾਤੀਵਾਦੀ ਭਾਵਨਾ ਕੰਮ ਕਰ ਰਹੀ ਸੀ।

ਕਾਮਰੇਡ ਛਾਜਲੀ ਬਿਆਨ ਵਿੱਚ ਕਿਹਾ ਕਿ ਹਾਲੇ ਇਕ ਦਿਨ ਪਹਿਲਾਂ ਹੀ ਸੂਬੇ ਦੇ ਸਾਰੇ ਐੱਸ ਐੱਸ ਪੀਜ਼ ਨਾਲ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਦਾ ਬਿਆਨ ਆਇਆ ਹੈ ਕਿ ਕਿਸੇ ਵੀ ਵੱਡੀ ਵਾਰਦਾਤ ਲਈ ਇਲਾਕੇ ਦੇ ਪੁਲਸ ਅਧਿਕਾਰੀ ਜ਼ਿੰਮੇਵਾਰ ਹੋਣਗੇ।ਉਹ ਹੁਕਮ ਦੇਣ ਕਿ ਪਿੰਡ ਦੇ ਦਲਿਤ ਭਾਈਚਾਰੇ ਦੇ ਦਰਜਨਾਂ ਲੋਕਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਉੱਤੇ ਗੰਭੀਰ ਧਾਰਾਵਾਂ ਤਹਿਤ ਕੇਸ ਪਾਉਣ ਦੀ ਬਜਾਏ, ਪੰਚਾਇਤ ਵਿਭਾਗ, ਪੁਲਸ ਤੇ ਸਿਵਲ ਪ੍ਰਸ਼ਾਸਨ ਦੇ ਉਨ੍ਹਾਂ ਸਾਰੇ ਸਬੰਧਤ ਅਫਸਰਾਂ ਖਿਲਾਫ਼ ਕੇਸ ਦਰਜ ਕੀਤਾ ਜਾਵੇ, ਜੋ ਇਕ ਪੰਚਾਇਤੀ ਨਾਲੀ ਦੀ ਨਜਾਇਜ਼ ਰੋਕੀ ਗਈ ਉਸਾਰੀ ਦੇ ਛੋਟੇ ਜਿਹੇ ਮਾਮਲੇ ਨੂੰ ਹੱਲ ਕਰਾਉਣ ਵਿੱਚ ਨਾਕਾਮ ਰਹੇ, ਜਿਸ ਦਾ ਨਤੀਜਾ ਇੱਕ ਵੱਡੇ ਟਕਰਾਅ ਵਿੱਚ ਨਿਕਲਿਆ। ਵਰਨਾ ਦਲਿਤ ਪਿੰਡ ਵਾਸੀਆਂ ਉੱਤੇ ਜਬਰ ਦਾ ਇਹ ਮੁੱਦਾ ਮਾਲਵੇ ਵਿੱਚ ਇੱਕ ਵੱਡੇ ਸੰਘਰਸ਼ ਦਾ ਰੂਪ ਲੈ ਸਕਦਾ ਹੈ, ਜਿਸ ਦੀ ਜ਼ੁੰਮੇਵਾਰੀ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਦੀ ਹੋਵੇਗੀ।

# ਸੂਬਾ ਤੇ ਕੌਮੀ ਪੱਧਰ 'ਤੇ ਮੱਲਾਂ ਮਾਰਨ ਵਾਲੇ ਖਿਡਾਰੀਆਂ ਤੇ ਕੋਚਾਂ ਦਾ ਸਨਮਾਨ

## ਖੇਡਾਂ ਆਪਸੀ ਭਾਈਚਾਰੇ, ਪ੍ਰੇਮ-ਪਿਆਰ ਤੇ ਸਦਭਾਵਨਾ ਦਾ ਮੁਜੱਸਮਾ : ਵਿਧਾਇਕ ਭੁੱਲਰ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਕੂਲ ਸਿੱਖਿਆ ਵਿਭਾਗ ਪੰਜਾਬ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਸਪੋਰਟਸ ਸ਼ਾਖਾ ਵੱਲੋਂ ਸੂਬਾ ਤੇ ਰਾਸ਼ਟਰ ਪੱਧਰ 'ਤੇ ਵੱਖ-ਵੱਖ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਫ਼ਿਰੋਜ਼ਪੁਰ-ਕਮ-ਪ੍ਰਧਾਨ ਜ਼ਿਲ੍ਹਾ ਸਕੂਲਜ਼ ਟੂਰਨਾਮੈਂਟ ਕਮੇਟੀ ਫ਼ਿਰੋਜ਼ਪੁਰ ਮੁਨੀਲਾ ਅਰੋੜਾ ਤੇ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਫ਼ਿਰੋਜ਼ਪੁਰ ਸੁਨੀਤਾ ਰਾਣੀ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਡਾ. ਸਤਿੰਦਰ ਸਿੰਘ ਨੈਸ਼ਨਲ ਐਵਾਰਡੀ ਤੇ ਜ਼ਿਲ੍ਹਾ ਸਕੂਲਜ਼ ਟੂਰਨਾਮੈਂਟ ਕਮੇਟੀ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰੀਆਂ ਪਹਿਲਵਾਨ ਵਿਖੇ ਸਮਾਗਮ ਕਰਵਾਇਆ ਗਿਆ।ਇਸ ਮੌਕੇ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਤੋਂ ਵਿਧਾਇਕ ਰਣਬੀਰ ਸਿੰਘ ਭੁੱਲਰ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।ਸਮਾਗਮ ਦੀ ਸ਼ੁਰੂਆਤ ਵਿੱਚ ਸਕੂਲੀ ਬੱਚਿਆਂ ਨੇ ਸ਼ਬਦ ਗਾਇਨ ਕੀਤਾ।ਇਸ ਤੋਂ ਬਾਅਦ ਸਕੱਤਰ ਜ਼ਿਲ੍ਹਾ ਸਕੂਲਜ਼ ਟੂਰਨਾਮੈਂਟ ਕਮੇਟੀ ਚਰਨ ਸਿੰਘ ਨੇ ਜ਼ਿਲ੍ਹੇ ਖਿਡਾਰੀਆਂ ਵੱਲੋਂ ਸੂਬਾ ਤੇ ਰਾਸ਼ਟਰ ਪੱਧਰ 'ਤੇ ਕੀਤੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।ਉਪਰੰਤ ਸਰਕਾਰੀ ਮਿਡਲ ਸਕੂਲ ਲੋਹਗੜ੍ਹ ਤੇ ਸਰਕਾਰੀ ਕੰਨਿਆ ਸਕੂਲ ਜ਼ੀਰਾ ਦੀਆਂ ਵਿਦਿਆਰਥਣਾਂ ਨੇ ਯੋਗਾ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ।ਇਸ ਮੌਕੇ ਹਲਕਾ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਸਿੱਖਿਆ ਵਿਭਾਗ ਫ਼ਿਰੋਜ਼ਪੁਰ ਦਾ ਇਹ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਖੇਡਾਂ ਤੇ ਖਿਡਾਰੀਆਂ ਦੇ ਵਿਕਾਸ ਲਈ ਜੇਕਰ ਉਨ੍ਹਾਂ ਪਾਸੋਂ ਕਿਸੇ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ ਤਾਂ ਉਹ ਹਮੇਸ਼ਾ ਤਿਆਰ ਹਨ।ਉਨ੍ਹਾਂ ਕਿਹਾ ਕਿ ਖੇਡਾਂ ਆਪਸੀ ਭਾਈਚਾਰਾ, ਪ੍ਰੇਮ-ਪਿਆਰ ਅਤੇ ਸਦਭਾਵਨਾ ਦਾ ਮੁਜੱਸਮਾ ਹੁੰਦੀਆਂ ਹਨ।ਖੇਡਾਂ ਨੌਜਾਵਾਨਾਂ ਨੂੰ ਮਾਰੂ ਨਸ਼ਿਆਂ ਤੋਂ ਦੂਰ ਰੱਖਣ ਲਈ ਕਾਰਗਰ ਜ਼ਰੀਆ ਵੀ ਸਾਬਿਤ ਹੁੰਦੀਆਂ ਹਨ ਤੇ ਖੇਡਾਂ ਦੀ ਪ੍ਰਫੁੱਲਤਾ ਲਈ ਪੰਜਾਬ ਸਰਕਾਰ ਸਿਰਤੋੜ ਕੋਸ਼ਿਸ਼ਾਂ ਨਾਲ ਖੇਡ ਨੀਤੀ ਅਪਣਾ ਰਹੀ ਹੈ।ਉਨ੍ਹਾਂ ਵੱਲੋਂ ਜ਼ਿਲ੍ਹੇ ਭਰ ਦੇ ਸੂਬਾ ਪੱਧਰ ਤੇ ਕੌਮੀ ਪੱਧਰ 'ਤੇ ਮੱਲਾਂ ਮਾਰਨ ਵਾਲੇ 200 ਖਿਡਾਰੀਆਂ ਤੇ 70 ਕੋਚ ਸਾਹਿਬਾਨ ਦਾ ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨ ਕੀਤਾ ਗਿਆ ਅਤੇ ਭਵਿੱਖ ਵਿੱਚ ਹੋਰ ਵੱਡੀਆਂ ਪ੍ਰਾਪਤੀਆਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)-ਕਮ-ਪ੍ਰਧਾਨ ਜ਼ਿਲ੍ਹਾ ਸਕੂਲਜ਼ ਟੂਰਨਾਮੈਂਟ ਕਮੇਟੀ ਫ਼ਿਰੋਜ਼ਪੁਰ ਮੁਨੀਲਾ ਅਰੋੜਾ, ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਫ਼ਿਰੋਜ਼ਪੁਰ ਸੁਨੀਤਾ ਰਾਣੀ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਡਾਕਟਰ ਸਤਿੰਦਰ ਸਿੰਘ ਨੇ ਕਿਹਾ ਕਿ ਜਿੱਥੇ ਖੇਡਾਂ ਵਿਅਕਤੀ ਦਾ ਸਰੀਰਕ ਵਿਕਾਸ ਕਰਦੀਆਂ ਹਨ, ਉੱਥੇ ਨਾਲ ਹੀ ਉਸ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਤੇ ਸਮਾਜਿਕ ਤੌਰ 'ਤੇ ਚੇਤੰਨ ਵੀ ਬਣਾਉਂਦੀਆਂ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ 'ਚ ਵੀ ਸਖ਼ਤ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ।ਸਮਾਗਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਰਵੀ ਇੰਦਰ ਸਿੰਘ ਸਟੇਟ ਐਵਾਰਡੀ ਅਧਿਆਪਕ ਨੇ ਬਾਖ਼ੂਬੀ ਨਿਭਾਈ।ਇਸ ਮੌਕੇ ਇੰਚਾਰਜ ਪ੍ਰਿੰਸੀਪਲ ਮੈਡਮ ਸਵਿਤਾ ਮੋਂਗਾ, ਬੀਪੀਈਓ ਰਣਜੀਤ ਸਿੰਘ, ਰਾਜ ਬਹਾਦਰ ਸਿੰਘ, ਹਰਮੀਤ ਸਿੰਘ ਖਾਈ, ਗੁਲਸ਼ਨ ਗੱਖੜ, ਹਿਮਾਂਸ਼ੂ ਠੱਕਰ, ਗੁਰਭੇਜ ਸਿੰਘ, ਸਰਬਜੀਤ ਸਿੰਘ ਟੁਰਨਾ, ਸੁਖਦੇਵ ਸਿੰਘ, ਵਰਿੰਦਰ ਸਿੰਘ ਬਰਾੜ, ਈਸ਼ਵਰ ਸ਼ਰਮਾ, ਦੀਦਾਰ ਸਿੰਘ ਮੁੱਦਕੀ, ਸਰਬਜੀਤ ਸਿੰਘ ਭਾਵੜਾ, ਅਕਸ਼ ਕੁਮਾਰ ਡੀ ਐੱਮ ਸਪੋਰਟਸ-ਕਮ-ਵਿੱਤ ਸਕੱਤਰ, ਬਲਜਿੰਦਰਪਾਲ ਸਿੰਘ ਸਹਾਇਕ ਸਕੱਤਰ, ਲੈਕਚਰਾਰ ਦਲਬੀਰ ਸਿੰਘ ਨੀਟੂ ਭਲਵਾਨ, ਜਸਬੀਰ ਕੌਰ, ਨਵਿੰਦਰ ਕੁਮਾਰ ਮਨੀ, ਪਰਮਜੀਤ ਸਿੰਘ ਜ਼ੀਰਾ, ਸੁਨੀਲ ਬਾਜੇ ਕੇ, ਸ਼ਾਲੂ, ਕਪਿਲ ਸਨਨ, ਜੋਗਿੰਦਰ ਸਿੰਘ, ਗੁਰਿੰਦਰ ਸਿੰਘ, ਗੁਰਵਿੰਦਰ ਸਿੰਘ, ਰਾਜਬੀਰ ਸਿੰਘ ਆਦਿ ਹਾਜ਼ਰ ਸਨ।

# ਭਗਤਾ ਭਾਈਕਾ 'ਚ ਦਹਿਸ਼ਤ ਮਚਾਉਣ ਵਾਲਾ 'ਐੱਨ ਡੀ' ਗ੍ਰਿਫਤਾਰ

## ਪਿਸਤੌਲ ਦੀ ਨੋਕ 'ਤੇ ਦੁਕਾਨਦਾਰਾਂ ਨੂੰ ਬਣਾਉਂਦਾ ਸੀ ਨਿਸ਼ਾਨਾ



ਬਠਿੰਡਾ (ਰਾਜੀਵ ਗੋਇਲ)-ਪਿਛਲੇ ਲੰਮੇ ਸਮੇਂ ਤੋਂ ਭਗਤਾ ਭਾਈ ਕਾ ਦੇ ਬਜ਼ਾਰ ਵਿੱਚ ਦਹਿਸ਼ਤ ਮਚਾਉਣ ਵਾਲਾ 'ਐੱਨ ਡੀ' ਉਰਫ ਮੱਖਣ ਸਿੰਘ ਆਖਰ ਐੱਸ.ਐੱਸ.ਪੀ. ਬਠਿੰਡਾ ਅਮਨੀਤ ਕੌਂਡਲ ਦੇ ਸਖਤ ਦਿਸ਼ਾ ਨਿਰਦੇਸ਼ਾਂ ਹੇਠ ਸ਼ਰਾਰਤੀ ਅਨਸਰਾਂ ਖਿਲਾਫ ਵਿੱਢੀ ਗਈ ਮੁਹਿੰਮ ਦੇ ਤਹਿਤ ਥਾਣਾ ਦਿਆਲਪੁਰਾ ਦੀ ਪੁਲਸ ਹੱਥੇ ਚੜ੍ਹ ਹੀ ਗਿਆ। ਪਿਸਤੌਲ ਦੀ ਨੋਕ 'ਤੇ ਦੁਕਾਨਦਾਰਾਂ ਦੇ ਗੱਲਿਆਂ ਵਿੱਚੋਂ ਪੈਸੇ ਲੁੱਟਣ ਵਾਲਾ ਇਹ 'ਐੱਨ ਡੀ' ਕਾਫੀ ਲੰਮੇ ਸਮੇਂ ਤੋਂ ਬਜ਼ਾਰ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ ਅਤੇ ਦੁਕਾਨਦਾਰ ਵੀ ਇਸ ਸ਼ਖਸ ਤੋਂ ਕਾਫੀ ਪ੍ਰੇਸ਼ਾਨ ਨਜ਼ਰ ਆ ਰਹੇ ਸਨ। ਭਰੋਸੇਯੋਗ ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਉਕਤ ਸ਼ਖਸ ਜਿੱਥੇ ਪਿਸਤੌਲ ਦੀ ਨੋਕ 'ਤੇ ਦੁਕਾਨਦਾਰਾਂ ਨੂੰ ਲੁੱਟਦਾ ਆ ਰਿਹਾ ਸੀ, ਉੱਥੇ ਫਿਰੌਤੀਆਂ ਦੀ ਮੰਗ ਦੀ ਵੀ ਕਨਸੋਅ ਹੈ। ਪਿਛਲੇ ਦਿਨੀਂ ਇਸ ਸ਼ਖਸਲ ਵੱਲੋਂ ਭਗਤਾ ਭਾਈ ਕਾ ਦੇ ਮੇਨ ਬਜ਼ਾਰ ਵਿੱਚ ਸਥਿਤ ਇੱਕ ਗਿਫਟ ਹਾਊਸ ਦੇ ਮਾਲਕ ਪਾਸੋਂ ਕਰੀਬ 60-70 ਹਜ਼ਾਰ ਰੁਪਏ ਦੀ ਨਗਦੀ ਖੋਹੀ ਗਈ ਸੀ ਅਤੇ ਉਸ ਤੋਂ ਬਾਅਦ ਇੱਕ ਬੂਟਾਂ ਦੀ ਦੁਕਾਨ ਕਰਨ ਵਾਲੇ ਸ਼ਖਸ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਉਧਰ ਥਾਣਾ ਦਿਆਲਪੁਰਾ ਦੀ ਪੁਲਸ ਨੇ ਐੱਨ ਡੀ ਨੂੰ ਗ੍ਰਿਫਤਾਰ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮਸਲੇ ਨੂੰ ਲੈ ਕੇ ਸ਼ਹਿਰ ਵਾਸੀਆਂ ਵੱਲੋਂ ਐੱਸ.ਐੱਸ.ਪੀ. ਬਠਿੰਡਾ ਅਮਨੀਤ ਕੌਂਡਲ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

8-Feb-PAGE--8.qxd 2/7/2025 11:05 PM Page 1



# 'ਆਪ' ਨੇ ਅਮਰੀਕਾ ਤੋਂ 104 ਭਾਰਤੀਆਂ ਨੂੰ ਬੇਰਹਿਮੀ ਨਾਲ ਡਿਪੋਰਟ ਕਰਨ ਦੀ ਕੀਤੀ ਨਿੰਦਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ (ਆਪ) ਨੇ ਅਮਰੀਕਾ ਤੋਂ 104 ਭਾਰਤੀਆਂ ਨੂੰ ਡਿਪੋਰਟ (ਦੇਸ਼ ਨਿਕਾਲਾ) ਕਰਨ ਅਤੇ ਉਨ੍ਹਾਂ ਨਾਲ ਕੀਤੇ ਗਏ ਅਣਮਨੁੱਖੀ ਵਿਵਹਾਰ ਦੀ ਸਖ਼ਤ ਨਿੰਦਾ ਕੀਤੀ ਹੈ। ਸਥਿਤੀ ਦੀ ਗੰਭੀਰਤਾ ਨੂੰ ਉਜਾਗਰ ਕਰਦੇ ਹੋਏ, 'ਆਪ' ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਇਸ ਕਾਰਵਾਈ ਨੂੰ ਮੰਦਭਾਗਾ ਕਰਾਰ ਦਿੱਤਾ ਅਤੇ ਭਾਰਤੀ ਲੋਕਾਂ ਨਾਲ ਕੀਤੇ ਗਏ ਵਿਵਹਾਰ ਦੇ ਤਰੀਕੇ ਦੀ ਆਲੋਚਨਾ ਕੀਤੀ।ਕੰਗ ਨੇ ਕਿਹਾ ਭਰਾਤੀਆਂ ਨੂੰ ਇਵੇਂ ਹੱਥਕੜੀਆਂ ਲਗਾਈਆਂ ਅਤੇ ਡਿਪੋਰਟ ਕੀਤਾ ਗਿਆ ਜਿਵੇਂ ਕਿ ਉਹ ਕੱਟੜ ਅਪਰਾਧੀ ਹੋਣ, ਇਹ ਬਹੁਤ ਹੀ ਦੁਖਦਾਈ ਅਤੇ ਨਿੰਦਣਯੋਗ ਹੈ। ਇਮੀਗ੍ਰੇਸ਼ਨ ਇੱਕ ਵਿਸ਼ਵਵਿਆਪੀ ਵਰਤਾਰਾ ਹੈ ਅਤੇ ਲੋਕ ਅਕਸਰ ਬਿਹਤਰ ਮੌਕਿਆਂ ਦੀ ਭਾਲ ਵਿੱਚ ਪਰਵਾਸ ਕਰਦੇ ਹਨ। ਉਨ੍ਹਾਂ ਨਾਲ ਅਪਰਾਧੀਆਂ ਵਾਂਗ ਵਿਵਹਾਰ ਕਰਨ ਨਾਲ ਨਾ ਸਿਰਫ਼ ਸਾਡੇ ਦੇਸ਼ ਦੀ ਛਵੀ ਖਰਾਬ ਹੋਈ ਹੈ ਬਲਕਿ ਇਨ੍ਹਾਂ ਵਿਅਕਤੀਆਂ ਨੂੰ ਵੀ ਅਪਮਾਨਿਤ ਕੀਤਾ ਗਿਆ ਹੈ।' ਉਨ੍ਹਾਂ ਅੱਗੇ ਕਿਹਾ ਕਿ 'ਆਪ' ਨੇ ਸੰਸਦ ਵਿੱਚ ਭਾਰਤ ਸਰਕਾਰ ਤੋਂ ਜਵਾਬ ਮੰਗਿਆ ਹੈ ਅਤੇ ਪ੍ਰਭਾਵਿਤ ਵਿਅਕਤੀਆਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ।ਕੰਗ ਨੇ ਇਸ ਮਾਮਲੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪੀ 'ਤੇ ਸਵਾਲ ਉਠਾਇਆ ਅਤੇ ਕਿਹਾ 'ਮੋਦੀ ਦਾਅਵਾ ਕਰਦੇ ਹਨ ਕਿ ਟਰੰਪ ਉਨ੍ਹਾਂ ਦੇ ਦੋਸਤ ਹਨ, ਫਿਰ ਉਹ ਇਸ ਮੁੱਦੇ ਨੂੰ ਉਨ੍ਹਾਂ ਨਾਲ ਕਿਉਂ ਨਹੀਂ ਉਠਾ ਰਹੇ? ਉਹ ਭਾਰਤੀਆਂ ਨਾਲ ਅਜਿਹਾ ਘਟੀਆ ਵਿਵਹਾਰ ਕਿਉਂ ਕਰਨ ਦੇ ਰਹੇ ਹਨ, ਜਿਵੇਂ ਕਿ ਉਹ ਅਪਰਾਧੀ ਹੋਣ?" ਉਨ੍ਹਾਂ ਪ੍ਰਧਾਨ ਮੰਤਰੀ ਨੂੰ ਭਾਰਤੀ ਨਾਗਰਿਕਾਂ ਦੇ ਸਨਮਾਨ ਲਈ ਖੜ੍ਹੇ ਹੋਣ ਅਤੇ ਅਮਰੀਕੀ ਅਧਿਕਾਰੀਆਂ ਤੋਂ ਜਨਤਕ ਸਪੱਸ਼ਟੀਕਰਨ ਦੀ ਮੰਗ ਕਰਨ ਦੀ ਅਪੀਲ ਕੀਤੀ। 'ਆਪ' ਦੇ ਸੀਨੀਅਰ ਆਗੂ ਨੀਲ ਗਰਗ ਨੇ ਵੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੀ ਅਮਰੀਕਾ ਤੋਂ ਡਿਪੋਰਟ ਹੋਏ ਲੋਕਾਂ ਪ੍ਰਤੀ ਉਦਾਸੀਨਤਾ ਦੀ ਆਲੋਚਨਾ ਕੀਤੀ। ਉਨ੍ਹਾਂ ਦੱਸਿਆ ਕਿ ਹਰਿਆਣਾ ਸਰਕਾਰ ਨੌਜਵਾਨਾਂ ਨੂੰ ਜੇਲ੍ਹ ਬੱਸ ਵਿੱਚ ਲੈ ਕੇ ਗਈ, ਉਨ੍ਹਾਂ ਨਾਲ ਕੈਦੀਆਂ ਵਰਗਾ ਵਿਵਹਾਰ ਕੀਤਾ। ਗਰਗ ਨੇ ਕਿਹਾ 'ਇਹ ਨੌਜਵਾਨ ਟੁੱਟੇ ਸੁਪਨਿਆਂ ਨਾਲ ਵਾਪਸ ਆਏ ਹਨ। ਉਹ ਸਹਾਇਤਾ ਅਤੇ ਪੁਨਰਵਾਸ ਦੇ ਹੱਕਦਾਰ ਹਨ, ਇਸ ਅਣਮਨੁੱਖੀ ਵਿਵਹਾਰ ਦੇ ਨਹੀਂ।' ਇਸ ਮਾਮਲੇ 'ਤੇ ਮੀਡੀਆ ਦੀ ਚੁੱਪੀ 'ਤੇ ਆਪਣੀ ਚਿੰਤਾ ਪ੍ਰਗਟ ਕਰਦੇ ਹੋਏ, ਗਰਗ ਨੇ ਕਿਹਾ ਕਿ ਭਾਜਪਾ ਸਰਕਾਰ ਭਾਰਤ ਵਿੱਚ ਰੁਜ਼ਗਾਰ ਦੇ ਢੁਕਵੇਂ ਮੌਕੇ ਪ੍ਰਦਾਨ ਕਰਨ ਵਿੱਚ ਅਸਫਲ ਰਹੀ ਹੈ, ਜਿਸ ਕਾਰਨ ਬਹੁਤ ਸਾਰੇ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਰੋਜ਼ੀ-ਰੋਟੀ ਦੀ ਭਾਲ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਇਹ ਮੁੱਦਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕੋਲ ਚੁੱਕਣ ਅਤੇ ਸਖ਼ਤ ਵਿਵਹਾਰ ਲਈ ਜਵਾਬਦੇਹੀ ਦੀ ਮੰਗ ਕਰਨ।

# ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ



**ਅੱਡਾ ਸਰਾਂ (ਜਸਬੀਰ ਕਾਜਲ)**- ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਕੰਧਾਲਾ ਜੱਟਾਂ ਵਿਖੇ ਸ੍ਰੀ ਗੁਰੂ ਰਵਿਦਾਸ ਸਭਾ ਪ੍ਰਬੰਧਕ ਕਮੇਟੀ ਸਮੂਹ ਸੰਗਤ ਅਤੇ ਐਨ ਆਰ ਆਈ ਸੰਗਤ ਤੇ ਸਹਿਯੋਗ ਨਾਲ ਕਰਵਾਏ ਜਾ ਰਹੇ ਸਮਾਗਮ ਸੰਬੰਧੀ ਤਿੰਨ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਕੀਤੀ ਗਈ। ਇਸੇ ਤਰ੍ਹਾਂ ਲੜੀਵਾਰ 12 ਫਰਵਰੀ ਫਰਵਰੀ ਤੱਕ 7 ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ। ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਨ ਉਪਰੰਤ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਨਿਸ਼ਾਨ ਸਾਹਿਬ ਚੋਲੇ ਨਵੇਂ ਚੜਾਏ ਗਏ। ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਲੜੀਵਾਰ ਪ੍ਰਭਾਤ ਫੇਰੀਆਂ ਦੀ ਵੀ ਆਰੰਭਤਾ ਹੋ ਚੁੱਕੀ ਹੈ।

# ਦੋ ਧਾਰਮਿਕ ਟਰੈਕ 'ਦੋ ਘੁੱਟ ਅੰਮ੍ਰਿਤ ਦੇ' ਤੇ 'ਕਰਾਂ ਅਰਜੋਈ' ਰਿਲੀਜ਼

**ਕਾਲਾ ਸੰਘਿਆਂ (ਮਨਜੀਤ ਮਾਨ)**

648ਵਾਂ ਆਗਮਨ ਨੂੰ ਸਮਰਪਿਤ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਦੋ ਧਾਰਮਿਕ ਟਰੈਕ 'ਦੋ ਘੁੱਟ ਅਮ੍ਰਿਤ ਦੇ' ਅਤੇ 'ਕਰਾ ਅਰਜੋਈ' ਰਿਲੀਜ਼ ਕੀਤੇ ਗਏ।'ਦੋ ਘੁੱਟ ਅੰਮ੍ਰਿਤ ਦੇ' ਸ਼ਬਦ ਨੂੰ ਆਵਾਜ਼ ਦਿੱਤੀ ਗਈ ਨਿਰਦੇਸ਼ਕ ਅਤੇ ਗਾਇਕ ਅਮਰੀਕ ਮਾਇਕਲ ਅਤੇ ਕਲਮਬੱਧ ਕੀਤਾ ਜੱਸੀ ਜਮਸ਼ੇਰੀਆ ਨੇ।ਸੰਗੀਤ ਤਿਆਰ ਕੀਤਾ ਗਿਆ ਹਰਿ ਅਮਿਤ ਵਲੋਂ। ਮਿਕਸਿੰਗ ਮਾਸਟਰਿੰਗ ਕੀਤਾ ਗਿਆ ਸਾਹਿਲ ਚੌਹਾਨ ਅਤੇ ਰਵੀ ਚੌਹਾਨ ਵਲੋਂ। ਕੈਮਰਾਮੈਨ ਮਨੀਸ਼ ਅੰਗੂਰਾਲ ਅਤੇ ਰੋਹਿਤ ਅੰਗੁਰਾਲ ਵਲੋਂ ਬਹੁਤ ਵਧੀਆ ਢੰਗ ਦੇ ਨਾਲ ਫਿਲਮਾਂਕਣ ਕੀਤਾ ਗਿਆ।ਨਿਰਮਾਤਾ ਹਨ ਕੁਲਦੀਪ ਕਲਪੀ ਅਤੇ ਪੇਸ਼ਕਸ਼ ਕੁਲਦੀਪ ਸਿੰਘ ਕੋਟ ਵਲੋਂ ਕੀਤੀ ਗਈ। ਵੀਡਿਓ ਏਡਿਟ ਕੀਤਾ ਗਿਆ ਮੋਹਿਤ ਵਰਮਾ ਵਲੋਂ ਅਤੇ ਪੋਸਟਰ ਤਿਆਰ ਕੀਤਾ ਗਿਆ ਜੱਸੀ ਆਰਟਸ ਵਲੋਂ।ਦੂਜਾ ਟਰੈਕ ' ਕਰਾ ਅਰਜੋਈ' ਨੂੰ ਗਾਇਆ ਗਿਆ ਗੀਤਕਾਰ ਅਤੇ ਗਾਇਕ ਮੂਰਤੀ ਸੁਰੀਲਾ ਵਲੋਂ। ਇਸ ਸ਼ਬਦ ਦੇ ਨਿਰਮਾਤਾ ਹਨ ਪੂਜਾ ਸੱਭਰਵਾਲ। ਦੋਨੋ ਟਰੈਕ ਦੇ ਪੋਸਟਰ ਰਿਲੀਜ਼ ਕੀਤਾ ਗਿਆ ਰਵਿਦਾਸੀਆ ਧਰਮ ਦੇ ਮਹਾਨ ਸੰਤ ਮੌਜੂਦਾ ਗੱਦੀ ਨਸ਼ੀਨ ਡੇਰਾ ਸੱਚਖੰਡ ਬੱਲਾਂ ਸੰਤ ਨਿਰੰਜਨ ਦਾਸ ਮਹਾਰਾਜ ਜੀ ਵਲੋ ਅਤੇ ਡੇਰੇ ਦੇ ਸੇਵਾਦਾਰ ਹਰਦੇਵ ਜੀ, ਪੰਜਾਬ ਪ੍ਰਧਾਨ ਮਨੋਹਰ ਧਾਰੀਵਾਲ , ਪੰਜਾਬ ਚੇਅਰਮੈਨ ਤਰਸੇਮ ਜਲੰਧਰੀ ਅਤੇ ਸਤਿਗੁਰੂ ਰਵਿਦਾਸ ਧਾਮ ਬੂਟ ਮੰਡੀ ਜਲੰਧਰ ਟਰੱਸਟ ਦੇ ਮੌਜੂਦਾ ਪ੍ਰਧਾਨ ਹਰਦਿਆਲ ਅਤੇ ਟਰੱਸਟ ਦੇ ਮੁੱਖ ਮੈਂਬਰਾਂ ਵਲੋ ਸਾਂਝੇ ਤੌਰ 'ਤੇ ਰਿਲੀਜ਼ ਕੀਤਾ ਗਿਆ।



# ਕੇਂਦਰੀ ਬਜਟ 'ਚ ਗਰੀਬਾਂ ਨੂੰ ਕੁਝ ਵੀ ਨਹੀਂ, ਕਾਰਪੋਰੇਟ ਘਰਾਣਿਆਂ ਨੂੰ ਗੱਫ਼ੇ : ਨਾਹਰ, ਦਾਊਦ

**ਜਲੰਧਰ (ਰਾਜੇਸ਼ ਥਾਪਾ)**-ਦਿਹਾਤੀ ਮਜ਼ਦੂਰ ਸਭਾ ਸੂਬਾ ਕਾਰਜ ਕਾਰਨੀ ਦੀ ਮੀਟਿੰਗ ਸੂਬਾ ਪ੍ਰਧਾਨ ਦਰਸ਼ਨ ਨਾਹਰ ਦੀ ਪ੍ਰਧਾਨਗੀ ਹੇਠ ਜਲੰਧਰ ਦਫ਼ਤਰ ਵਿਖੇ ਹੋਈ। ਜਥੇਬੰਦੀ ਦੇ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ ਨੇ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਵੱਲੋਂ ਸਾਲ 2025-26 'ਚ ਪੇਸ਼ ਕੀਤੇ ਗਏ ਬਜਟ ਵਿਚ ਬੇਜ਼ਮੀਨੇ, ਸਾਧਨਹੀਣ ਕਿਰਤੀਆਂ, ਕਿਸਾਨਾਂ, ਮਨਰੇਗਾ ਮਜ਼ਦੂਰਾਂ ਨੂੰ ਨਿਰਾਸ਼ ਕਰਨ ਵਾਲਾ ਬਜਟ ਪੇਸ਼ ਕੀਤਾ ਗਿਆ। ਮਹਿੰਗਾਈ, ਬੇਰੁਜ਼ਗਾਰੀ, ਸਿੱਖਿਆ ਤੇ ਸਿਹਤ ਸੇਵਾਵਾਂ ਵੱਲ ਬਹੁਤ ਹੀ ਘੱਟ ਧਿਆਨ ਦਿੱਤਾ ਗਿਆ। ਅਸਲ ਵਿਚ ਇਹ ਬਜਟ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੀਆਂ ਤਿਜੌਰੀਆਂ ਭਰਨ ਵਾਲਾ ਹੈ। ਸੂਬਾ ਪ੍ਰੈੱਸ ਸਕੱਤਰ ਬਲਦੇਵ ਸਿੰਘ ਨੂਰਪੁਰੀ ਨੇ ਕਿਹਾ ਕਿ ਦੇਸ਼ ਅਤੇ ਪੰਜਾਬ ਦੀ ਹਾਲਤ ਬਦ ਤੋ ਬਦਤਰ ਹੁੰਦੀ ਜਾ ਰਹੀ ਹੈ। ਉਨ੍ਹਾਂ ਨੇ ਲੁੱਟਾਂ-ਖੋਹਾਂ, ਕੁੱਟਮਾਰ, ਨਸ਼ਾ ਤਸਕਰਾਂ ਅਤੇ ਵੱਧ ਰਹੀਆਂ ਵਾਰਦਾਤਾਂ ਦੀਆਂ ਘਟਨਾਵਾਂ 'ਤੇ ਚਿੰਤਾ ਜ਼ਾਹਰ ਕੀਤੀ। ਨੂਰਪੁਰੀ ਨੇ ਕਿਹਾ ਕਿ ਮਜ਼ਦੂਰਾਂ ਦੀਆਂ ਭੱਖਦੀਆਂ ਮੰਗਾਂ ਬੇਰੁਜ਼ਗਾਰੀ-ਮਹਿੰਗਾਈ, ਕੰਗਾਲੀ-ਭੁੱਖਮਰੀ ਅਤੇ ਗਰੀਬੀ ਅਮੀਰੀ ਦੇ ਪਾੜੇ ਲਈ ਜ਼ਿੰਮੇਵਾਰ ਪੂੰਜੀਵਾਦੀ ਢਾਂਚੇ ਤੋਂ ਮੁਕਤੀ ਹਾਸਲ ਕਰਨ ਲਈ, ਬਦਲਵੀਆਂ ਲੋਕ ਪੱਖੀ ਨੀਤੀਆਂ ਵਾਲਾ ਹਕੀਕੀ ਰਾਜਸੀ ਬਦਲ ਉਸਾਰਨ ਦੇ ਸੰਗਰਾਮ ਤੇਜ਼ ਕਰਨ ਲਈ, ਸੂਬਾ ਸਰਕਾਰ ਦੀਆਂ ਲੋਕ ਦੋਖੀ ਨੀਤੀਆਂ, ਫਜ਼ੂਲ ਖਰਚੀਆਂ, ਵਾਅਦਾ ਖਿਲਾਫ਼ੀਆਂ, ਪ੍ਰਸ਼ਾਸਨਿਕ ਨਾਅਹਿਲੀਅਤ, ਜ਼ਾਬਰ ਪਹੁੰਚ ਅਤੇ ਮਾਫ਼ੀਆ ਨਾਲ ਗੰਢਤੁੱਪ ਖ਼ਿਲਾਫ਼, ਆਰ.ਐਸ.ਐਸ., ਭਾਜਪਾ ਤੇ ਹੋਰ ਹਰ ਰੰਗ ਦੀਆਂ ਫਿਰਕੂ ਜਾਤੀਵਾਦੀ ਤਾਕਤਾਂ ਵੱਲੋਂ ਪ੍ਰਗਤੀਸ਼ੀਲ ਵਿਚਾਰਾਂ ਤੇ ਵਿਗਿਆਨਕ ਸੋਚ ਖ਼ਿਲਾਫ਼ ਵਿੱਢੇ ਹਮਲੇ ਵਿਰੁੱਧ ਤੇ ਹੋਰ ਮਸਲਿਆਂ ਨਾਲ ਸਬੰਧਤ ਜਲੰਧਰ ਵਿਖੇ 25 ਫਰਵਰੀ ਨੂੰ ਕੀਤੀ ਜਾ ਰਹੀ ਵਿਸ਼ਾਲ ਜਨਤਕ ਰੈਲੀ ਵਿਚ ਪਰਵਾਰਾਂ ਸਮੇਤ ਪੁੱਜਣ ਦੀ ਅਪੀਲ ਕੀਤੀ।

# 22ਵਾਂ ਰਾਜ ਪੱਧਰੀ ਉਲੰਪੀਅਨ ਜਰਨੈਲ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸ਼ੁਰੂ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਗੜ੍ਹਸ਼ੰਕਰ ਵੱਲੋਂ ਇਥੋਂ ਦੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਦੇ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਸਟੇਡੀਅਮ 'ਚ ਸਾਬਕਾ ਵਿਧਾਇਕ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਸਰਪ੍ਰਸਤ ਟੂਰਨਾਮੈਂਟ ਕਮੇਟੀ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ 22ਵਾਂ ਰਾਜ ਪੱਧਰੀ ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਸ਼ਾਨੋ ਸ਼ੌਕਤ ਨਾਲ ਆਰੰਭ ਹੋ ਗਿਆ। ਟੂਰਨਾਮੈਂਟ ਦੀ ਆਰੰਭਤਾ ਮੌਕੇ ਕਾਲਜ ਵਿਦਿਆਰਥਣਾਂ ਵਲੋਂ ਵਾਰ ਗਾਇਨ ਕੀਤੀ ਗਈ ਉਪਰੰਤ ਸੰਤ ਚਰਨਜੀਤ ਸਿੰਘ ਜੱਸੋਵਾਲ ਮੈਂਬਰ ਸ਼੍ਰੋਮਣੀ ਕਮੇਟੀ ਵਲੋਂ ਟੂਰਨਾਮੈਂਟ ਦੀ ਆਰੰਭਤਾ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸਰਪ੍ਰਸਤ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਅਤੇ ਪ੍ਰਧਾਨ ਮੁਖਤਿਆਰ ਸਿੰਘ ਹੈਪੀ ਹੀਰ ਤੇ ਕਮੇਟੀ ਦੀ ਮੌਜੂਦਗੀ 'ਚ ਟੂਰਨਾਮੈਂਟ ਦਾ ਉਦਘਾਟਨ ਸ਼੍ਰੋਮਣੀ ਕਮੇਟੀ ਮੈਂਬਰ ਡਾ. ਜੰਗ ਬਹਾਦਰ ਸਿੰਘ ਰਾਏ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਚਰਨਜੀਤ ਸਿੰਘ ਜੱਸੋਵਾਲ ਵਲੋਂ ਖਿਡਾਰੀਆਂ ਨਾਲ ਜਾਣ ਪਹਿਚਾਣ ਉਪਰੰਤ ਹਵਾ 'ਚ ਗੁਬਾਰੇ ਛੱਡਕੇ ਕੀਤਾ ਗਿਆ। ਇਸ ਮੌਕੇ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਡਾ. ਜੰਗ ਬਹਾਦਰ ਸਿੰਘ ਰਾਏ ਅਤੇ ਸੰਤ ਚਰਨਜੀਤ ਸਿੰਘ ਜੱਸੋਵਾਲ ਨੇ ਸੰਬੋਧਨ ਦੌਰਾਨ ਟੂਰਨਾਮੈਂਟ ਕਮੇਟੀ ਦੇ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਨੌਜਵਾਨਾਂ ਨੂੰ ਉਲੰਪੀਅਨ ਜਰਨੈਲ ਸਿੰਘ ਦੇ ਜੀਵਨ ਤੋਂ ਸੇਧ ਹਾਸਲ ਕਰਨ ਦਾ ਸੱਦਾ ਦਿੱਤਾ। ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਸਮੂਹ ਸਖਸ਼ੀਅਤਾਂ ਤੇ ਟੂਰਨਾਮੈਂਟ ਵਿਚ ਹਿੱਸਾ ਲੈ ਰਹੇ ਖਿਡਾਰੀਆਂ ਦਾ ਸਵਾਗਤ ਕੀਤਾ। ਕਮੇਟੀ ਪ੍ਰਧਾਨ ਮੁਖਤਿਆਰ ਸਿੰਘ ਹੀਰ ਨੇ ਪਹੁੰਚੀਆਂ ਸਮੂਹ ਸਖਸ਼ੀਅਤਾਂ ਦਾ ਧੰਨਵਾਦ ਕਰਦਿਆਂ ਪਹੁੰਚੀਆਂ ਸਖਸ਼ੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕੁਲਵੰਤ ਸਿੰਘ ਯੂ.ਕੇ. ਪ੍ਰਧਾਨ ਕਬੱਡੀ ਫੈਡਰੇਸ਼ਨ ਯੂ.ਕੇ. ਅਤੇ ਪ੍ਰਧਾਨ ਪ੍ਰਿੰ. ਹਰਭਜਨ ਸਿੰਘ ਕਲੱਬ ਮਾਹਿਲਪੁਰ ਨੇ ਸੰਬੋਧਨ ਦੌਰਾਨ ਟੂਰਨਾਮੈਂਟ ਦੇ ਉਪਰਾਲੇ ਦੀ ਪ੍ਰਸੰਸਾ ਕੀਤਾ। ਟੂਰਨਾਮੈਂਟ ਦੇ ਉਦਘਾਟਨੀ ਕਾਲਜ ਵਰਗ ਦੇ ਮੈਚ ਵਿਚ ਦਸਮੇਸ਼ ਫੁੱਟਬਾਲ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਨੇ ਪੈਨਲਟੀ ਕਿੱਕਾਂ ਰਾਹੀਂ 6-5 ਦੇ ਫਰਕ ਨਾਲ ਫੁੱਟਬਾਲ ਅਕੈਡਮੀ ਪਾਲਦੀ ਨੂੰ ਹਰਾਇਆ, ਕਲੱਬ ਵਰਗ ਦੇ ਦੂਜੇ ਮੈਚ ਵਿਚ ਇੰਟਰਨੈਸ਼ਨਲ ਫੁੱਟਬਾਲ ਕਲੱਬ ਫਗਵਾੜਾ ਨੇ ਨਾਮਧਾਰੀ ਫੁੱਟਬਾਲ ਅਕੈਡਮੀ ਭੈਣੀ ਸਾਹਿਬ ਨੂੰ 4-0 ਗੋਲਾਂ ਦੇ ਫਰਕ ਨਾਲ ਮਾਤ ਦਿੱਤੀ।



# ਜੀ ਆਰ ਡੀ ਸਕੂਲ ਤੇ ਹੋਣਹਾਰ ਵਿਦਿਆਰਥੀ ਨੂੰ ਕੀਤਾ ਸਨਮਾਨਤ

**ਟਾਂਡਾ ਉੜਮੁੜ, (ਉਂਕਾਰ ਸਿੰਘ)**

ਬੀਤੇ ਦਿਨੀਂ ਪਿੰਡ ਮੂਨਕ ਖੁਰਦ ਦੇ ਗੁਰਦੁਆਰਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਨਿਆਰਾ ਸਿੱਖ ਵਿਰਸਾ ਪੰਜਾਬ ਅਤੇ ਸਮੂਹ ਸਾਧ ਸੰਗਤ ਵੱਲੋਂ ਕਰਵਾਏ ਗਏ ਪ੍ਰੋਗਰਾਮ ਕੌਣ ਬਣੇਗਾ ਪਿਆਰੇ ਦਾ ਪਿਆਰਾ ਵਿੱਚ ਟਾਂਡਾ ਖੇਤਰ ਦੀ ਮਹਾਨ ਵਿੱਦਿਅਕ ਸੰਸਥਾ ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ ਵੱਲੋਂ ਚਲਾਏ ਜਾ ਰਹੇ ਵਿੱਦਿਅਕ ਅਦਾਰੇ ਜੀ ਆਰ ਡੀ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਨੇ ਦੂਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਸਬੰਧੀ ਸੰਸਥਾ ਦੇ ਚੇਅਰਪਰਸਨ ਪ੍ਰਦੀਪ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਉਕਤ ਵਿਦਿਆਰਥੀ ਅਜੀਤ ਸਿੰਘ ਨਿਵਾਸੀ ਮੂਨਕ ਖੁਰਦ ਜੋ ਕਿ ਜੀ ਆਰ ਡੀ ਸਕੂਲ ਦੀ ਤੀਸਰੀ ਕਲਾਸ ਦਾ ਵਿਦਿਆਰਥੀ ਹੈ, ਨੂੰ ਅੱਜ ਸਕੂਲ ਵਿਖੇ ਜੀ ਆਰ ਡੀ ਸਿੱਖਿਆ ਸੰਸਥਾਵਾਂ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ ਅਤੇ ਸਕੂਲ ਦੇ ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਮੂਨਕ ਖੁਰਦ ਵਿਖੇ ਹੋਏ ਇਸ ਧਾਰਮਿਕ ਮੁਕਾਬਲੇ ਦੌਰਾਨ ਜਿੱਥੇ ਉਕਤ ਵਿਦਿਆਰਥੀ ਨੇ ਲਿਖਤੀ ਟੈਸਟ ਪ੍ਰੀਖਿਆ ਵਿੱਚੋਂ ਵਧੀਆ ਅੰਕ ਹਾਸਲ ਕੀਤੇ ਉੱਥੇ ਹੋਟ ਚੇਅਰ 'ਤੇ ਵੀ ਉਕਤ ਵਿਦਿਆਰਥੀ ਨੇ ਸਾਰੇ ਸਵਾਲਾਂ ਦੇ ਸਹੀ ਉੱਤਰ ਦੇ ਕੇ ਇਨ੍ਹਾਂ ਮੁਕਾਬਲਿਆਂ ਵਿੱਚੋਂ ਦੂਸਰਾ ਸਥਾਨ ਹਾਸਲ ਕਰਕੇ ਜਿੱਥੇ ਆਪਣੇ ਮਾਤਾ ਪਿਤਾ ਅਤੇ ਪਿੰਡ ਦਾ ਨਾਂਅ ਰੋਸ਼ਨ ਕੀਤਾ ਹੈ ਉੱਥੇ ਸਾਡੀ ਜੋ ਸੰਸਥਾ ਜੀ ਆਰ ਡੀ ਇੰਟਰਨੈਸ਼ਨਲ ਸਕੂਲ ਦਾ ਨਾਂਅ ਵੀ ਰੋਸ਼ਨ ਕੀਤਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡਮ ਲਵਲੀ ਸੈਣੀ, ਦਲਜਿੰਦਰ ਕੌਰ, ਗੁਰਪ੍ਰੀਤ ਕੌਰ , ਤਜਿੰਦਰ ਕੌਰ, ਬਲਜੀਤ ਕੌਰ, ਸਮਨੀਤ ਕੌਰ, ਸਿਮਰਨ ਕੌਰ, ਮਨਜੀਤ ਕੌਰ, ਹਰਦੀਪ ਕੌਰ, ਕਸ਼ਮੀਰ ਕੌਰ, ਪਿੰਕੀ ਚੌਧਰੀ ਤੋਂ ਇਲਾਵਾ ਸਕੂਲ ਦਾ ਹੋਰ ਸਟਾਫ ਵੀ ਹਾਜ਼ਰ ਸੀ।



# ਇਫਕੋ ਦੇ ਉਤਪਾਦਾਂ ਤੇ ਡਰੋਨ ਦੀ ਪ੍ਰਦਰਸ਼ਨੀ ਲਗਾਈ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਬੀਤੇ ਦਿਨੀਂ ਖੇਤੀਬਾੜੀ ਵਿਭਾਗ, ਰੂਪਨਗਰ ਵੱਲੋਂ ਪਿੰਡ ਅਜੌਲੀ, ਬਲਾਕ ਸ਼੍ਰੀ ਅਨੰਦਪੁਰ ਸਾਹਿਬ, ਜ਼ਿਲ੍ਹਾ ਰੂਪਨਗਰ ਵਿਖੇ ਲਗਾਏ ਗਏ ਜ਼ਿਲ੍ਹਾ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਵਿੱਚ ਇਫਕੋ ਦੇ ਉਤਪਾਦਾਂ ਅਤੇ ਡਰੋਨ ਦੀ ਪ੍ਰਦਰਸ਼ਨੀ ਲਗਾਈ ਗਈ। ਏ.ਡੀ.ਸੀ., ਰੂਪਨਗਰ ਚੰਦਰ ਜਯੋਤੀ ਸਿੰਘ, ਐਸ.ਡੀ.ਐਮ. ਨੰਗਲ ਅਮਨਜੋਤ ਕੌਰ ਅਤੇ ਮੁੱਖ ਖੇਤੀਬਾੜੀ ਅਫ਼ਸਰ ਡਾ: ਰਾਕੇਸ਼ ਕੁਮਾਰ ਨੇ ਇਫਕੋ ਦੀ ਪ੍ਰਦਰਸ਼ਨੀ ਦਾ ਦੌਰਾ ਕੀਤਾ ਅਤੇ ਕਣਕ ਦੀ ਫ਼ਸਲ 'ਤੇ ਨੈਨੋ ਯੂਰੀਆ ਪਲੱਸ ਅਤੇ ਨੈਨੋ ਡੀ.ਏ.ਪੀ ਅਤੇ ਡਰੋਨ ਸਪਰੇਅ ਬਾਰੇ ਜਵਾਬ ਪੁੱਛਿਆ। ਡਰੋਨ ਛਿੜਕਾਅ ਦਾ ਪ੍ਰਦਰਸ਼ਨ ਡਰੋਨ ਦੀਦੀ ਸ਼੍ਰੀਮਤੀ ਗੁਰਦੀਪ ਕੌਰ ਨੇ ਕੀਤਾ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਨਾਲ 300 ਤੋਂ ਵੱਧ ਕਿਸਾਨ ਅਤੇ ਕਿਸਾਨ ਬੀਬੀਅ, ਐਫ.ਪੀ.ਓਜ਼ ਅਤੇ ਅਧਿਕਾਰੀ ਹਾਜ਼ਰ ਸਨ।

# ਸੀਟੀ ਗਰੁੱਪ ਨੇ ਬਰਲਟਨ ਪਾਰਕ ਵਾਲ ਪੇਂਟਿੰਗ ਮੁਕਾਬਲਾ ਕਰਵਾਇਆ

**ਜਲੰਧਰ (ਸ਼ੈਲੀ ਐਲਬਰਟ)**-ਸੀਟੀ ਗਰੁੱਪ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਜਲੰਧਰ ਦੇ ਸਹਿਯੋਗ ਨਾਲ ਬਰਲਟਨ ਪਾਰਕ ਵਾਲ ਪੇਂਟਿੰਗ ਮੁਕਾਬਲਾ ਸਫਲਤਾਪੂਰਵਕ ਆਯੋਜਿਤ ਕੀਤਾ, ਜੋ ਕਿ ਵਿਦਿਆਰਥੀਆਂ ਨੂੰ ਭਾਈਚਾਰਕ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਲਈ ਇੱਕ ਜੀਵੰਤ ਪਹਿਲ ਹੈ। ਵੱਖ-ਵੱਖ ਖੇਤਰਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ । ਵਿਲੱਖਣ ਅਤੇ ਸਿਰਜਣਾਤਮਕ ਕਲਾ ਦੇ ਟੁਕੜਿਆਂ ਰਾਹੀਂ ਆਪਣੀ ਕਲਾਤਮਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਮੁਕਾਬਲੇ ਵਿੱਚੋਂ ਚੁਣੀਆਂ ਗਈਆਂ ਕਲਾਕ੍ਰਿਤੀਆਂ ਨੂੰ ਬਰਲਟਨ ਪਾਰਕ ਦੀਆਂ ਕੰਧਾਂ ਨੂੰ ਪੇਂਟ ਕਰਨ ਲਈ ਸੰਦਰਭਾਂ ਵਜੋਂ ਵਰਤਿਆ ਜਾਵੇਗਾ। ਡਾ. ਅਰਜਨ ਸਿੰਘ, ਡੀਨ ਆਫ ਸਟੂਡੈਂਟ ਵੈਲਫੇਅਰ, ਸੀਟੀ ਗਰੁੱਪ ਨੇ ਟਿੱਪਣੀ ਕੀਤੀ, ਇਹ ਪਹਿਲ ਵਿਦਿਆਰਥੀਆਂ ਵਿੱਚ ਰਚਨਾਤਮਕਤਾ ਅਤੇ ਭਾਈਚਾਰਕ ਸ਼ਮੂਲੀਅਤ ਨੂੰ ਉਤਸ਼ਾਹਤ ਕਰਨ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਸਾਨੂੰ ਉਨ੍ਹਾਂ ਦੀ ਕਲਾ ਨੂੰ ਸ਼ਹਿਰ ਨੂੰ ਸੁੰਦਰ ਬਣਾਉਂਦੇ ਅਤੇ ਦੂਜਿਆਂ ਨੂੰ ਪ੍ਰੇਰਿਤ ਕਰਦੇ ਹੋਏ ਦੇਖ ਕੇ ਮਾਣ ਹੈ।



# ਪੰਜਾਬੀਆਂ ਨੂੰ ਬਦਨਾਮ ਕਰਨ ਦੇ ਇਰਾਦੇ ਨਾਲ ਪੰਜਾਬ ਉਤਾਰਿਆ ਅਮਰੀਕੀ ਜਹਾਜ਼ : ਚੇਅਰਮੈਨ ਜਲਵਾਹਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਅਮਰੀਕਾ ਤੋਂ ਡਿਪੋਰਟ ਕੀਤੇ 104 ਭਾਰਤੀਆਂ ਨੂੰ ਇੱਕ ਗਿਣੀ ਮਿਥੀ ਸਾਜ਼ਿਸ਼ ਤਹਿਤ ਪੰਜਾਬ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਹਵਾਈ ਅੱਡੇ ਉਤੇ ਲੈਂਡ ਕਰਵਾਇਆ ਗਿਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਨਵਾਂਸ਼ਹਿਰ ਤੋਂ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੰਜਾਬੀਆਂ ਨੂੰ ਪੂਰੀ ਦੁਨੀਆ ਵਿੱਚ ਬਦਨਾਮ ਕਰਨ ਲਈ ਵਿਦੇਸ਼ ਮੰਤਰਾਲੇ ਵੱਲੋਂ ਜਾਣਬੁੱਝ ਕੇ ਪੰਜਾਬ ਵਿੱਚ ਅਮਰੀਕਾ ਆਰਮੀ ਦੇ ਹਵਾਈ ਜਹਾਜ਼ ਨੂੰ ਉਤਾਰਨ ਦੀ ਪ੍ਰਵਾਨਗੀ ਦਿੱਤੀ ਗਈ। ਜਦੋਂ ਕਿ ਡਿਪੋਰਟ ਕੀਤੇ ਭਾਰਤੀਆਂ ਵਿੱਚੋਂ ਸਭ ਤੋਂ ਵੱਧ ਗਿਣਤੀ ਗੁਜਰਾਤ ਅਤੇ ਹਰਿਆਣਾ ਦੇ ਯਾਤਰੀਆਂ ਦੀ ਸੀ। ਪਰ ਫਿਰ ਵੀ ਅਮਰੀਕੀ ਜਹਾਜ਼ ਨੂੰ ਨਾ ਤਾਂ ਗੁਜਰਾਤ ਅਤੇ ਨਾ ਹੀ ਦਿੱਲੀ ਏਅਰਪੋਰਟ 'ਤੇ ਲੈਂਡ ਕਰਵਾਇਆ ਗਿਆ ਸਗੋਂ ਪਾਕਿਸਤਾਨ ਬਾਰਡਰ ਦੇ ਬਿਲਕੁਲ ਨਾਲ ਲਗਦੇ ਹਵਾਈ ਅੱਡੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਉਤਾਰਨਾ ਆਪਣੇ ਆਪ ਵਿੱਚ ਹੀ ਕਈ ਸਵਾਲ ਖੜ੍ਹੇ ਕਰਦਾ ਹੈ। ਡਿਪੋਰਟ ਕੀਤੇ ਇਹ ਲੋਕ ਆਪਣੇ ਚੰਗੇ ਭਵਿੱਖ ਲਈ ਤੇ ਰੋਜ਼ੀ ਰੋਟੀ ਦੀ ਭਾਲ ਵਿੱਚ ਅਮਰੀਕਾ ਗਏ ਸਨ ਪਰ ਏਜੰਟਾਂ ਦੇ ਝਾਂਸੇ ਵਿੱਚ ਆ ਕੇ ਗਲਤ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋਣ ਕਰਕੇ ਇਨ੍ਹਾਂ ਨੂੰ ਵਾਪਸ ਭਾਰਤ ਭੇਜਿਆ ਗਿਆ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਦੀ ਇਹ ਅਹਿਮ ਜ਼ੁੰਮੇਵਾਰੀ ਬਣਦੀ ਸੀ ਕਿ ਅਗਰ ਸਾਡੇ ਦੇਸ਼ ਦੇ ਲੋਕ ਕਿਸੇ ਬੇਗਾਨੇ ਮੁਲਕ ਵਿਚ ਫਸ ਗਏ ਹਨ ਤਾਂ ਉਨ੍ਹਾਂ ਨੂੰ ਸੁਰੱਖਿਅਤ ਭਾਰਤ ਲਿਆਂਦਾ ਜਾਵੇ ਪਰ ਵਿਦੇਸ਼ ਮੰਤਰਾਲੇ ਦੇ ਰਵੱਈਏ ਨੇ ਅੱਜ ਪੂਰੀ ਦੁਨੀਆ ਸਾਹਮਣੇ ਭਾਰਤੀਆਂ ਨੂੰ ਸ਼ਰਮਸਾਰ ਕਰਕੇ ਰੱਖ ਦਿੱਤਾ ਹੈ। ਅਮਰੀਕਾ ਵੱਲੋਂ ਡਿਪੋਟ ਕੀਤੇ 104 ਭਾਰਤੀਆਂ ਦੇ ਹੱਥਾਂ ਨੂੰ ਜਿਸ ਤਰ੍ਹਾਂ ਹੱਥਕੜੀਆਂ ਅਤੇ ਪੈਰਾਂ ਵਿਚ ਬੇੜੀਆਂ ਪਾ ਕੇ ਜ਼ਲੀਲ ਕੀਤਾ ਗਿਆ ਹੈ, ਉਹ ਵਾਕਿਆ ਹੀ ਬਹੁਤ ਨਿੰਦਣਯੋਗ ਹੈ। ਚੇਅਰਮੈਨ ਜਲਵਾਹਾ ਨੇ ਕਿਹਾ ਕਿ ਇਸ ਤੋਂ ਵੀ ਵੱਧ ਨਿੰਦਣਯੋਗ ਗੱਲ ਇਹ ਹੈ ਕਿ ਪੰਜਾਬੀਆਂ ਨੂੰ ਪੂਰੀ ਦੁਨੀਆ ਵਿੱਚ ਬਦਨਾਮ ਕਰਨ ਲਈ ਇੱਕ ਗਿਣੀ ਮਿਥੀ ਸਾਜ਼ਿਸ਼ ਤਹਿਤ ਅਮਰੀਕੀ ਆਰਮੀ ਦਾ ਹਵਾਈ ਜਹਾਜ਼ ਪੰਜਾਬ ਵਿੱਚ ਲੈਂਡ ਕਰਵਾਇਆ ਗਿਆ ਤਾਂ ਜੋ ਪੂਰੀ ਦੁਨੀਆ ਸਾਹਮਣੇ ਪੰਜਾਬੀਆਂ ਨੂੰ ਬਦਨਾਮ ਕੀਤਾ ਜਾ ਸਕੇ। ਵਿਦੇਸ਼ ਮੰਤਰਾਲੇ ਦੇ ਇਸ ਗੈਰ ਜ਼ਿੰਮੇਵਾਰ ਵਰਤਾਰੇ ਦੀ ਜਿੰਨੀ ਨਿੰਦਾ ਕੀਤੀ ਜਾਵੇ ਉਹ ਘੱਟ ਹੈ। ਜਲਵਾਹਾ ਨੇ ਕਿਹਾ ਕਿ ਅਫਸੋਸ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਅਮਰੀਕਾ ਤੋਂ ਹੱਥਕੜੀਆਂ ਲਗਾ ਕੇ ਲਿਆਂਦੇ ਭਾਰਤੀਆਂ ਨੂੰ ਕੈਦੀਆਂ ਵਾਲੀਆਂ ਗੱਡੀਆਂ ਵਿੱਚ ਲਿਜਾਣਾ ਬਹੁਤ ਹੀ ਸ਼ਰਮਨਾਕ ਘਟਨਾ ਹੈ। ਇਹ ਲੋਕ ਕਿਹੜਾ ਕੋਈ ਵੱਡੇ ਕ੍ਰਿਮਿਨਲ ਸਨ ਜਾਂ ਕੋਈ ਅੱਤਵਾਦੀ ਸਨ ਜਿਨ੍ਹਾਂ ਨੂੰ ਇਸ ਤਰ੍ਹਾਂ ਆਪਣੇ ਹੀ ਦੇਸ਼ ਵਿੱਚ ਕੈਦੀਆਂ ਵਾਂਗ ਲਿਜਾਇਆ ਗਿਆ। ਇਹ ਬਹੁਤ ਹੀ ਸ਼ਰਮਨਾਕ ਅਤੇ ਅਤਿ ਨਿੰਦਣਯੋਗ ਘਟਨਾ ਹੈ। ਸਮੂਹ ਪੰਜਾਬੀ ਭਾਈਚਾਰਾ ਵਿਦੇਸ਼ ਮੰਤਰਾਲੇ ਦੀ ਇਸ ਗਿਣੀ ਮਿਥੀ ਸਾਜ਼ਿਸ਼ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ।



# ਟਿੱਪਰਾਂ ਦੀ ਓਵਰ ਲੋਡਿੰਗ ਤੇ ਤੇਜ਼ ਰਫ਼ਤਾਰ ਨੂੰ ਲੈ ਕੇ ਸੜਕ 'ਤੇ ਲਾਇਆ ਧਰਨਾ

**ਮਾਹਿਲਪੁਰ (ਸ਼ਫ਼ਰੀ)**

ਇੱਥੋਂ ਨਜ਼ਦੀਕੀ ਪਿੰਡ ਜੇਜੋਂ ਦੋਆਬਾ ਵਿਖੇ ਪ੍ਰਵੀਨ ਸੋਨੀ ਦੀ ਅਗਵਾਈ ਹੇਠ ਪਿੰਡ ਵਾਸੀਆਂ ਨੇ ਓਵਰ ਲੋਡਿੰਗ ਟਿੱਪਰਾਂ ਅਤੇ ਤੇਜ਼ ਰਫ਼ਤਾਰ ਅਤੇ ਟਿੱਪਰ ਬਗੈਰ ਢਕੇ ਲਿਜਾਣ ਨੂੰ ਲੈ ਕੇ ਕੇ ਸੜਕਾਂ 'ਤੇ ਧਰਨਾ ਲਾ ਕੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਮੰਗ ਕੀਤੀ ਕਿ ਟਿੱਪਰ ਸ਼ਾਮ ਨੂੰ ਸੱਤ ਵਜੇ ਤੋਂ ਲੈ ਕੇ ਸਵੇਰੇ ਸੱਤ ਵਜੇ ਚਲਾਏ ਜਾਣ ਅਤੇ ਗੱਡੀਆਂ ਦੀ ਸਪੀਡ ਪਿੰਡ ਚੋਂ ਲੰਘਦੇ ਸਮੇਂ ਚਾਲੀ ਦੀ ਰੱਖੀ ਜਾਵੇ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਵੀਨ ਸੋਨੀ, ਪੰਚ ਰੇਨੂੰ ਬਾਲਾ, ਪੰਚ ਪਿੰਕੀ, ਸਾਬਕਾ ਪੰਚ ਰਤਨ ਚੰਦ, ਸੰਦੀਪ ਕੁਮਾਰ, ਊਸ਼ਾ ਰਾਣੀ, ਵਿੱਦਿਆ, ਪ੍ਰਵੀਨ ਕੁਮਾਰੀ, ਬਲਦੇਵ ਸਿੰਘ, ਬਲਵੀਰ ਚੌਧਰੀ, ਪਵਨ ਲਾਲ, ਬਿੰਦਰ ਕਲੇਰ, ਵਿਵੇਕ ਸ਼ਰਮਾ, ਦਿਲਬਾਗ ਮੁਹੰਮਦ, ਅਸ਼ਵਨੀ ਖੰਨਾ ਆਦਿ ਨੇ ਦੱਸਿਆ ਕਿ ਅੱਜ ਓਵਰ ਲੋਡਿੰਗ ਰੇਤਾ ਦਾ ਭਰਿਆ ਤੇਜ਼ ਘੋੜਾ ਪਲਟ ਗਿਆ ਪਰ ਲੋਕਾਂ ਦਾ ਬਚਾ ਹੋ ਗਿਆ । ਉਨ੍ਹਾਂ ਕਿਹਾ ਕਿ ਪਹਿਲਾਂ ਵੀ 13 ਜਨਵਰੀ ਨੂੰ ਇਕ ਤੇਜ਼ ਰਫ਼ਤਾਰ ਟਿੱਪਰ ਦੋ ਘਰਾਂ 'ਚ ਧਸ ਗਿਆ ਸੀ। ਉਨ੍ਹਾਂ ਦੱਸਿਆ ਕਿ ਹਾਲੇ ਤੱਕ ਉਨ੍ਹਾਂ ਨੂੰ ਵੀ ਨਾ ਟਿੱਪਰ ਮਾਲਕ ਅਤੇ ਨਾ ਪ੍ਰਸ਼ਾਸਨ ਵਲੋਂ ਨੁਕਸਾਨ ਦਾ ਮੁਆਵਜ਼ਾ ਮਿਲਿਆ। ਉਨ੍ਹਾਂ ਦੱਸਿਆ ਕਿ ਹਿਮਾਚਲ ਪ੍ਰਦੇਸ਼ ਤੋਂ ਵੱਡੇ ਪੱਧਰ ਕੁਤੇ ਓਵਰ ਲੋਟਿੰਗ ਰੇਤਾ, ਬਜਰੀ ਦੀ ਘੋੜਿਆਂ ਅਤੇ ਟਿੱਪਰਾਂ ਰਾਹੀਂ ਮਾਈਨਿੰਗ ਹੋ ਰਹੀ ਹੈ ਅਤੇ ਇਹ ਰਾਤ ਦਿਨ ਤੇਜ਼ ਰਫ਼ਤਾਰ ਨਾਲ ਸੜਕ ਤੋਂ ਲੰਘ ਕੇ ਧੂੜ ਮਿੱਟੀ ਉਡਾਉਂਦੇ ਹਨ ਜਿਸ ਨਾਲ ਪਿੰਡ ਦੇ ਲੋਕ ਬਿਮਾਰੀਆਂ ਦੀ ਲਪੇਟ ਵਿਚ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ ਦੋ ਵਜੇ ਦੇ ਕਰੀਬ ਲੋਕਾਂ ਨੇ ਪਹਿਲਾਂ ਨੁਕਸਾਨੇ ਗਏ ਮਕਾਨਾਂ ਦੇ ਮੁਆਵਜ਼ੇ ਨੂੰ ਅਤੇ ਤੇਜ਼ ਰਫ਼ਤਾਰ ਟਿੱਪਰਾਂ ਨੂੰ ਲੈ ਕੇ ਉਨ੍ਹਾਂ ਪਿੰਡ ਵਾਲਿਆਂ ਨੂੰ ਲੈ ਕੇ ਸੜਕ 'ਤੇ ਧਰਨਾ ਦਿੱਤਾ ਅਤੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਮੰਗ ਕੀਤੀ ਕਿ ਨੁਕਸਾਨ ਗਏ ਮਕਾਨਾਂ ਦਾ ਜਲਦ ਮੁਆਵਜ਼ਾ ਦਿੱਤਾ ਜਾਵੇ ਅਤੇ ਘੋੜੇ ਅਤੇ ਟਿੱਪਰਾਂ ਨੂੰ ਢਕ ਲਿਜਾਇਆ ਜਾਵੇ। ਉਨ੍ਹਾਂ ਕਿਹਾ ਕਿ ਧਰਨਾ ਓਨਾ ਚਿਰ ਜਾਰੀ ਰਹੇਗਾ ਜਿੰਨਾ ਚਿਰ ਕੋਈ ਉੱਚ ਅਧਿਕਾਰੀ ਆ ਕੇ ਉਨ੍ਹਾਂ ਨੂੰ ਇਹ ਮੰਗਾਂ ਦਾ ਯਕੀਨ ਨਹੀਂ ਦਿਵਾਉਂਦਾ।



# ਨਾਰਦਰਨ ਇੰਸ਼ੋਰੈਂਸ਼ ਇੰਪਲਾਈਜ਼ ਐਸੋਸੀਏਸ਼ਨ ਨੇ ਕੀਤੀ ਗੇਟ ਰੈਲੀ

**ਕਾਲਾ ਸੰਘਿਆਂ (ਮਨਜੀਤ ਮਾਨ)**- ਨਾਰਦਰਨ ਇਸ਼ੋਰੈਸ਼ ਇੰਪਲਾਈਜ਼ ਐਸੋਸੀਏਸ਼ਨ ਵੱਲੋਂ ਬਜਟ ਵਿੱਚ ਬੀਮਾ ਖੇਤਰ 'ਚ ਐਫ਼ ਡੀ ਆਈ ਸੀਮਾ ਵਧਾਉਣ ਦੇ ਐਲਾਨ ਨੂੰ ਲੈ ਕੇ ਗੇਟ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਬ੍ਰਾਂਚ ਨਕੋਦਰ ਦੇ ਪ੍ਰਧਾਨ ਭਜਨ ਸਿੰਘ ਤਾਸ਼ਪੁਰ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿੱਤ ਮੰਤਰੀ ਨੇ ਬਜਟ ਪੇਸ਼ਕਾਰੀ ਦੌਰਾਨ ਬੀਮਾ ਖੇਤਰ ਵਿੱਚ ਐਫ਼ ਡੀ ਆਈ ਸੀਮਾ 74 ਪ੍ਰਤੀਸ਼ਤ ਤੋਂ ਵਧਾ ਕੇ 100 ਪ੍ਰਤੀਸ਼ਤ ਕਰਨ ਦਾ ਐਲਾਨ ਕੀਤਾ ਇਹ ਫੈਸਲਾ ਗੈਰ ਵਾਜਬ ਹੈ। ਇਸ ਨਾਲ ਭਾਰਤ ਦੀ ਅਰਥ ਵਿਵਸਥਾ ਦੇ ਵਿਕਾਸ ਲਈ ਕੀਮਤੀ ਸ੍ਰੋਤਾਂ ਨੂੰ ਜਟਾਉਣ ਅਤੇ ਰਾਜ ਦੇ ਆਪਣੇ ਨਾਗਰਿਕਾਂ ਪ੍ਰਤੀ ਫਰਜ਼ਾਂ ਨੂੰ ਪੂਰਾ ਕਰਨ ਲਈ ਗੰਭੀਰ ਨਤੀਜੇ ਹਨ। ਇਸ ਦੌਰਾਨ ਸਕੱਤਰ ਜਤਿਨ ਕਰਵਲ ਨੇ ਕਿਹਾ ਕਿ ਬਿੱਲ 1999 ਦੇ ਪਾਸ ਹੋਣ ਨਾਲ ਬੀਮਾ ਖੇਤਰ ਦਾ ਰਾਸ਼ਟਰੀਕਰਨ ਕਰ ਦਿੱਤਾ। ਅਸੀਂ ਬੀਮੇ ਵਿਚ ਐਫ਼ ਡੀ ਬੀਮਾ ਵਧਾਉਣ ਦਾ ਸਖ਼ਤ ਵਿਰੋਧ ਕਰਦੇ ਹਾਂ। ਉਕਤ ਆਗੂਆਂ ਨੇ ਮੌਜੂਦਾ ਸਰਕਾਰ ਕੋਲੋਂ ਕੀਤਾ ਗਿਆ ਵਾਧਾ ਵਾਪਿਸ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਸਰਕਾਰ ਨੂੰ ਆਪਣੇ ਮੁਨਾਫ਼ਿਆਂ ਦੇ ਨਾਲੋਂ ਲੋਕਾਂ ਦੇ ਹਿੱਤਾਂ ਬਾਰੇ ਸੋਚਣਾ ਚਾਹੀਦਾ ਹੈ। ਉਕਤ ਆਗੂਆਂ ਨੇ ਮੌਜੂਦਾ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਜਲਦੀ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਉਨ੍ਹਾਂ ਨੂੰ ਮਜਬੂਰਨ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਣਾ ਪਵੇਗਾ। ਇਸ ਮੌਕੇ ਬ੍ਰਾਂਚ ਨਕੋਦਰ ਦੇ ਸਾਰੇ ਕਰਮਚਾਰੀ ਹਾਜ਼ਰ ਸਨ।





# ਬਲਵਿੰਦਰ ਸਿੰਘ ਬੱਗਾ ਪਹਿਲਵਾਨ ਦੀ ਯਾਦ ਨੂੰ ਸਮਰਪਤ ਕੁਸ਼ਤੀ ਮੁਕਾਬਲੇ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਸਮੂਹ ਸ਼ੇਰਗਿੱਲ ਪਰਵਾਰ ਅਤੇ ਐਨ.ਆਰ.ਆਈ. ਵੀਰਾਂ ਵਲੋਂ ਬਲਵਿੰਦਰ ਸਿੰਘ ਬੱਗਾ ਪਹਿਲਵਾਨ ਦੀ ਮਿੱਠੀ ਯਾਦ ਨੂੰ ਸਮਰਪਿਤ ਮਹਾਨ ਕੁਸ਼ਤੀ ਦੰਗਲ ਮੁਕਾਬਲੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸ਼ਹੀਦ ਬਾਬਾ ਸੇਲਬਹਾਰ ਦੇ ਅਸਥਾਨ ਪਿੰਡ ਝੰਡੇਰ ਕਲਾਂ ਵਿਖੇ ਕਰਵਾਏ ਗਏ।ਅੰਤਰਰਾਸ਼ਟਰੀ ਪਹਿਲਵਾਨ ਅਤੇ ਕੁਸ਼ਤੀ ਦੇ ਤਕਨੀਕੀ ਮਾਹਿਰ ਅਮਰੀਕ ਸਿੰਘ ਮੇਹਲੀ ਨੇ ਦੱਸਿਆ ਕਿ ਪਰਮਜੀਤ ਸਿੰਘ ਪੰਮਾ ਕਨੇਡਾ ਦੇ ਵਿਸ਼ੇਸ਼ ਸਹਿਯੋਗ ਨਾਲ ਆਯੋਜਿਤ ਇਸ ਕੁਸ਼ਤੀ ਦੰਗਲ ਵਿਚ ਲੜਕੇ ਅਤੇ ਲੜਕੀਆਂ ਦੀਆਂ ਕੁਸ਼ਤੀਆਂ ਕਰਵਾਈਆਂ ਗਈਆਂ। ਪਟਕੇ ਦੀਆਂ ਤਿੰਨ ਕੁਸ਼ਤੀਆਂ ਵਿਚ ਮੋਹਿਤ ਖੰਨਾ ਨੇ ਬਲਤੇਜ ਮੁੰਡੀ ਕਨੇਡਾ ਨੂੰ ਹਰਾਇਆ, ਦਿਨੇਸ਼ ਮੇਹਲੀ ਨੇ ਨਵਤੇਜ ਮੁੰਡੀ ਕਨੇਡਾ ਅਤੇ ਕਰਨਵੀਰ ਮੇਹਲੀ ਨੇ ਉਦੈ ਕਨੇਡਾ ਨੂੰ ਸ਼ਿਕਸਤ ਦਿੱਤੀ। ਆਯੋਜਿਤ ਸਮਾਗਮ ਦੌਰਾਨ ਪੰਜਾਬ ਦੀਆਂ ਰਵਾਇਤੀ ਖੇਡਾਂ ਵੀ ਕਰਵਾਈਆਂ ਗਈਆਂ। ਜਿਸ ਵਿੱਚ ਛੋਟੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਜੇਤੂ ਬੱਚਿਆਂ ਨੂੰ ਮੈਡਲ ਅਤੇ ਨਗਦ ਰਾਸ਼ੀ ਭੇਂਟ ਕਰਕੇ ਹੌਸਲਾ ਅਫਜਾਈ ਕੀਤੀ ਗਈ। ਫਰੂਟ ਅਤੇ ਚਾਹ ਦੀ ਸੇਵਾ ਸ਼ੇਰਗਿੱਲ ਪਰਵਾਰ ਵਲੋਂ ਵਰਤਾਈ ਗਈ। ਇਸ ਮੌਕੇ ਹਰਜਿੰਦਰ ਸਿੰਘ ਕਨੇਡਾ ਹੱਪੋਵਾਲ, ਗੁਰਮੀਤ ਸਿੰਘ ਏ.ਐਸ.ਆਈ., ਰਵਿੰਦਰ ਨਾਥ ਕੋਚ, ਸਾਜਨ ਕੋਚ, ਕਮਲ ਕੋਚ, ਭੁਪਿੰਦਰ ਸਿੰਘ ਨੰਬਰਦਾਰ, ਲਖਵਿੰਦਰ ਸਿੰਘ ਲੱਖੀ ਯੂ.ਕੇ., ਦੀਪਾ, ਰਾਣਾ ਤੇ ਅਮਰੀਕ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਕੁਸ਼ਤੀ ਤੇ ਖੇਡ ਪ੍ਰੇਮੀ ਹਾਜਰ ਸਨ।

# ਦੇਸ਼ 'ਚ ਪੱਤਰਕਾਰਾਂ 'ਤੇ ਹਮਲੇ ਲਗਾਤਾਰ ਵਧ ਰਹੇ : ਪੀ ਸੀ ਜੇ ਯੂ

**ਬੰਗਾ (ਅਵਤਾਰ ਕਲੇਰ)**

ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੀ ਕਾਰਜਕਾਰਨੀ ਦੀ ਮੀਟਿੰਗ ਪ੍ਰਧਾਨ ਬਲਬੀਰ ਜੰਡੂ ਦੀ ਪ੍ਰਧਾਨਗੀ ਹੇਠ ਹੋਈ। ਪਿਛਲੇ ਦਿਨ ਛੱਤੀਸਗੜ੍ਹ ਦੇ ਪੱਤਰਕਾਰ ਸੁਰੇਸ਼ ਚੰਦਰਾਕਾਰ ਦਾ ਬੇਰਹਿਮੀ ਨਾਲ ਕਤਲ ਕਰਨ ਅਤੇ ਦਿੱਲੀ ਪੁਲਸ ਵਲੋਂ ਪੰਜਾਬ ਦੇ ਪੱਤਰਕਾਰਾਂ ਨਾਲ ਕੀਤੀ ਗਈ ਬਦਸਲੂਕੀ ਦੀ ਨਿੰਦਾ ਕੀਤੀ ਗਈ। ਇਸ ਮੌਕੇ ਪਿਛਲੇ ਦਿਨੀਂ ਦੁਨੀਆ ਤੋਂ ਰੁਖਸਤ ਹੋਏ ਪੱਤਰਕਾਰਾਂ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਰੱਖਿਆ ਗਿਆ। ਸੂਬੇ ਦੇ ਪੱਤਰਕਾਰਾਂ ਦੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਅਤੇ ਲੋਕ ਸੰਪਰਕ ਮੰਤਰੀ ਨੂੰ ਮਿਲਿਆ ਜਾਵੇਗਾ। ਮੰਗਾਂ ਜਲਦੀ ਮੰਨਣ 'ਤੇ ਜ਼ੋਰ ਦਿੱਤਾ ਜਾਵੇਗਾ। ਮੀਟਿੰਗ ਦੌਰਾਨ ਪਿਛਲੇ ਦਿਨਾਂ ਦੌਰਾਨ ਕੀਤੇ ਗਏ ਕਾਰਜਾਂ ਦਾ ਲੇਖਾ ਜੋਖਾ ਕੀਤਾ ਗਿਆ ਅਤੇ ਭਵਿੱਖ ਵਿਚ ਪੱਤਰਕਾਰ ਤੇ ਪੱਤਰਕਾਰੀ ਲਈ ਕੀਤੇ ਜਾਣ ਵਾਲੇ ਕਾਰਜਾਂ 'ਤੇ ਚਰਚਾ ਕੀਤੀ ਗਈ ਤੇ ਫੈਸਲਾ ਕੀਤਾ ਗਿਆ ਕਿ ਵੱਖ ਵੱਖ ਜ਼ਿਲ੍ਹਿਆਂ ਵਿਚ ਪੱਤਰਕਾਰਾਂ ਦੀ ਸੁਰੱਖਿਆ ਅਤੇ ਪੱਤਰਕਾਰੀ ਦੀ ਮੌਜੂਦਾ ਸਥਿਤੀ ਸਬੰਧੀ ਸੈਮੀਨਾਰ ਕਰਵਾਏ ਜਾਣਗੇ।ਮੈਂਬਰਾਂ (ਪੱਤਰਕਾਰਾਂ) ਦਾ ਸਮੂਹਿਕ ਸਿਹਤ ਬੀਮਾ ਕਰਨ ਅਤੇ ਪੱਤਰਕਾਰਾਂ ਦੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਅਤੇ ਲੋਕ ਸੰਪਰਕ ਮੰਤਰੀ ਨੂੰ ਮਿਲਿਆ ਜਾਵੇਗਾ।ਇਸ ਮੌਕੇ 'ਤੇ ਯੂਨੀਅਨ ਆਗੂਆਂ ਬਲਵਿੰਦਰ ਜੰਮੂ ਤੇ ਬਲਬੀਰ ਸਿੰਘ ਜੰਡੂ ਨੇ ਕਿਹਾ ਕਿ ਦੇਸ਼ ਵਿਚ ਪੱਤਰਕਾਰਾਂ 'ਤੇ ਹਮਲੇ ਲਗਾਤਾਰ ਵਧ ਰਹੇ ਹਨ। ਹੁਕਮਰਾਨ ਨਿਰਪੱਖ ਤੇ ਸਹੀ ਜਾਣਕਾਰੀ ਜਨਤਕ ਕਰਨ ਵਾਲੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਇਸ ਮੌਕੇ ਇੰਡੀਅਨ ਜਰਨਲਿਸਟਸ ਯੂਨੀਅਨ ਦੇ ਸਕੱਤਰ ਜਨਰਲ ਬਲਵਿੰਦਰ ਜੰਮੂ, ਕਾਰਜਕਾਰੀ ਪ੍ਰਧਾਨ ਜੈ ਸਿੰਘ ਛਿੱਬਰ, ਮੀਤ ਪ੍ਰਧਾਨ ਰਾਜਨ ਮਾਨ, ਜਨਰਲ ਸਕੱਤਰ ਭੂਸ਼ਨ ਸੂਦ, ਸਕੱਤਰ ਸੰਤੋਖ ਗਿੱਲ, ਹਰਮੇਸ਼ ਵਿਰਦੀ, ਭੁਪਿੰਦਰ ਮਲਿਕ, ਗਗਨਜੋਤ ਅਰੋੜਾ, ਸੁਖਨੈਬ ਸਿੱਧੂ, ਪਰਵਿੰਦਰ ਸਿੰਘ ਜੌੜਾ, ਸਰਬਜੀਤ ਭੱਟੀ, ਵੀਰਪਾਲ ਭਗਤਾ, ਦਵਿੰਦਰ ਸਿੰਘ ਭੰਗੂ ਸਮੇਤ ਹੋਰਾਂ ਨੇ ਵੀ ਵਿਚਾਰ ਪੇਸ਼ ਕੀਤੇ।



# ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੀ ਸਾਲਾਨਾ ਬਰਸੀ ਮੌਕੇ ਗੁਰਮਤਿ ਸਮਾਗਮ ਕਰਵਾਏ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਰਾਜਪੁਰ ਭਾਈਆਂ ਵਿਖੇ ਬ੍ਰਹਮ ਗਿਆਨੀ 108 ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੀ ਸਾਲਾਨਾ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ ਡੇਰੇ ਦੀ ਮੁੱਖ ਸੇਵਾਦਾਰ ਸੰਤ ਬਾਬਾ ਅਮਰਜੀਤ ਸਿੰਘ ਹਰਖੋਵਾਲ ਵਾਲਿਆਂ ਦੀ ਅਗਵਾਈ ਹੇਠ ਅਤੇ ਜਥੇਦਾਰ ਹਰਜਾਪ ਸਿੰਘ ਮੱਖਣ ਦੇ ਗ੍ਰਹਿ ਵਿਖੇ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਜਥੇਦਾਰ ਜਸਵੀਰ ਸਿੰਘ ਸੰਘਾ ਸਾਬਕਾ ਸਰਪੰਚ ਨੇ ਸਮਾਗਮ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਖੁੱਲੇ ਪੰਡਾਲ ਵਿੱਚ ਬਾਬਾ ਸੁਰਜੀਤ ਸਿੰਘ ਕਥਾਵਾਚਕ ਹਰਖੋਵਾਲ, ਭਾਈ ਮਨਜਿੰਦਰ ਸਿੰਘ ਹਜ਼ੂਰੀ ਰਾਗੀ ਡੇਰਾ ਸੰਤਗੜ੍ਹ ਹਰਖੋਵਾਲ, ਭਾਈ ਅਜੈਬ ਸਿੰਘ ਅਣਖੀ ਇੰਟਰਨੈਸ਼ਨਲ ਢਾਡੀ ਜਥਾ ਆਦਿ ਨੇ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਮਾਗਮ ਦੌਰਾਨ ਸੰਤ ਬਾਬਾ ਅਮਰਜੀਤ ਸਿੰਘ ਹਰਖੋਵਾਲ ,ਬਾਬਾ ਸੁਮਿੱਤਰ ਸਿੰਘ ਬਾਬਾ ਸੁਰਜੀਤ ਸਿੰਘ ਕਥਾਵਾਚਕ ਹਰਖੋਵਾਲ, ਜਥੇਦਾਰ ਹਰਜਾਪ ਸਿੰਘ ਮੱਖਣ, ਜਥੇਦਾਰ ਜਸਵੀਰ ਸਿੰਘ ਸੰਘਾ ਸਾਬਕਾ ਸਰਪੰਚ, ਨਰਿੰਦਰ ਸਿੰਘ ਸੰਘਾ, ਲੰਬਰਦਾਰ ਸੁਖਵਿੰਦਰ ਸਿੰਘ ਸੱਤਾ, ਬਲਵੀਰ ਸਿੰਘ, ਸੁਖਦੇਵ ਸਿੰਘ ਸਾਬਕਾ ਸਰਪੰਚ, ਪ੍ਰੀਤਮ ਸਿੰਘ ਅਮਰਜੀਤ ਸਿੰਘ ਸੰਘਾ, ਮਨਜੀਤ ਸਿੰਘ ਸੈਕਟਰੀ, ਜਸਵੀਰ ਸਿੰਘ, ਜਸਪ੍ਰੀਤ ਸਿੰਘ ਸੰਘਾ, ਮਾਸਟਰ ਪਲਵਿੰਦਰ ਸਿੰਘ, ਸਰਪੰਚ ਸਰਬਜੀਤ ਕੌਰ ਆਦਿ ਹਾਜਰ ਸਨ।



# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੀਗਲ ਏਡ ਸੰਬੰਧੀ ਸੈਮੀਨਾਰ



**ਫਗਵਾੜਾ, (ਡਾ. ਰਮਨ)**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ. ਮੋਹਾਲੀ ਵਲੋਂ ਜਾਰੀ ਕੀਤੇ ਗਏ ਐਕਸ਼ਨ ਪਲਾਨ ਵਿਚ ਦਿੱਤੇ ਗਏ ਪ੍ਰੋਗਰਾਮਾਂ ਦੀ ਲੜੀ ਤਹਿਤ ਅਤੇ ਹਰਪਾਲ ਸਿੰਘ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਕਪੂਰਥਲਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਵਿਖੇ ਇੰਟਨੈਸ਼ਨਲ ਡੇਅ ਆਫ ਜ਼ੀਰੋ ਟਾਲਰੈਂਸ ਫਾਰ ਫਿਮੇਲ ਜੈਨੀਟਲ ਮੂਟੀਲੇਸ਼ਨ ਅਤੇ ਸੈਕਸੂਅਲ ਹਰਾਸਮੈਂਟ ਫਾਰ ਵੂਮੇਨ 2015 ਅਧੀਨ ਲੀਗਲ ਲਿਟਰੇਸੀ ਕੈਂਪ ਲਗਾਇਆ ਗਿਆ। ਲੀਗਲ ਲਿਟਰੇਸੀ ਕੈਂਪ ਦੀ ਸ਼ੁਰੂਆਤ ਵਿਚ ਲਵਲੀ ਸਕੂਲ ਆਫ ਲਾਅ ਦੇ ਐਚ.ਓ.ਡੀ ਪ੍ਰੋ. ਸੁਨੀਲ ਕੁਮਾਰ ਅਤੇ ਡਾ.ਨੀਰੂ ਮਿੱਤਲ ਵਲੋਂ ਜੀ ਆਇਆ ਨੂੰ ਕਿਹਾ ਗਿਆ ਲੀਗਲ ਲਿਟਰੇਸੀ ਕੈਂਪ ਦੌਰਾਨ ਸ੍ਰੀਮਤੀ ਰਾਜਵੰਤ ਕੌਰ ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ- ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਕਪੂਰਥਲਾ ਵਲੋਂ ਲੀਗਲ ਲਿਟਰੇਸੀ ਦੇ ਸੈਮੀਨਾਰ ਦੌਰਾਨ ਹਾਜ਼ਰ ਵਿਦਿਆਰਥੀਆਂ ਦੇ ਇਕੱਠ ਨੂੰ ਨਾਲਸਾ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਅਤੇ ਵਿਕਟਿਮ ਕੰਪਨਸੈਸ਼ਨ ਸਕੀਮ ਅਤੇ ਸੈਕਸੂਅਲ ਹਰਾਸਮੈਂਟ ਫਾਰ ਵੂਮੇਨ ਐਟ ਵਰਕਪਲੇਸ ਐਕਟ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਇਸ ਤੋਂ ਇਲਾਵਾ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਵਿਦਿਆਰਥੀਆਂ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ । ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ ਨੇ ਦੱਸਿਆ ਕਿ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਕੈਂਪਸ ਵਿਖੇ ਲੀਗਲ ਏਡ ਕਲੀਨਿਕ ਵੀ ਸਥਾਪਿਤ ਕੀਤਾ ਗਿਆ ਜੇਕਰ ਕਿਸੇ ਵੀ ਵਿਦਿਆਰਥੀ ਜਾਂ ਅਧਿਆਪਕ ਨੂੰ ਕਿਸੇ ਵੀ ਤਰਾਂ ਦੀ ਮੁਫ਼ਤ ਕਾਨੂੰਨੀ ਸਹਾਇਤਾ ਦੀ ਲੋੜ ਪੈਂਦੀ ਹੈ ਤਾਂ ਉਹ ਲੀਗਲ ਏਡ ਕਲੀਨਿਕ ਵਿਖੇ ਆ ਕੇ ਸੰਪਰਕ ਕਰ ਸਕਦਾ ਹੈ ਜਾਂ ਫਿਰ ਨਾਲਸਾ ਦੇ ਟੋਲ ਫ੍ਰੀ ਨੰਬਰ 15100 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਵਿਦਿਆਰਥੀਆਂ ਤੇ ਯੂਨੀਵਰਸਿਟੀ ਦੇ ਸਟਾਫ਼ ਨੂੰ ਸੰਬੋਧਨ ਕਰਦਿਆਂ ਕਿਹਾ ਕਿ 8 ਮਾਰਚ 2025 ਨੂੰ ਜ਼ਿਲ੍ਹਾ ਕਪੂਰਥਲਾ, ਫਗਵਾੜਾ, ਸੁਲਤਾਨਪੁਰ ਲੋਧੀ ਅਤੇ ਭੁਲੱਥ ਦੀਆਂ ਅਦਾਲਤਾਂ ਵਿਚ ਲੋਕ ਅਦਾਲਤ ਲਗਾਈ ਜਾ ਰਹੀ ਹੈ। ਇਸ ਮੌਕੇ ਮਿਸ ਸੋਨਾਲੀ ਸਿਵਲ ਜੱਜ (ਜੂ.ਡੀ) (ਅੰਡਰ ਟ੍ਰੇਨਿੰਗ), ਸ੍ਰੀਮਤੀ ਵਿਭੂਤੀ ਸਹਾਇਕ ਲੀਗਲ ਏਡ ਡਿਫੈਂਸ ਕਾਊਂਸਲ ਤੋਂ ਇਲਾਵਾ ਵਿਦਿਆਰਥੀ ਤੇ ਅਧਿਆਪਕ ਹਾਜ਼ਰ ਸਨ।

# ਲੋਕਾਂ ਨਾਲ ਠੱਗੀਆਂ ਮਾਰਨ ਵਾਲੇ ਏਜੰਟਾਂ ਨੂੰ ਸਰਕਾਰ ਫੌਰੀ ਗ੍ਰਿਫਤਾਰ ਕਰੇ : ਚੰਦਰ ਸ਼ੇਖਰ

**ਖਰੜ (ਹਰਨਾਮ ਸਿੰਘ ਡੱਲਾ)**- ਅਮਰੀਕਾ ਵੱਲੋਂ ਡਿਪੋਰਟ ਕੀਤੇ ਗਏ ਪਹਿਲੇ ਜਥੇ ਦੇ 104 ਲੋਕਾਂ ਦੀ ਦਰਦਨਾਕ ਵਿੱਥਿਆ ਸੁਣੀ ਨਹੀਂ ਜਾਂਦੀ ਕਿ ਉਨ੍ਹਾਂ ਨੂੰ ਏਜੰਟਾਂ ਨੇ ਕਿਵੇਂ ਲੁੱਟਿਆ ਅਤੇ ਰਾਹਾਂ ਵਿੱਚ ਮੁਸੀਬਤਾਂ ਵਿਚ ਧੱਕਿਆ ਸੀ। ਇੱਕ-ਇੱਕ ਤੋਂ 30 ਤੋਂ ਲੈ ਕੇ 50 ਲੱਖ ਰੁਪਏ ਤੱਕ ਦੀਆਂ ਰਕਮਾਂ ਠੱਗੀਆਂ ਗਈਆਂ। ਅਮਰੀਕਾ ਜਾਂ ਕਨੇਡਾ ਭੇਜਣ ਲਈ ਕਈ -ਕਈ ਦੇਸ਼ਾਂ ਵਿੱਚੋਂ ਗੁਜ਼ਰਨਾ ਪਿਆ। ਸਮੁੰਦਰੀ ਕਿਸ਼ਤੀਆਂ, ਲੰਮੇ ਪਹਾੜੀ ਤੇ ਜੰਗਲੀ ਪੈਦਲ ਪੈਂਡੇ ਪਾਰ ਕਰਨੇ ਪਏ, ਉਹ ਕਿਵੇਂ ਭੁੱਖੇ-ਭਾਣੇ ਰਹਿਣ ਲਈ ਮਜਬੂਰ ਕੀਤੇ ਗਏ ਅਤੇ ਅੰਤ ਗ੍ਰਿਫਤਾਰੀਆਂ ਤੋਂ ਬਾਅਦ ਅਮਰੀਕਾ ਦੀਆਂ ਜੇਲ੍ਹਾਂ ਵਿੱਚ ਉਨ੍ਹਾਂ ਉੱਤੇ ਅਣਮਨੁੱਖੀ ਜਬਰ ਢਾਹਿਆ ਗਿਆ। ਅਖੀਰ ਟਰੰਪ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਹੱਥਕੜੀਆਂ ਅਤੇ ਬੇੜੀਆਂ ਵਿੱਚ ਜਕੜ ਕੇ ਅੰਮ੍ਰਿਤਸਰ ਦੇ ਹਵਾਈ ਅੱਡੇ ਉੱਤੇ ਲਿਆ ਲਾਹ ਮਾਰਿਆ। ਮੋਦੀ ਸਰਕਾਰ ਅਮਰੀਕਾ ਦੀ ਧੌਂਸਬਾਜ਼ੀ ਸਾਹਮਣੇ ਨਤਮਸਤਕ ਹੋ ਕੇ ਆਤਮ ਸਮਰਪਣ ਕਰ ਚੁੱਕੀ ਹੈ, ਜਿਸ ਕਰਕੇ ਉਹ ਕੋਈ ਵੀ ਕਦਮ ਚੁੱਕਣ ਲਈ ਨਕਾਰਾ ਸਾਬਤ ਹੋਈ ਹੈ। ਦੂਜੇ ਪਾਸੇ ਪੰਜਾਬ ਦੀ ਆਪ ਸਰਕਾਰ ਸਮੇਤ ਹੋਰ ਰਾਜ ਸਰਕਾਰਾਂ ਵੱਲੋਂ ਅੱਤਿਆਚਾਰੀ ਡਾਕੂਆਂ ਦੀ ਤਰ੍ਹਾਂ ਬਿਨਾਂ ਡਰ ਭੈਅ ਦੇ ਕੰਮ ਕਰ ਰਹੇ ਏਜੰਟਾਂ ਵਿਰੁੱਧ ਕੁਝ ਵੀ ਕਰਨ ਲਈ ਤਿਆਰ ਨਹੀਂ। ਸੀਟੂ ਦੀ ਪੰਜਾਬ ਇਕਾਈ ਮਾਨ ਸਰਕਾਰ ਤੋਂ ਮੰਗ ਕਰਦੀ ਹੈ ਕਿ ਜਿਹੜੇ ਜਿਹੜੇ ਟਰੈਵਲ ਏਜੰਟਾਂ ਵੱਲੋਂ ਵਾਪਸ ਆਏ ਵਰਕਰ ਭੇਜੇ ਗਏ ਸਨ, ਉਨ੍ਹਾਂ ਨੂੰ ਫੌਰੀ ਗ੍ਰਿਫਤਾਰ ਕਰੇ ਅਤੇ ਅਗਲੀ ਸਖਤ ਕਾਰਵਾਈ ਦੇ ਨਾਲ ਉਨ੍ਹਾਂ ਵੱਲੋਂ ਲੁੱਟੀਆਂ ਗਈਆਂ ਲੱਖਾਂ ਦੀਆਂ ਰਕਮਾਂ ਵਾਪਸ ਕਰਵਾਉਣ ਦੀ ਗਰੰਟੀ ਕੀਤੀ ਜਾਵੇ। ਸੀਟੂ ਆਗੂਆਂ ਸੀਟੂ ਦੀ ਆਲ ਇੰਡੀਆ ਸਕੱਤਰ ਭੈਣ ਊਸ਼ਾ ਰਾਣੀ, ਸੂਬਾਈ ਪ੍ਰਧਾਨ ਸਾਥੀ ਮਹਾਂ ਸਿੰਘ ਰੌੜੀ, ਸੂਬਾਈ ਜਨਰਲ ਸਕੱਤਰ ਸਾਥੀ ਚੰਦਰ ਸ਼ੇਖਰ, ਸੂਬਾ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਸੰਬੰਧਤ ਏਜੰਟ ਬਾਹਰਲੇ ਦੇਸ਼ਾਂ ਵਿੱਚ ਖਿਸਕਣ ਵਿਚ ਕਾਮਯਾਬ ਹੋ ਜਾਣ ਉਨ੍ਹਾਂ ਨੂੰ ਇੱਕ ਦਮ ਗ੍ਰਿਫਤਾਰ ਕੀਤਾ ਜਾਵੇ।

# ਟੀ ਬੀ ਮਰੀਜ਼ਾਂ ਨੂੰ ਰਾਸ਼ਨ ਵਾਲੀਆਂ ਕਿੱਟਾਂ ਸੌਂਪੀਆਂ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਪੁਰੀਆ)**

ਸਰਕਾਰ ਵੱਲੋਂ ਚਲਾਏ ਜਾ ਰਹੇ ਨਿਕਸ਼ੈ ਮਿੱਤਰਾ ਪ੍ਰਾਜੈਕਟ ਤਹਿਤ ਟੀ ਬੀ ਦੇ ਮਰੀਜ਼ਾਂ ਨੂੰ ਸਥਾਨਕ ਸਿਵਲ ਹਸਪਤਾਲ ਨਵਾਂਸ਼ਹਿਰ ਡਾਕਟਰ ਅੰਬੇਡਕਰ ਮਿਸ਼ਨ ਟਰੱਸਟ ਗੜ੍ਹਸ਼ੰਕਰ ਪ੍ਰਧਾਨ ਡਾ. ਅਵਤਾਰ ਸਿੰਘ, ਐਸ ਐਮ ਓ ਡਾ. ਸਤਵਿੰਦਰ ਪਾਲ ਸਿੰਘ ਨਵਾਂਸ਼ਹਿਰ, ਐਮ ਡੀ ਮੈਡੀਸਨ ਸਪੈਸ਼ਲਿਸਟ ਡਾ. ਨਿਰਮਲ ਕੁਮਾਰ ਨੇ ਰਾਸ਼ਨ ਵਾਲੀਆਂ ਕਿੱਟਾਂ ਮਰੀਜ਼ਾਂ ਨੂੰ ਸੌਂਪੀਆਂ। ਟੀ ਬੀ ਇੰਚਾਰਜ ਮੈਡੀਸਨ ਸਪੈਸ਼ਲਿਸਟ ਡਾ. ਨਿਰਮਲ ਕੁਮਾਰ ਵਿਸ਼ੇਸ਼ ਟੀ ਬੀ ਜਾਗਰੂਕਤਾ ਮੁਹਿੰਮ ਤਹਿਤ ਸਿਹਤ ਵਿਭਾਗ ਦਾ ਸਹਿਯੋਗ ਦਿੰਦਿਆਂ ਡਾਕਟਰ ਅੰਬੇਡਕਰ ਮਿਸ਼ਨ ਟਰੱਸਟ ਗੜ੍ਹਸ਼ੰਕਰ ਵੱਲੋਂ ਸਿਵਲ ਹਸਪਤਾਲ ਨਵਾਂਸ਼ਹਿਰ ਟੀ ਬੀ ਦੇ ਮਰੀਜ਼ਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ। ਮੈਡੀਸਨ ਸਪੈਸ਼ਲਿਸਟ ਡਾ. ਨਿਰਮਲ ਕੁਮਾਰ ਨੇ ਕਿਹਾ ਕਿ ਸਮਾਜ ਸੇਵੀ ਡਾਕਟਰ ਅੰਬੇਡਕਰ ਮਿਸ਼ਨ ਟਰੱਸਟ ਗੜ੍ਹਸ਼ੰਕਰ ਵੱਲੋਂ ਮਰੀਜ਼ਾਂ ਦੇ ਹਿੱਤ ਵਿਚ ਇਹ ਉਪਰਾਲਾ ਸ਼ਲਾਘਾਯੋਗ ਕੰਮ ਹੈ। ਸਾਰੀਆਂ ਸਮਾਜਸੇਵੀ ਸੰਸਥਾਵਾਂ ਨੂੰ ਗਰੀਬ ਅਤੇ ਲੋੜਵੰਦ ਵਿਅਕਤੀਆਂ ਦੀ ਸਹਾਇਤਾ ਲਈ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਟੀ ਬੀ ਦੀ ਬਿਮਾਰੀ ਪੂਰੀ ਤਰਾਂ ਇਲਾਜ ਯੋਗ ਹੈ ਬਸ਼ਰਤੇ ਮਰੀਜ਼ ਡਾਕਟਰ ਦੀ ਸਲਾਹ ਅਨੁਸਾਰ ਦਵਾਈ ਦਾ ਸੇਵਨ, ਜਾਂਚ, ਪੌਸ਼ਟਿਕ ਖੁਰਾਕ ਵੱਲ ਵਿਸ਼ੇਸ਼ ਧਿਆਨ ਦੇਵੇ ਅਤੇ ਸ਼ਰਾਬ-ਤੰਬਾਕੂ ਦੇ ਸੇਵਨ ਤੋਂ ਗੁਰੇਜ਼ ਕੀਤਾ ਜਾਵੇ। ਮੈਡੀਕਲ ਅਫਸਰ ਡਾ. ਸਤਵਿੰਦਰ ਪਾਲ ਬਿੱਟੂ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਦੇਸ਼ ਨੂੰ ਟੀ ਬੀ ਮੁਕਤ ਬਣਾਉਣ ਦੇ ਮਿੱਥੇ ਟੀਚੇ ਅਨੁਸਾਰ ਜ਼ਿਲ੍ਹਾ ਨਵਾਂਸ਼ਹਿਰ ਵਿਚ ਟੀ ਬੀ ਵਿਭਾਗ ਮਰੀਜ਼ਾਂ ਨੂੰ ਵਧੀਆ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਹਰ ਸੰਭਵ ਉਪਰਾਲਾ ਕਰ ਰਿਹਾ ਹੈ। ਇਸ ਮੌਕੇ ਡਾਕਟਰ ਅੰਬੇਡਕਰ ਮਿਸ਼ਨ ਟਰੱਸਟ ਗੜ੍ਹਸ਼ੰਕਰ ਪ੍ਰਧਾਨ ਡਾ. ਅਵਤਾਰ ਸਿੰਘ ਨੇ ਕਿਹਾ ਕਿ ਦੀਨ ਦੁਖੀਆਂ ਤੇ ਜ਼ਰੂਰਤਮੰਦਾਂ ਦੀ ਸਹਾਇਤਾ ਕਰਨਾ ਰੱਬ ਦੀ ਸੇਵਾ ਕਰਨ ਦੇ ਬਰਾਬਰ ਹੈ, ਸੋ ਸਾਨੂੰ ਸਭ ਨੂੰ ਇਹ ਕਾਰਜ ਕਰਨੇ ਚਾਹੀਦੇ ਹਨ। ਡਾ. ਨਿਰਮਲ ਕੁਮਾਰ, ਬਲਵੀਰ ਕੌਰ ਨੇ ਵੀ ਵਿਚਾਰ ਰੱਖੇ।



8-Feb- PAGE 9.qxd 2/7/2025 11:06 PM Page 1



# ਬੁੱਧੋ ਬਰਕਤ ਜੰਗਲਾਤ ਦੀ ਜ਼ਮੀਨ 'ਚ ਹੋਏ ਕਤਲ ਦੇ ਕਥਿਤ ਦੋਸ਼ੀ ਗ੍ਰਿਫ਼ਤਾਰ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ, ਓ ਪੀ ਰਾਣਾ)**

ਸੁਰੇਂਦਰ ਲਾਂਬਾ ਸੀਨੀਅਰ ਕਪਤਾਨ ਪੁਲਸ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ 'ਤੇ ਸ਼ਿਕੰਜਾ ਕੱਸਦੇ ਹੋਏ ਐਸ ਪੀ ਮੇਜਰ ਸਿੰਘ ਢੱਡਾ, ਬਲਵਿੰਦਰ ਸਿੰਘ ਜੋੜਾ ਉਪ ਕਪਤਾਨ ਪੁਲਸ ਸਬ-ਡਵੀਜ਼ਨ ਦਸੂਹਾ ਦੀ ਨਿਗਰਾਨੀ ਹੇਠ ਮੁੱਖ ਅਫਸਰ ਥਾਣਾ ਦਸੂਹਾ ਵਲੋਂ ਇੱਕ ਫਰਵਰੀ ਨੂੰ ਪਿੰਡ ਬੁੱਧੋਬਰਕਤ ਵਿਖੇ ਜੰਗਲਾਤ ਦੀ ਜ਼ਮੀਨ ਵਿੱਚ ਬਲਵਿੰਦਰ ਸਿੰਘ ਪੁੱਤਰ ਨਾਨਕ ਸਿੰਘ ਵਾਸੀ ਬਾਕਰਪੁਰ, ਥਾਣਾ ਭੁਲੱਥ ਜ਼ਿਲ੍ਹਾ ਕਪੂਰਥਲਾ ਦੇ ਕਤਲ ਸਬੰਧੀ ਸੂਚਨਾ ਮਿਲਣ 'ਤੇ ਥਾਣਾ ਦਸੂਹਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਸੀ ਅਤੇ ਮੁਕੱਦਮੇ ਵਿੱਚ ਲੋੜੀਂਦੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਸੀ। ਉਕਤ ਟੀਮਾਂ ਵਲੋਂ ਤਫਤੀਸ਼ ਕਰਦੇ ਹੋਏ ਉਕਤ ਮੁਕੱਦਮੇ ਵਿੱਚ ਲੋੜੀਂਦੇ ਕਥਿਤ ਦੋਸ਼ੀਆਂ ਰਮੇਸ਼ ਕੁਮਾਰ ਪੁੱਤਰ ਠਾਕੁਰ ਦਾਸ, ਨਰਿੰਦਰਪਾਲ ਉਰਫ ਨਿੰਦੀ ਪੁੱਤਰ ਰਮੇਸ਼ ਕੁਮਾਰ ਵਾਸੀਆਨ ਪਿੰਡ ਪੱਸੀ ਬੇਟ ਥਾਣਾ ਦਸੂਹਾ ਅਤੇ ਜੋਧਾ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਅਰਗੋਵਾਲ ਥਾਣਾ ਗੜ੍ਹਦੀਵਾਲਾ ਨੂੰ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਐਸ ਪੀ ਪੀ ਵੀ ਆਈ ਮੇਜਰ ਸਿੰਘ ਢੱਡਾ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਮੁਦਈ ਸੁਰਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਬਾਕਰਪੁਰ ਨੇ ਆਪਣੇ ਬਿਆਨਾਂ ਵਿਚ ਲਿਖਵਾਇਆ ਕਿ ਮੈਂ ਆਪਣੇ ਲੜਕੇ ਨੂੰ ਮਿਲਣ ਵਾਸਤੇ ਅਕਤੂਬਰ 2024 ਵਿੱਚ ਕੈਨੇਡਾ ਗਈ ਹੋਈ ਸੀ ਅਤੇ ਉਸ ਦਾ ਪਤੀ ਬਲਵਿੰਦਰ ਸਿੰਘ ਸਪੇਨ ਵਿਖੇ ਪੀ ਆਰ ਸੀ ਜੋ ਕਿ 20 ਜਨਵਰੀ ਨੂੰ ਭਾਰਤ ਆਇਆ ਸੀ, ਨੇ ਉਸ ਨੂੰ ਫੋਨ 'ਤੇ ਦੱਸਿਆ ਕਿ ਉਸ ਦੀ ਜ਼ਮੀਨ ਖਰੀਦਣ ਦੀ ਗੱਲਬਾਤ ਰਮੇਸ਼ ਕੁਮਾਰ ਅਤੇ ਨਰਿੰਦਰ ਪਾਲ ਉਰਫ ਨਿੰਦੀ ਨਾਲ ਚੱਲਦੀ ਹੈ ਅਤੇ ਉਸ ਨੇ ਉਹਨਾਂ ਦੇ ਖਾਤਿਆਂ ਵਿੱਚ 2 ਲੱਖ 80 ਹਜ਼ਾਰ ਰੁਪਏ ਪਾਏ ਸਨ ਪਰੰਤੂ ਉਹ ਰਜਿਸਟਰੀ ਕਰਾਉਣ ਲਈ ਆਨਾਕਾਨੀ ਕਰਦੇ ਹਨ। ਇਸ ਲਈ ਉਸ ਦਾ ਪਤੀ 21 ਜਨਵਰੀ 2025 ਨੂੰ ਆਪਣਾ ਮੋਟਰਸਾਈਕਲ ਲੈ ਕੇ ਪਿੰਡ ਪੱਸੀ ਬੇਟ ਦਸੂਹਾ ਵਿਖੇ ਰਮੇਸ਼ ਕੁਮਾਰ ਅਤੇ ਨਰਿੰਦਰ ਪਾਲ ਉਰਫ ਨਿੰਦੀ ਨੂੰ ਮਿਲਣ ਗਿਆ ਸੀ। ਜਦੋਂ ਉਸ ਨੇ ਆਪਣੇ ਪਤੀ ਨੂੰ ਵਿਦੇਸ਼ ਤੋਂ ਫੋਨ ਕੀਤੇ ਤਾਂ ਉਸ ਦੇ ਪਤੀ ਦਾ ਫੋਨ ਬੰਦ ਆ ਰਿਹਾ ਸੀ ਅਤੇ ਫੇਰ ਉਸ ਦੇ ਭਤੀਜੇ ਅਮਰਜੀਤ ਸਿੰਘ ਪੁੱਤਰ ਕਰਨੈਲ ਸਿੰਘ ਨੇ ਥਾਣਾ ਭੁਲੱਥ ਵਿਖੇ 27 ਜਨਵਰੀ 2025 ਨੂੰ ਉਸ ਦੇ ਪਤੀ ਬਲਵਿੰਦਰ ਸਿੰਘ ਦੀ ਗੁੰਮਸ਼ੁਦਗੀ ਲਿਖਵਾਈ ਸੀ ਅਤੇ ਸੋਸ਼ਲ ਮੀਡੀਆ 'ਤੇ ਆਪਣੇ ਪਤੀ ਦੀ ਗੁੰਮਸ਼ੁਦਗੀ ਦੀ ਫੋਟੋ ਪਾਈ ਸੀ ਜੋ ਕਿ 1 ਫਰਵਰੀ 2025 ਨੂੰ ਪਿੰਡ ਗਾਲੋਵਾਲ ਦੇ ਸਾਬਕਾ ਸਰਪੰਚ ਲਖਵਿੰਦਰ ਸਿੰਘ ਨੇ ਫੋਨ 'ਤੇ ਉਸ ਨੂੰ ਦੱਸਿਆ ਕਿ ਜਿਹੜੀ ਵੀਡੀਉ ਵਾਇਰਲ ਹੋਈ ਹੈ ਇਸ ਤਰ੍ਹਾਂ ਦੇ ਹੁਲੀਏ ਦੀ ਡੈਡ ਬਾਡੀ ਪਿੰਡ ਬੁੱਧੋਬਰਕਤ ਵਿਖੇ ਜੰਗਲਾਤ ਦੀ ਜ਼ਮੀਨ ਵਿੱਚ ਪਈ ਹੈ ਅਤੇ ਉਕਤ ਡੈਡ ਬਾਡੀ 'ਤੇ ਕਾਫੀ ਸੱਟਾਂ ਲੱਗੀਆਂ ਹੋਈਆਂ ਸਨ। ਉਕਤ ਡੈਡ ਬਾਡੀ ਦਸੂਹਾ ਪੁਲਸ ਨੇ ਆਪਣੇ ਕਬਜ਼ੇ ਵਿੱਚ ਲੈ ਕੇ ਕਾਰਵਾਈ ਲਈ ਸਿਵਲ ਹਸਪਤਾਲ ਦਸੂਹਾ ਮੋਰਚਰੀ ਵਿੱਚ ਰੱਖੀ ਹੈ। ਸ਼ਨਾਖਤ ਕਰਨ 'ਤੇ ਉਕਤ ਡੈਡ ਬਾਡੀ ਉਸ ਦੇ ਪਤੀ ਬਲਵਿੰਦਰ ਸਿੰਘ ਦੀ ਪਾਈ ਗਈ ਤੇ ਉਸ ਨੂੰ ਪੂਰਾ ਯਕੀਨ ਹੈ ਕਿ ਰਮੇਸ਼ ਕੁਮਾਰ ਅਤੇ ਨਰਿੰਦਰਪਾਲ ਉਰਫ ਨਿੰਦੀ ਵਾਸੀਆਨ ਪੱਸੀ ਬੇਟ ਨੇ 2 ਲੱਖ 80 ਹਜ਼ਾਰ ਰੁਪਏ ਹੜੱਪ ਕਰਨ ਦੀ ਖਾਤਰ ਹੀ ਉਸ ਦੇ ਪਤੀ ਬਲਵਿੰਦਰ ਸਿੰਘ ਦਾ ਕਤਲ ਕੀਤਾ ਹੈ।ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਰਮੇਸ਼ ਕੁਮਾਰ ਪੁੱਤਰ ਠਾਕਰ ਦਾਸ, ਨਰਿੰਦਰਪਾਲ ਸਿੰਘ ਉਰਫ ਨਿੰਦੀ ਪੁੱਤਰ ਰਮੇਸ਼ ਕੁਮਾਰ ਵਾਸੀਆਨ ਪਿੰਡ ਪੱਸੀ ਬੇਟ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਹਨਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਉਕਤ ਕਥਿਤ ਦੋਸ਼ੀਆਂ ਨੇ ਪੁੱਛਗਿੱਛ ਦੌਰਾਨ ਕਥਿਤ ਦੋਸ਼ੀ ਨਰਿੰਦਰਪਾਲ ਸਿੰਘ ਉਰਫ ਨਿੰਦੀ ਉਕਤ ਨੇ ਦੋਸ਼ ਕਬੂਲ ਕੀਤਾ ਕਿ ਉਸ ਨਾਲ ਉਕਤ ਵਾਰਦਾਤ ਵਿੱਚ ਮ੍ਰਿਤਕ ਦੀ ਲਾਸ਼ ਨੂੰ ਖੁਰਦ ਬੁਰਦ ਕਰਨ ਸਮੇਂ ਜੋਧਾ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਅਰਗੋਵਾਲ ਵੀ ਉਹਨਾਂ ਦੇ ਨਾਲ ਸੀ। ਜਿਸ 'ਤੇ ਜੋਧਾ ਸਿੰਘ ਨੂੰ ਮੁਕੱਦਮਾ ਵਿੱਚ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ। ਕਥਿਤ ਦੋਸ਼ੀ ਨਰਿੰਦਰਪਾਲ ਸਿੰਘ ਉਰਫ ਨਿੰਦੀ ਉਕਤ ਵਲੋਂ ਵਾਰਦਾਤ ਸਮੇਂ ਵਰਤਿਆ ਕੁਹਾੜਾ ਵਗੈਰਾ ਵੀ ਬਰਾਮਦ ਕੀਤਾ ਜਾ ਚੁੱਕਾ ਹੈ। ਜਿਹਨਾਂ ਪਾਸੋਂ ਮ੍ਰਿਤਕ ਦਾ ਮੋਟਰਸਾਈਕਲ, ਉਸ ਦਾ ਪਰਸ ਅਤੇ ਮੋਬਾਇਲ ਫੋਨ ਬਰਾਮਦ ਕਰਨਾ ਬਾਕੀ ਹੈ



## ਦਿੱਲੀ 'ਵਰਸਿਟੀ ਦੇ ਵਿਦਿਆਰਥੀ ਕਾਰਕੁਨਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ : ਜਮਹੂਰੀ ਫਰੰਟ

**ਬੰਗਾ (ਅਵਤਾਰ ਕਲੇਰ)**-ਇੱਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਉਪਰੇਸ਼ਨ ਗ੍ਰੀਨ ਹੰਟ ਵਿਰੋਧੀ ਫਰੰਟ ਦੇ ਸੂਬਾਈ ਆਗੂਆਂ ਡਾ.ਪਰਮਿੰਦਰ, ਪ੍ਰੋਫੈਸਰ ਏ ਕੇ ਮਲੇਰੀ ਅਤੇ ਬੂਟਾ ਸਿੰਘ ਮਹਿਮੂਦਪੁਰ ਨੇ ਦਿੱਲੀ ਪੁਲਿਸ ਵੱਲੋਂ ਦਿੱਲੀ ਯੂਨੀਵਰਸਿਟੀ ਦੇ 'ਸ਼ਹੀਦ ਭਗਤ ਸਿੰਘ ਛਾਤਰ ਏਕਤਾ ਮੰਚ' ਨਾਲ ਸੰਬੰਧਤ ਚਾਰ ਵਿਦਿਆਰਥੀ ਕਾਰਕੁੰਨਾਂ – ਗੌਰਵ, ਗੌਰੰਗ, ਕਿਰਨ ਅਤੇ ਰਾਹੁਲ – ਨੂੰ ਬਸਤਰ ਵਿਚ ਕੀਤੇ ਜਾ ਰਹੇ ਕਤਲੇਆਮ ਵਿਰੁੱਧ ਦੀਵਾਰ ਚਿੱਤਰ ਬਣਾਉਣ ਸਮੇਂ ਗ੍ਰਿਫਤਾਰ ਕਰਨ, ਵਸੰਤ ਕੁੰਜ ਥਾਣੇ ਵਿਚ ਗ਼ੈਰ ਕਾਨੂੰਨੀ ਹਿਰਾਸਤ ਵਿਚ ਰੱਖਣ ਅਤੇ ਹਿਰਾਸਤ ਵਿਚ ਐੱਨ ਆਈ ਏ ਤੇ ਹੋਰ ਖੁਫੀਆ ਏਜੰਸੀਆਂ ਵੱਲੋਂ ਉਨ੍ਹਾਂ ਉੱਪਰ ਤਸ਼ੱਦਦ ਕਰਨ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਬਸਤਰ ਵਿਚ ਸੁਰੱਖਿਆ ਬਲਾਂ ਵੱਲੋਂ 'ਓਪਰੇਸ਼ਨ ਕਗਾਰ' ਤਹਿਤ ਇਨਕਲਾਬੀ ਕਾਰਕੁੰਨਾਂ ਅਤੇ ਆਦਿਵਾਸੀਆਂ ਦਾ 'ਮੁਕਾਬਲਿਆਂ' ਵਿਚ ਬੇਰਹਿਮੀ ਨਾਲ ਕਤਲੇਆਮ ਕੀਤਾ ਜਾ ਰਿਹਾ ਹੈ। ਆਦਿਵਾਸੀ ਲੋਕ ਕਾਰਪੋਰੇਟ ਪ੍ਰੋਜੈਕਟਾਂ ਅਤੇ ਇਨ੍ਹਾਂ ਦੀ ਰਾਖੀ ਲਈ ਬਣਾਏ ਜਾ ਰਹੇ ਸੁਰੱਖਿਆ ਬਲਾਂ ਦੇ ਕੈਂਪਾਂ ਦਾ ਸਖਤ ਵਿਰੋਧ ਕਰ ਰਹੇ ਹਨ। ਆਗੂਆਂ ਨੇ ਮੰਗ ਕੀਤੀ ਕਿ ਗ੍ਰਿਫਤਾਰ ਕੀਤੇ ਵਿਦਿਆਰਥੀ ਕਾਰਕੁੰਨਾਂ ਅਤੇ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ ਤੇ ਰਾਜਨੀਤਕ ਕਾਰਕੁੰਨਾਂ ਨੂੰ ਰਿਹਾਅ ਕੀਤਾ ਜਾਵੇ।

## ਸਰਕਾਰੀ ਸਕੂਲ ਦੇ ਪੁਜ਼ੀਸਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਸਨਮਾਨਿਤ

**ਗੁਰਾਇਆ (ਬਿੰਦਰ ਸੁੰਮਨ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੀੜ ਬੰਸੀਆਂ ਜੱਜਾ ਢੀਡਸਾ ਵਿੱਚ ਨਗਦ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਸੰਨ 2023 -2024 ਵਿੱਚ ਪਹਿਲੀਆਂ ਤਿੰਨ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਨਗਦ ਰਾਸ਼ੀ ਹਰ ਸਾਲ ਬੂਟਾ ਰਾਮ ਆਸਟਰੇਲਿਆ ਜੋ ਇਸ ਸਕੂਲ ਦੇ ਪੁਰਾਣੇ ਵਿਦਿਆਰਥੀ ਹਨ, ਉਨਾਂ ਵਲੋਂ ਦਿੱਤੀ ਜਾਂਦੀ ਹੈ, ਛੇਵੀ ਤੋ ਬਾਰ੍ਹਵੀ ਜਮਾਤ ਤੱਕ ਦੇ ਵਿਦਿਆਰਥੀ ਕ੍ਰਮਵਾਰ ਕਾਜਲ, ਯਸ਼ਿਕਾ , ਜੋਤੀ, ਅਮਿਤ ਕੁਮਾਰ, ਲਵਜੋਤ ਕੌਰ, ਹਰਗੁਣ ਕੁਮਾਰੀ ਗੁਪਤਾ, ਮਾਨਸੀ, ਅਮਨਦੀਪ, ਅਯੂਸ਼ ਗੁਪਤਾ, ਮੋਹਿਤ ਮਹਿਮੀ, ਇਸ਼ਾਤ ਬੰਗੜ, ਮਨਦੀਪ ਕੌਰ, ਸ਼ੋਭਿਤ, ਰਿਆ, ਪ੍ਰਿਆ, ਅਰਸਬਿੰਦਰ ਲਾਖਾ, ਹਰਿੰਦਰ ਕੁਮਾਰ, ਹਰਮਨੀਨ ਕੌਰ, ਸੁਖਪ੍ਰੀਤ ਕੌਰ, ਅਮਨਪ੍ਰੀਤ ਤੇ ਕ੍ਰਿਸ ਜੇਟਲੀ ਆਦਿ ਵਿਦਿਆਰਥੀਆਂ ਨੂੰ ਨਗਦੀ ਇਨਾਮ ਦਿੱਤੇ ਗਏ। ਇਸ ਮੌਕੇ ਵੱਖ ਵੱਖ ਬੁਲਾਰਿਆ ਨੇ ਬੋਲਦਿਆ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਵਿਦਿਆ ਦੇ ਖੇਤਰ ਵਿੱਚ ਮੱਲਾਂ ਮਾਰਨ ਤਾਂ ਜੋ ਅੱਗੇ ਜਾ ਕੇ ਤਰੱਕੀ ਕਰ ਸਕਣ ਅਤੇ ਸਮਾਜਿਕ ਬੁਰਾਈਆਂ ਤੋ ਦੂਰ ਰਹਿਣ ਦੀ ਅਪੀਲ ਕੀਤੀ। ਇਸ ਮੌਕੇ ਸਕੂਲ ਕਮੇਟੀ ਵਲੋਂ ਆਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ,



ਅਖੀਰ ਵਿੱਚ ਸਕੂਲ ਇੰਚਾਰਜ ਮੈਡਮ ਸਨੇਹ ਲਤਾ ਵਲੋਂ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆ ਕਿਹਾ ਜੋ ਇੰਨਾਂ ਉਪਰਾਲਾ ਕੀਤਾ ਹੈ ਇਸ ਨਾਲ ਵਿਦਿਆਰਥੀਆਂ ਵਿੱਚ ਵਿਦਿਆ ਦੇ ਖੇਤਰ ਵਿੱਚ ਹੋਰ ਹੌਸਲੇ ਬੁਲੰਦ ਹੋਣਗੇ। ਇਸ ਅਵਸਰ ਤੇ ਮਾਸਟਰ ਅਮਰਜੀਤ ਲਾਂਗੜੀਆਂ, ਸਰਪੰਚ ਜਸਪਾਲ ਸੰਧੂ, ਗੁਰਪ੍ਰੀਤ ਸਿੰਘ, ਪਰਮਜੀਤ ਸਰੋਜ, ਬੱਬੂ ਗੋਇਲ, ਜਜਬਾਤ ਸਿੰਘ, ਸਵੀਕ੍ਰਿਤੀ ਸੇਠੀ, ਪ੍ਰਿਆ ਰਾਣੀ, ਰਜਨੀ, ਮਿਸ ਹਰਪ੍ਰੀਤ ਕੌਰ ਤੋ ਇਲਾਵਾ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

# ਹੁਣ ਸਿਰਫ਼ ਇਕ ਫ਼ੋਨ ਕਾਲ 'ਤੇ ਮਿਲਣਗੀਆਂ 406 ਸੇਵਾਵਾਂ



**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਦੇ ਨਾਗਰਿਕਾਂ ਨੂੰ ਪਾਰਦਰਸ਼ੀ ਢੰਗ ਨਾਲ ਕੁਸ਼ਲ ਪ੍ਰਸ਼ਾਸਨ ਅਤੇ ਨਿਰਵਿਘਨ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਅਹਿਮ ਕਦਮ ਚੁੱਕਦਿਆਂ ਪੰਜਾਬ ਦੇ ਪ੍ਰਸ਼ਾਸਨਿਕ ਸੁਧਾਰ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ 'ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ' ਯੋਜਨਾ ਵਿੱਚ 363 ਹੋਰ ਨਾਗਰਿਕ-ਕੇਂਦ੍ਰਿਤ ਸੇਵਾਵਾਂ ਸ਼ਾਮਲ ਕਰਦਿਆਂ ਇਸ ਦੇ ਵਿਸਥਾਰ ਦਾ ਐਲਾਨ ਕੀਤਾ ਹੈ, ਜਿਸ ਨਾਲ ਸੇਵਾ ਕੇਂਦਰਾਂ ਰਾਹੀਂ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸੇਵਾਵਾਂ ਹੁਣ ਨਾਗਰਿਕ ਆਪਣੇ ਘਰ ਬੈਠੇ ਪ੍ਰਾਪਤ ਕਰ ਸਕਣਗੇ।ਇਸ ਪਹਿਲ ਤਹਿਤ ਆਧਾਰ ਕਾਰਡ, ਡਰਾਈਵਿੰਗ ਲਾਇਸੈਂਸ ਅਤੇ ਪਾਸਪੋਰਟ ਸਬੰਧੀ ਅਰਜ਼ੀਆਂ ਸਮੇਤ ਹੁਣ 406 ਸੇਵਾਵਾਂ ਦੀ ਡਿਲਿਵਰੀ ਨਾਗਰਿਕਾਂ ਨੂੰ ਉਹਨਾਂ ਦੇ ਦਰਾਂ 'ਤੇ ਦਿੱਤੀ ਜਾਵੇਗੀ।ਇੱਥੇ ਮਗਸੀਪਾ ਵਿਖੇ ਮੋਟਰਸਾਈਕਲਾਂ ਉੱਤੇ ਸਵਾਰ 'ਸੇਵਾ ਸਹਾਇਕਾਂ' ਨੂੰ ਹਰੀ ਝੰਡੀ ਦਿਖਾਉਣ ਉਪਰੰਤ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ 43 ਸੇਵਾਵਾਂ ਨਾਲ 10 ਦਸੰਬਰ, 2023 ਨੂੰ ਸ਼ੁਰੂ ਕੀਤੀ ਗਈ ਇਸ ਯੋਜਨਾ ਤਹਿਤ ਹੁਣ 29 ਪ੍ਰਮੁੱਖ ਵਿਭਾਗਾਂ ਨਾਲ ਸਬੰਧਤ ਕੁੱਲ 406 ਸੇਵਾਵਾਂ ਦਿੱਤੀਆਂ ਜਾਣਗੀਆ। ਉਹਨਾਂ ਦੱਸਿਆ ਕਿ 77 ਲੱਖ ਤੋਂ ਵੱਧ ਸਰਟੀਫ਼ਿਕੇਟ ਪਹਿਲਾਂ ਹੀ ਡਿਜ਼ੀਟਲ ਰੂਪ ਵਿੱਚ ਡਿਲਿਵਰ ਕੀਤੇ ਜਾ ਚੁੱਕੇ ਹਨ ਅਤੇ ਨਾਗਰਿਕ ਹੁਣ ਸਰਕਾਰ ਦੁਆਰਾ ਪ੍ਰਵਾਨਿਤ ਸਰਟੀਫ਼ਿਕੇਟ ਸਿੱਧੇ ਆਪਣੇ ਮੋਬਾਈਲ ਫੋਨਾਂ 'ਤੇ ਪ੍ਰਾਪਤ ਕਰਦੇ ਹਨ, ਜਿਸ ਨਾਲ ਉਨ੍ਹਾਂ ਦਾ ਸਮਾਂ ਅਤੇ ਪੈਸਾ ਦੋਵਾਂ ਦੀ ਬੱਚਤ ਹੁੰਦੀ ਹੈ। ਇਸ ਤੋਂ ਇਲਾਵਾ ਪਟਵਾਰੀਆਂ, ਸਰਪੰਚਾਂ, ਨੰਬਰਦਾਰਾਂ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਅਰਜ਼ੀਆਂ ਨੂੰ ਆਨਲਾਈਨ ਪ੍ਰੋਸੈੱਸ ਕੀਤਾ ਜਾ ਰਿਹਾ ਹੈ, ਜਿਸ ਨਾਲ ਸੇਵਾ ਪ੍ਰਦਾਨ ਕਰਨ ਦੀ ਪ੍ਰਣਾਲੀ ਨੂੰ ਹੋਰ ਸੁਚਾਰੂ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪਟਵਾਰੀਆਂ ਵੱਲੋਂ 9 ਲੱਖ ਤੋਂ ਵੱਧ ਅਰਜ਼ੀਆਂ ਆਨਲਾਈਨ ਪ੍ਰੋਸੈੱਸ ਕੀਤੀਆਂ ਗਈਆਂ ਹਨ।ਸੇਵਾਵਾਂ ਦੀ ਡਿਲਿਵਰੀ ਨੂੰ ਹੋਰ ਬਿਹਤਰ ਬਣਾਉਣ ਲਈ ਨਾਗਰਿਕਾਂ ਨੂੰ ਇਸ ਯੋਜਨਾ ਰਾਹੀਂ ਫੀਡਬੈਕ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।ਕੈਬਨਿਟ ਮੰਤਰੀ ਸ੍ਰੀ ਅਰੋੜਾ ਨੂੰ ਭਰੋਸਾ ਦਿੱਤਾ ਕਿ ਵਿਭਾਗ ਜਨਤਕ ਸੇਵਾਵਾਂ ਪ੍ਰਦਾਨ ਕਰਨ ਵਿੱਚ ਹੋਰ ਪਾਰਦਰਸ਼ਤਾ, ਜਵਾਬਦੇਹੀ ਅਤੇ ਕੁਸ਼ਲਤਾ ਵਧਾਉਣ ਦੇ ਉਦੇਸ਼ ਨਾਲ ਪ੍ਰਭਾਵਸ਼ਾਲੀ ਪ੍ਰਸ਼ਾਸਕੀ ਸੁਧਾਰਾਂ ਨੂੰ ਲਾਗੂ ਕਰਨ ਲਈ ਵਚਨਬੱਧ ਹੈ।

## ਟਰੈਕਟਰ ਦੀ ਫੇਟ ਵੱਜਣ ਨਾਲ ਰਾਹਗੀਰ ਜ਼ਖਮੀ

**ਬਲਾਚੌਰ, (ਜਸਵਿੰਦਰ ਬੈਂਸ)**

ਬਲਾਚੌਰ ਬਾਈਪਾਸ ਸੁੱਜੋਵਾਲ ਪੁੱਲ ਨਜ਼ਦੀਕ ਇਕ ਟਰੈਕਟਰ ਨਾਲ ਰਾਹਗੀਰ ਦੇ ਹਾਦਸਾ ਗ੍ਰਸਤ ਹੋਣ ਦੀ ਖਬਰ ਪ੍ਰਾਪਤ ਹੋਈ। ਐਸ ਐਸ ਐਫ ਦੇ ਇੰਚਾਰਜ ਕੁਲਦੀਪ ਸਿੰਘ ਨੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਇੱਕ ਟਰੈਕਟਰ'ਤੇ ਦਵਿੰਦਰ ਸਿੰਘ ਪੁੱਤਰ ਬਖਤਾਵਰ ਸਿੰਘ ਵਾਸੀ ਮਹਿੰਦੀਪੁਰ ਬਲਾਚੌਰ ਘਈ ਪੈਟਰੋਲ ਪੰਪ ਤੋਂ ਤੇਲ ਪਵਾ ਕੇ ਮੇਨ ਰੋਡ ਨੂੰ ਆ ਰਿਹਾ ਸੀ, ਜਿਸ ਵੱਲੋਂ ਸੜਕ ਤੇ ਜਾ ਰਹੇ ਰਾਹਗੀਰ ਵਿਨੋਦ ਰਾਮ ਪੁੱਤਰ ਚੰਦਰ ਰਾਮ ਵਾਸੀ ਬਿਹਾਰ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਗਿਆ।ਸਿੱਟੇ ਵਜੋਂ ਰਾਹਗੀਰ ਵਿਨੋਦ ਰਾਮ ਗੰਭੀਰ ਜ਼ਖਮੀ ਹੋ ਗਿਆ।ਉਸ ਦੇ ਸਿਰ ਅਤੇ ਲੱਤ ਉੱਤੇ ਸੱਟਾਂ ਵੱਜੀਆਂ। ਜ਼ਖਮੀ ਵਿਨੋਦ ਰਾਮ ਨੂੰ ਐਸ ਐਸ ਐਫ ਦੀ ਟੀਮ ਵੱਲੋਂ ਸਿਵਲ ਹਸਪਤਾਲ ਬਲਾਚੌਰ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਅਤੇ ਥਾਣਾ ਸਿਟੀ ਬਲਾਚੌਰ ਦੀ ਪੁਲਿਸ ਨੂੰ ਸੂਚਿਤ ਕੀਤਾ ਗਿਆ। ਪੁਲਿਸ ਨੇ ਸੂਚਨਾ ਮਿਲਦਿਆਂ ਹੀ ਮੌਕੇ ਤੇ ਪਹੁੰਚ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।



## ਆਦਿ ਧਰਮ ਮਿਸ਼ਨ ਸੰਤਾਂ-ਮਹਾਂਪੁਰਸ਼ਾਂ ਦਾ ਪੂਰਾ ਸਤਿਕਾਰ ਕਰਦਾ ਹੈ, ਮੰਦਾ ਬੋਲਣ ਵਾਲੇ ਮਿਸ਼ਨ ਦੇ ਨਹੀਂ ਹੋ ਸਕਦੇ : ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ/ਬਲਵੀਰ ਸਿੰਘ ਸੈਣੀ)**

ਸੰਤ ਸਰਵਣ ਦਾਸ ਸਲੇਮਟਾਬਰੀ ਕੌਮੀ ਪ੍ਰਧਾਨ ਆਦਿ ਧਰਮ ਸਾਧੂ ਸਮਾਜ , ਸੀਨੀ. ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਨੇ ਕਿਹਾ ਕਿ ਆਦਿ ਧਰਮ ਮਿਸ਼ਨ ਭਾਰਤ ਹਰ ਸੰਤ ਮਹਾਂਪੁਰਸ਼ ਦਾ ਤਨੋਂ ਮਨੋਂ ਆਦਰ ਸਤਿਕਾਰ ਕਰਦਾ ਹੈ, ਸੰਤਾਂ ਮਹਾਂਪੁਰਸ਼ਾਂ ਨੂੰ ਭੈੜੇ ਬੋਲ ਬੋਲਕੇ ਅਪਮਾਨਤ ਕਰਨ ਵਾਲਿਆਂ ਨੂੰ ਪਹਿਲਾਂ ਹੀ ਮਿਸ਼ਨ ਅਤੇ ਅਹੁਦੇ ਤੋਂ ਹਟਾਇਆ ਹੋਇਆ ਹੈ।ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਆਲ ਇੰਡੀਆ ਆਦਿ ਧਰਮ ਮਿਸ਼ਨ ਨੂੰ ਬਦਨਾਮ ਕਰਨ ਵਾਲੇ ਲੋਕਾਂ ਤੋਂ ਦੂਰ ਰਹਿਣ ਅਤੇ ਝੂਠੇ ਤੇ ਗੁੰਮਰਾਹਕੁੰਨ ਪ੍ਰਚਾਰ ਤੋਂ ਵੀ ਸੁਚੇਤ ਰਹਿਣ।ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਦੀ 36 ਏਕੜ ਜ਼ਮੀਨ, ਜੋ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵੱਲੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਖਰੀਦ ਕੀਤੀ ਹੈ, ਗੁਰੂ ਰਵਿਦਾਸ ਨਾਮਲੇਵਾ ਸੰਗਤ ਦੀ ਜ਼ਮੀਨ ਹੈ। ਸੰਗਤਾਂ ਨੇ ਪੈਸਾ ਖਰਚ ਕਰਕੇ ਸਮਾਜ ਲਈ ਸਕੂਲ, ਕਾਲਜ ਅਤੇ ਹਸਪਤਾਲ ਖੋਹਲਣ ਵਾਸਤੇ ਖਰੀਦੀ ਹੈ। ਉਸ ਜ਼ਮੀਨ ਦੀ ਨਿਸ਼ਾਨਦੇਹੀ ਹੋਣ ਅਤੇ ਕੌਮ ਦੀ ਬਿਹਤਰੀ ਲਈ ਹੋ ਰਹੇ ਕਾਰਜਾਂ ਵਿੱਚ ਕਿਸੇ ਨੂੰ ਵੀ ਰੁਕਾਵਟ ਨਹੀਂ ਬਣਨਾ ਚਾਹੀਦਾ। ਉਨ੍ਹਾਂ ਕਿਹਾ ਕਿ 11, 12 ਤੇ 13 ਫਰਵਰੀ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਖੁਰਾਲਗੜ੍ਹ, ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਬਹੁਤ ਸ਼ਰਧਾ ਪੂਰਵਕ ਮਨਾਏ ਜਾਣਗੇ, ਜਿਸ ਵਿੱਚ ਰਾਗੀ, ਢਾਡੀ,ਕਵਿਸ਼ਰੀ ਜਥੇ ਅਤੇ ਸੰਤ ਮਹਾਂਪੁਰਸ਼ ਸਤਿਗੁਰੂ ਰਵਿਦਾਸ ਜੀ ਦੀ ਮਹਿਮਾ ਗੁਣਗਾਨ ਕਰਨਗੇ। ਇਨ੍ਹਾਂ ਸਮਾਗਮਾਂ ਵਿੱਚ ਸੰਗਤਾਂ ਨੂੰ ਹੁੰਮ ਹੁਮਾਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਜਾਂਦੀ ਹੈ।ਇਸ ਮੌਕੇ ਸੰਤ ਧਰਮਪਾਲ ਸ਼ੇਰਗੜ ਸਟੇਜ ਸਕੱਤਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ, ਸੰਤ ਬਲਵੀਰ ਧਾਂਦਰਾ ਜਨਰਲ ਸਕੱਤਰ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ, ਓਮ ਪ੍ਰਕਾਸ਼ ਰਾਣਾ ਵੀ ਹਾਜਰ ਸਨ।



# ਲੜਕੀਆਂ ਲਈ ਮੁਫ਼ਤ ਡਰਾਈਵਿੰਗ ਕਲਾਸਾਂ ਦੀ ਸ਼ੁਰੂਆਤ

**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਸ਼ਹੀਦ ਭਗਤ ਸਿੰਘ ਨਗਰ ਨੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੀ ਅਗਵਾਈ ਹੇਠ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਦੇ ਤਹਿਤ ਲੜਕੀਆਂ ਲਈ ਮੁਫਤ ਡਰਾਈਵਿੰਗ ਕਲਾਸਾਂ ਸ਼ੁਰੂ ਕੀਤੀਆਂ ਹਨ। ਇਹ ਅਗਾਂਹਵਧੂ ਸੋਚ ਵਾਲਾ ਪ੍ਰੋਗਰਾਮ, ਪੁਖਰਾਜ ਡਰਾਈਵਿੰਗ ਸਕੂਲ ਦੇ ਸਹਿਯੋਗ ਨਾਲ ਨੌਜਵਾਨ ਬੱਚੀਆਂ ਨੂੰ ਇਕ ਮਹੱਤਵਪੂਰਨ ਹੁਨਰ ਨਾਲ ਲੈਸ ਕਰਨ ਦੇ ਉਦਸ਼ਸ ਨਾਲ ਸ਼ੁਰੂ ਕੀਤਾ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਅਤੇ ਐਸ.ਡੀ.ਐਮ ਨਵਾਂਸਹਿਰ ਡਾ. ਅਕਸ਼ਿਤਾ ਗੁਪਤਾ ਦੀ ਅਗਵਾਈ ਹੇਠ ਅੱਜ ਸਿਖਲਾਈ ਵਾਹਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ, ਜਿਸ ਨਾਲ ਪ੍ਰੋਗਰਾਮ ਦੀ ਅਧਿਕਾਰਤ ਸ਼ੁਰੂਆਤ ਹੋਈ। ਇਸ ਮੌਕੇ ਏ ਡੀ ਸੀ (ਵਿਕਾਸ) ਅਵਨੀਤ ਕੌਰ ਨੇ ਕਿਹਾ ਕਿ ਗਤੀਸ਼ੀਲਤਾ ਔਰਤਾਂ ਦੇ ਸ਼ਸਕਤੀਕਰਨ ਵਿਚ ਇਕ ਮੁੱਖ ਕਾਰਕ ਹੈ ਅਤੇ ਇਹ ਮੁਫਤ ਡਰਾਈਵਿੰਗ ਸਿਖਲਾਈ ਔਰਤਾਂ ਨੂੰ ਵਿੱਤੀ ਸੁਤੰਤਰਤਾ ਅਤੇ ਵਧੇਰੇ ਖੁਦਮੁਖਤਿਆਰੀ ਨਾਲ ਆਪਣੇ ਜੀਵਨ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਆਤਮ ਵਿਸਵਾਸ਼ ਪ੍ਰਾਪਤ ਕਰਨ ਵਿਚ ਮਦਦ ਕਰੇਗੀ। ਐਸ ਡੀ ਐਮ ਨਵਾਂਸਹਿਰ ਡਾ. ਅਕਸ਼ਿਤਾ ਗੁਪਤਾ ਨੇ ਇਸ ਮੌਕੇ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲਕਦਮੀ ਸਿਰਫ ਡਰਾਈਵਿੰਗ ਹੁਨਰ ਸਿਖਾਉਣ ਬਾਰੇ ਨਹੀਂ ਹੈ, ਸਗੋਂ ਸਮਾਜਿਕ ਰੁਕਾਵਟਾਂ ਨੂੰ ਤੋੜਨ ਅਤੇ ਔਰਤਾਂ ਨੂੰ ਜੀਵਨ ਦੇ ਸਾਰੇ ਖੇਤਰਾਂ ਵਿਚ ਬਰਾਬਰ ਮੌਕੇ ਪ੍ਰਾਪਤ ਕਰਨ ਦੇ ਯੋਗ ਬਣਾਉਣ ਬਾਰੇ ਵੀ ਹੈ। ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਵਿਚ 16 ਕੁੜੀਆਂ ਪੇਸ਼ੇਵਰ ਡਰਾਈਵਿੰਗ ਸਿਖਲਾਈ ਲੈਣਗੀਆਂ। ਇਸ ਮੌਕੇ ਏ ਟੀ ਓ ਰਮਨਦੀਪ ਸਿੰਘ, ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ, ਪੰਜਾਬ ਗੁੱਡ ਗਵਰਨੈਂਸ ਫੈਲੋ ਅਸਮਿਤਾ ਪਰਮਾਰ, ਡੀ ਸੀ ਪੀ ਓ ਕੰਚਨ ਅਰੋੜਾ, ਸੀ ਡੀ ਪੀ ਓ ਦਵਿੰਦਰ ਕੌਰ, ਸੀ ਡੀ ਪੀ ਓ ਸ੍ਰੀ ਪੂਰਨ ਪੰਕਜ ਸ਼ਰਮਾ ਅਤੇ ਸਿਖਲਾਈ ਹਾਸਿਲ ਕਰਨ ਵਾਲੀਆਂ ਔਰਤਾਂ ਤੇ ਬੱਚੀਆਂ ਮੌਜੂਦ ਸਨ।



## 10 ਗ੍ਰਾਮ ਹੈਰੋਇਨ ਸਮੇਤ ਨੌਜਵਾਨ ਕਾਬੂ

**ਨਵਾਂਸ਼ਹਿਰ (ਮਨੋਜ ਲਾਡੀ)**-ਪੁਲਸ ਵੱਲੋਂ 10 ਗ੍ਰਾਮ ਹੈਰੋਇਨ ਸਮੇਤ ਇਕ ਨੌਜਵਾਨ ਨੂੰ ਕਾਬ ਕੀਤਾ ਗਿਆ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਥਾਣਾ ਸਿਟੀ ਨਵਾਂਸ਼ਹਿਰ ਵਿਖੇ ਦਰਜ ਮਾਮਲੇ ਨੁਸਾਰ ਐੱਸ ਆਈ ਜਸਵੀਰ ਸਿੰਘ ਸੀਆਈਏ ਸਟਾਫ਼ ਨਵਾਂਸ਼ਹਿਰ ਨੇ ਦੱਸਿਆ ਕਿ ਸਮੇਤ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਕੁਲਾਮ ਤੋਂ ਥਰਨਾਲਾ ਕਲਾ ਵੱਲ ਨੂੰ ਜਾ ਰਹੇ ਸੀ ਤਾਂ ਪੁਲਿਸ ਪਾਰਟੀ ਦੀ ਗੱਡੀ ਬਰਨਾਲਾ ਕਲਾ ਪੁੱਜੀ। ਜੋਹਲ ਕਲੋਨੀ ਵਾਹਿਗੁਰੂ ਨਵਾਂਸਹਿਰ ਸਾਈਡ ਤੋਂ ਆਉਂਦੀ ਸੜਕ ਤੋਂ ਇਕ ਨੌਜਵਾਨ ਪੈਦਲ ਆਉਂਦਾ ਦਿਖਾਈ ਦਿੱਤਾ। ਅਚਾਨਕ ਪੁਲਿਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਉਹ ਯਕਦਮ ਘਬਰਾ ਕੇ ਵਾਹਿਗੁਰੂ ਨਗਰ ਸਾਈਡ ਪਿੱਛੇ ਨੂੰ ਤੇਜ਼ ਕਦਮੀ ਹੋ ਤੁਰਿਆ,ਜਿਸ ਨੂੰ ਕਾਬੂ ਕਰਕੇ ਨਾਮ ਪਤਾ ਪੁਛਿਆਤਾਂ ਉਸ ਨੇ ਆਪਣਾ ਨਾਮ ਸੰਦੀਪ ਕੁਮਾਰ ਉਰਫ ਸ਼ੀਪਾ ਪੁੱਤਰ ਪ੍ਰੇਮ ਨਾਥ ਵਾਸੀ ਕੁਲਾਮ ਦੱਸਿਆ। ਉਸ ਵੱਲੋਂ ਸੁੱਟੀ ਮੋਮੀ ਲਿਫਾਫੇ ਨੂੰ ਚੁੱਕ ਕੇ ਖੋਲ ਕੇ ਚੈੱਕ ਕੀਤਾ ਤਾਂ 10 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸੇਂਟ ਸੋਲਜਰ ਕਾਲਜ 'ਚ ਬਸੰਤ ਰੁੱਤ ਆਗਮਨ ਮਹੋਤਸਵ

**ਜਲੰਧਰ (ਇਕਬਾਲ ਸਿੰਘ ਉਭੀ)**

ਸੇਂਟ ਸੋਲਜਰ ਕਾਲਜ (ਕੋ-ਐਡ) ਵਿਖੇ ਸਰਸਵਤੀ ਪੂਜਾ ਦੇ ਮੌਕੇ ਬਸੰਤ ਰੁੱਤ ਆਗਮਨ ਮਹੋਤਸਵ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾਇਰੈਕਟਰ ਡਾ. ਵੀਨਾ ਦਾਦਾ, ਮੁੱਖ ਮਹਿਮਾਨ ਡਾ. ਰੂਪਮ ਜਗੋਤਾ, ਐਸੋਸੀਏਟ ਡੀਨ, ਅਕਾਦਮਿਕ ਮਾਮਲੇ ਅਤੇ ਵਿਦਿਆਰਥੀ ਭਲਾਈ ਜੀ ਐਨ ਡੀ ਯੂ ਯੂਨੀਵਰਸਿਟੀ ਆਦਿ ਹਾਜ਼ਰ ਸਨ। ਪ੍ਰੋਗਰਾਮ ਦੀ ਸ਼ੁਰੂਆਤ ਮਾਂ ਸਰਸਵਤੀ ਪੂਜਾ ਨਾਲ ਹੋਈ। ਇਸ ਮੌਕੇ ਮਾਂ ਸ਼ਾਰਦਾ ਨੂੰ ਫੁੱਲ ਅਤੇ ਤਿਲਕ ਚੜ੍ਹਾਏ ਗਏ। ਕੈਂਪਸ ਦੇ ਐਮ ਡੀ ਮਨਹਰ ਅਰੋੜਾ, ਲਾਅ ਕਾਲਜ ਦੇ ਡਾਇਰੈਕਟਰ ਡਾ. ਸੁਭਾਸ਼ ਸ਼ਰਮਾ, ਪ੍ਰਿੰਸੀਪਲ ਡਾ. ਮਨਜੀਤ ਕੌਰ ਅਤੇ ਸਾਰੇ ਕਾਲਜਾਂ ਦੇ ਪ੍ਰਿੰਸੀਪਲਾਂ ਨੇ ਦੇਵੀ ਸਰਸਵਤੀ ਦੀ ਪੂਜਾ ਕੀਤੀ ਅਤੇ ਉਨ੍ਹਾਂ ਦਾ ਆਸ਼ੀਰਵਾਦ ਲਿਆ। ਇਸ ਮੌਕੇ ਵਿਦਿਆਰਥੀਆਂ ਨੇ ਸ਼ਰਧਾਪੂਰਵਕ ਪ੍ਰਾਰਥਨਾਵਾਂ ਰਾਹੀਂ ਮਾਂ ਸ਼ਾਰਦਾ ਨੂੰ ਸ਼ਰਧਾਂਜਲੀ ਭੇਟ ਕੀਤੀ। ਸੰਗੀਤ ਦੇ ਵਿਦਿਆਰਥੀਆਂ ਇੱਕ ਭਾਵਪੂਰਨ ਸੂਫ਼ੀ ਗੀਤ ਅਤੇ ਇੱਕ ਮਨਮੋਹਕ ਨਾਚ ਪੇਸ਼ ਕਰਕੇ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ। ਬਸੰਤ ਰੁੱਤ ਦਾ ਜਸ਼ਨ ਮਨਾਉਣ ਲਈ ਕ੍ਰਿਸ਼ਨ ਅਤੇ ਰਾਧਾ ਦੀ ਰਾਸ ਲੀਲ੍ਹਾ ਵੀ ਪੇਸ਼ ਕੀਤੀ ਗਈ। ਅੰਤ ਵਿੱਚ ਕਾਲਜ ਡਾਇਰੈਕਟਰ ਅਤੇ ਹੋਰ ਪਤਵੰਤਿਆਂ ਨੇ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ।



## ਕੈਬਨਿਟ ਮੰਤਰੀ ਡਾ. ਸ਼ਰਮਾ ਨੇ ਮੁੱਖ ਮੰਤਰੀ ਨੂੰ ਸੌਂਪੀ ਕਾਰਜ ਪ੍ਰਗਤੀ ਪੁਸਤਕਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਸਹਿਕਾਰਤਾ, ਜੇਲ੍ਹ, ਚੋਣ, ਵਿਰਾਸਤ ਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨਾਲ ਉਨ੍ਹਾਂ ਦੇ ਨਿਵਾਸ ਸੰਤ ਕਬੀਰ ਕੁਟੀਰ ਵਿਚ ਮੁਲਾਕਾਤ ਕਰ ਕੇ ਸਰਕਾਰ ਦੇ 100 ਦਿਨ ਦੇ ਸਮੇਂ ਵਿਚ ਉਨ੍ਹਾਂ ਦੇ ਵਿਭਾਗਾਂ ਦੀ ਗਤੀਵਿਧੀਆਂ ਦੀ ਕਾਰਜ ਪ੍ਰਗਤੀ ਰਿਪੋਰਟ ਸੌਂਪੀ। ਉਨ੍ਹਾਂ ਨੇ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸੰਕਲਪ ਅਤੇ ਡਬਲ ਇੰਜਣ ਹਰਿਆਣਾ ਸਰਕਾਰ , ਤਿਗੁਣੀ ਰਫਤਾਰ ਨਾਲ ਸੰਕਲਪ 'ਤੇ ਮਿਲ ਕੇ ਅੱਗੇ ਵੱਧ ਰਹੇ ਹਾਂ। ਕੈਬਨਿਟ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਦਸਿਆ ਕਿ ਇਨ੍ਹਾਂ 100 ਦਿਨਾਂ ਦੇ ਕਾਰਜਕਾਲ ਦੌਰਾਨ ਰਾਜ ਪੱਧਰੀ ਸਹਿਕਾਰਤਾ ਹਫਤਾ ਦੇ ਰਾਜ ਪੱਧਰੀ ਪ੍ਰਬੰਧ ਰੋਹਤਕ ਤੇ ਗੁਰੂਗ੍ਰਾਮ ਵਿਚ ਕਰਵਾਏ ਗਏ, ਤਾਂ ਜੋ ਆਮ ਜਨਤਾ ਨੂੰ ਜਾਗਰੂਕ ਕੀਤਾ ਜਾ ਸਕੇ। ਇਸ ਲੜੀ ਵਿਚ ਗੋਹਾਨਾ ਤੋਂ ਪੂਰੇ ਸੂਬੇ ਲਈ ਜ਼ਿਲ੍ਹਾ ਪੱਧਰੀ ਸਹਿਕਾਰਤਾ ਜਾਗਰੂਕਤਾ ਮੁਹਿੰਮ ਦਾ ਵੀ ਆਗਾਜ਼ ਕੀਤਾ।ਉਨ੍ਹਾਂ ਨੇ ਦਸਿਆ ਕਿ ਕੇਂਦਰੀ ਸੱਭਿਆਚਾਰ ਅਤੇ ਸੈਰ-ਸਪਾਟਾ ਮੰਤਰੀ ਸ੍ਰੀ ਗਜੇਂਦਰ ਸਿੰਘ ਸ਼ੇਖਾਵਤ ਨਾਲ ਮੁਲਾਕਾਤ ਕਰਦੇ ਹੋਏ ਹਰਿਆਣਾ ਦੇ ਸੈਰ-ਸਪਾਟਾ ਨੂੰ ਦੁਨੀਆ ਦੇ ਨਕਸ਼ੇ 'ਤੇ ਲਿਆਉਣ' ਤੇ ਚਰਚਾ ਕੀਤੀ। ਉਨ੍ਹਾਂ ਨੇ ਦਸਿਆ ਕਿ ਇਸ ਦੌਰਾਨ ਵੱਖ-ਵੱਖ ਵਿਭਾਗਾਂ, ਬੋਰਡਾਂ, ਨਿਗਮਾਂ ਦੇ ਅਧਿਕਾਰੀਆਂ ਦੇ ਨਾਲ ਸਮੀਖਿਆ ਮੀਟਿੰਗ ਕਰਦੇ ਹੋਏ ਨਵੀਆਂ ਯੋਜਨਾਵਾਂ ਤਿਆਰ ਕਰਨ ਦੇ ਵੀ ਨਿਰਦੇਸ਼ ਦਿੱਤੇ ਗਏ ਹਨ।ਇਸ ਵਿਚ ਸਹਿਕਾਰੀ ਕਮੇਟੀਆਂ ਨੂੰ ਮੁਨਾਫੇ, ਵੀਟਾ ਵੱਲੋਂ ਸ਼ੂਗਰ ਫਰੀ ਉਤਪਾਦ ਬਨਾਉਣ ਤੇ ਵਿਕਸਿਤ ਸਾਇਟਾਂ ਨੂੰ ਆਮ ਜਨਤਾ ਵਿਚ ਪ੍ਰਸਿੱਧ ਬਨਾਉਣਾ ਵੀ ਸ਼ਾਮਿਲ ਹਨ। ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਵਿਭਾਗ ਦੀਆਂ ਯੋਜਨਾਵਾਂ ਨੂੰ ਲਗਾਤਾਰ ਅੱਗੇ ਵਧਾਇਆ ਜਾਵੇਗਾ, ਤਾਂ ਜੋ ਆਮ ਜਨਤਾ ਨੂੰ ਯੋਜਨਾਵਾਂ ਦਾ ਲਾਭ ਦਿਵਾਉਣਾ ਯਕੀਨੀ ਬਣਾਇਆ ਜਾ ਸਕੇ।

## ਸ ਸ ਸ ਸਕੂਲ ਸੂੰਢ ਵਿਖੇ ਹੋਈ ਮਾਪੇ-ਅਧਿਆਪਕ ਮਿਲਣੀ

**ਬੰਗਾ (ਅਵਤਾਰ ਕਲੇਰ)**

ਡਿੰਪਲ ਮਦਾਨ ਜ਼ਿਲ੍ਹਾ ਸਿੱਖਿਆ ਅਫਸਰ ਸ਼ਹੀਦ ਭਗਤ ਸਿੰਘ ਨਗਰ ਦੀ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸੂੰਢ ਮਕਸੂਦਪੁਰ ਵਿਖੇ ਮਾਪੇ ਅਧਿਆਪਕ ਮਿਲਣੀ ਕਰਵਾਈ ਗਈ। ਇਸ ਮਿਲਣੀ ਵਿੱਚ ਛੇਵੀਂ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਬੱਚਿਆਂ ਦੇ ਮਾਪਿਆਂ ਨੇ ਭਾਗ ਲਿਆ। ਸਮੂਹ ਜਮਾਤ ਇਨਚਾਰਜ ਨੇ ਬੱਚਿਆਂ ਦੇ ਮਾਪਿਆਂ ਨਾਲ ਪ੍ਰੀ-ਬੋਰਡ ਵਿੱਚ ਪ੍ਰਾਪਤ ਕੀਤੇ ਅੰਕਾਂ 'ਤੇ ਵਿਸਥਾਰ ਪੂਰਵਕ ਵਿਚਾਰ ਚਰਚਾ ਕੀਤੀ ਅਤੇ ਸਾਲਾਨਾ ਇਮਤਿਹਾਨਾਂ ਦੀ ਤਿਆਰੀ ਸਬੰਧੀ ਰੂਪ ਰੇਖਾ ਤਿਆਰ ਕੀਤੀ ਗਈ। ਇਸ ਮਾਪੇ ਅਧਿਆਪਕ ਮਿਲਣੀ ਦਾ ਜਤਿੰਦਰ ਸਿੰਘ ਪਾਬਲਾ ਵੱਲੋਂ ਅਚਾਨਕ ਨਿਰੀਖਣ ਕੀਤਾ ਗਿਆ ਅਤੇ ਲੋੜੀਂਦੀਆਂ ਗਾਈਡ ਲਾਈਨਜ ਦਿੱਤੀਆਂ ਗਈਆਂ। ਆਏ ਹੋਏ ਮਾਪਿਆਂ ਲਈ ਸਕੂਲ ਵੱਲੋਂ ਰਫਰੈਸਮੈਂਟ ਦਾ ਪ੍ਰਬੰਧ ਵੀ ਕੀਤਾ ਗਿਆ। ਇਸ ਮੌਕੇ ਸਕੂਲ ਮੁਖੀ ਕਰਮਜੀਤ ਸਿੰਘ ਵੱਲੋਂ ਮਾਪਿਆਂ ਦਾ ਧੰਨਵਾਦ ਕੀਤਾ ਗਿਆ ਅਤੇ ਅੱਗੇ ਤੋਂ ਵੀ ਹਰ ਮਾਪੇ ਅਧਿਆਪਕ ਮਿਲਣੀ ਲਈ ਵੱਧ ਤੋਂ ਵੱਧ ਸਹਿਯੋਗ ਦੇਣ ਲਈ ਸੁਝਾਅ ਦਿੱਤਾ ਗਿਆ। ਉਹਨਾਂ ਵਲੋਂ ਮਾਪਿਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਾਉਣ ਲਈ ਵੀ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸਕੂਲ ਮੁਖੀ ਕਰਮਜੀਤ ਸਿੰਘ, ਲੈਕ ਸੁਰਜੀਤ ਸੈਂਪਲੇ, ਲੈਕ ਰਾਮ ਲਾਲ, ਮੈਡਮ ਰਾਜਵਿੰਦਰ ਕੌਰ, ਪਰਵੀਰ ਸਿੰਘ, ਰਾਮਜੀਤ, ਲਾਲ ਚੰਦ, ਅਮਰਜੀਤ ਸਿੰਘ, ਮੈਡਮ ਗੁਰਵਿੰਦਰ ਕੌਰ, ਮੈਡਮ ਪ੍ਰਿਤਪਾਲ ਕੌਰ, ਮੈਡਮ ਨਵਨੀਤ ਕੌਰ, ਮੈਡਮ ਰੇਨੂ ਬਾਲਾ, ਮੈਡਮ ਦਵਿੰਦਰ ਕੌਰ, ਮੈਡਮ ਸੁਨੀਤਾ ਅਤੇ ਬੁੱਧ ਰਾਮ ਆਦਿ ਹਾਜ਼ਰ ਸਨ।



## ਕਰਾਟੇ ਮੁਕਾਬਲੇ 'ਚ ਸਲੋਨੀ ਤੇ ਚਾਂਦਨੀ ਨੇ ਜਿੱਤਿਆ ਸੋਨਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਜ਼ਿਲ੍ਹਾ ਸਿਖਿਆ ਅਫਸਰ ਸੈਕੰਡਰੀ ਸ਼੍ਰੀਮਤੀ ਲਲਿਤਾ ਅਰੋੜਾ ਦੀ ਯੋਗ ਅਗਵਾਈ ਹੇਠ ਰਾਣੀ ਲਕਸ਼ਮੀ ਬਾਈ ਆਤਮ ਰਕਸ਼ਾ ਟ੍ਰੇਨਿੰਗ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧੁੱਗਾ ਕਲਾਂ ਵਿਖੇ ਬਲਾਕ ਪੱਧਰੀ ਕਰਾਟੇ ਮੁਕਾਬਲੇ ਕਰਵਾਏ ਗਏ।ਇਹਨਾਂ ਮੁਕਾਬਲਿਆਂ ਵਿਚ ਪੀ ਐਮ ਸ਼੍ਰੀ ਸਰਕਾਰੀ ਹਾਈ ਸਕੂਲ ਮਿਆਣੀ ਦੀਆਂ ਵਿਦਿਆਰਥਣਾਂ ਸਲੋਨੀ ਅਤੇ ਚਾਂਦਨੀ ਨੇ ਵੱਖ ਵੱਖ ਭਾਰ ਵਰਗਾਂ ਵਿਚ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਪ੍ਰਾਪਤ ਕੀਤੇ।ਇਸ ਮੌਕੇ ਹੈੱਡ ਮਿਸਟ੍ਰੈਸ ਪਰਮਿੰਦਰ ਕੌਰ ਨੇ ਵਿਦਿਆਰਥਣਾਂ ਦੀ ਇਸ ਉਪਲੱਭਦੀ ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।ਸਕੂਲ ਮੁੱਖੀ ਨੇ ਵਿਦਿਆਰਥਣਾਂ ਦੀ ਤਿਆਰੀ ਵਿਚ ਸਹਿਯੋਗ ਦੇਣ ਲਈ ਮੈਡਮ ਸ਼ਾਲੂ,ਮੈਡਮ ਰਾਜਿੰਦਰ ਕੌਰ ਕਰਾਟੇ ਕੋਚ ਸੁਖਦੇਵ ਕੌਰ ਅਤੇ ਸਮੂਹ ਸਟਾਫ ਦਾ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਹਨਾਂ ਦੀ ਮਿਹਨਤ ਅਤੇ ਪ੍ਰੇਰਨਾ ਸਦਕਾ ਇਹ ਵਿਦਿਆਰਥਣਾਂ ਆਪਣੀ ਖੇਡ ਕਲਾ ਵਿਚ ਨਿਖਾਰ ਲਿਆਉਣ ਵਿੱਚ ਸਫਲ ਰਹੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡਮ ਕਮਲੇਸ਼ ਕੌਰ ਪਰਮਜੀਤ ਕੌਰ ਸੀਤਲ ਕੌਰ ਪਲਵਿੰਦਰ ਕੌਰ ਹਰੀਸ਼ ਕੁਮਾਰ ਬਲਵਿੰਦਰ ਸਿੰਘ ਗੁਰਮੀਤ ਸਿੰਘ ਆਦਿ ਹਾਜ਼ਰ ਸਨ।

## ਚੋਲਾ ਸਾਹਿਬ ਪੈਦਲ ਯਾਤਰਾ ਦੀਆਂ ਤਿਆਰੀਆਂ ਆਰੰਭ

**ਅੱਡਾ ਸਰਾਂ (ਜਸਵੀਰ ਕਾਜਲ)** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਦੇ ਦਰਸ਼ਨ ਦੀਦਾਰ ਕਰਨ ਲਈ ਸਾਲਾਨਾ ਦੀ ਤਰ੍ਹਾਂ ਐਤਕੀਂ ਵੀ ਇਸ ਸਾਲ ਇਤਿਹਾਸਕ ਪਿੰਡ ਖਡਿਆਲਾ ਸੈਣੀਆਂ ਤੋਂ 1 ਮਾਰਚ ਨੂੰ ਜਾਣ ਵਾਲੇ ਪੈਦਲ ਸੰਗ ਦੀਆਂ ਤਿਆਰੀਆਂ ਆਰੰਭ ਹੋ ਗਈਆ ਹਨ। ਇਸ ਸਬੰਧੀ ਮੇਲੇ ਦੇ ਮੁੱਖ ਸੇਵਾਦਾਰ ਜਥੇਦਾਰ ਰਣਧੀਰ ਸਿੰਘ ਅਤੇ ਗੁਰੂਦਵਾਰਾ ਸਿੰਘ ਸਭਾ ਖਡਿਆਲਾ ਸੈਣੀਆਂ ਦੇ ਪ੍ਰਧਾਨ ਲਵਪ੍ਰੀਤ ਸਿੰਘ ਅਤੇ ਹੋਰਨਾਂ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸਾਲਾਨਾ ਸਮਾਗਮ ਦੇ ਸੰਬੰਧ ਵਿੱਚ ਨਗਰ ਦੇ ਸਾਰੇ ਹੀ ਧਰਮ ਅਸਥਾਨਾਂ 'ਤੇ ਜਲਦੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀਆਂ ਲੜੀਆਂ ਨਿਰੰਤਰ ਸ਼ੁਰੂ ਹੋਣ ਜਾ ਰਹੀਆਂ ਹਨ ਅਤੇ ਨਗਰ ਦੇ ਸਾਰੇ ਧਾਰਮਿਕ ਅਸਥਾਨਾਂ ਨੂੰ ਸਜਾਇਆ ਜਾ ਰਿਹਾ ਹੈ। ਦੇਸ਼ਾਂ ਵਿਦੇਸ਼ਾ ਤੋਂ ਆਉਂਣ ਵਾਲੀਆਂ ਸੰਗਤਾਂ ਦੀ ਰਿਹਾਇਸ਼ ਲਈ ਸਾਰੇ ਢੁੱਕਵੇਂ ਪ੍ਰਬੰਧ ਕੀਤੇ ਜਾ ਰਹੇ ਹਨ। ਜੋੜ ਮੇਲੇ ਦੇ ਸੁਚਾਰੂ ਪ੍ਰਬੰਧ ਚਲਾਉਣ ਲਈ ਗੁਰਦੁਆਰਾ ਸਿੰਘ ਸਭਾ ਖਡਿਆਲਾ ਸੈਣੀਆਂ ਦੇ ਪ੍ਰਬੰਧਕਾਂ ਵੱਲੋਂ ਨੌਜਵਾਨਾਂ ਤੇ ਸੇਵਾਦਾਰਾਂ ਦੀਆਂ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ ਤਾਂ ਜੋ ਸਮਾਗਮਾਂ ਦੇ ਕਾਰਜਾਂ ਨੂੰ ਸਾਚੂਰੂ ਢੰਗ ਨਾਲ ਚਲਾਇਆ ਜਾ ਸਕੇ।



## ਸਕੂਲ ਵਾਹਨ ਕਮੇਟੀ ਦੇ ਮੈਂਬਰਾਂ ਨੇ ਕੀਤੀ ਬੱਸਾਂ ਦੀ ਚੈਕਿੰਗ



**ਮੋਹਾਲੀ (ਗੁਰਜੀਤ ਬਿੱਲਾ)**

ਜ਼ਿਲ੍ਹਾ ਸੇਫ ਸਕੂਲ ਵਾਹਨ ਕਮੇਟੀ ਦੇ ਮੈਂਬਰਾਂ ਵੱਲੋਂ ਐਮਿਟੀ ਇੰਟਰਨੈਸ਼ਨਲ ਸਕੂਲ ਸੈਕਟਰ 79 ਵਿਖੇ ਸੇਫ ਸਕੂਲ ਵਾਹਨ ਸਕੀਮ ਦੀਆਂ ਸ਼ਰਤਾਂ/ਨਿਯਮਾਂ ਸਬੰਧੀ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ। ਇਸ ਕਮੇਟੀ ਵਿੱਚ ਜ਼ਿਲ੍ਹਾ ਐਜੂਕੇਸ਼ਨ ਅਫਸਰ ਪ੍ਰੇਮ ਕੁਮਾਰ ਮਿੱਤਲ ਅਤੇ ਰਿਜਨਲ ਟਰਾਂਸਪੋਰਟ ਦਫਤਰ ਵੱਲੋਂ ਰਣਪ੍ਰੀਤ ਸਿੰਘ ਭਿਉਰਾ ਮੋਟਰ ਵਹੀਕਲ ਇੰਸਪੈਕਟਰ, ਸੁਰਿੰਦਰ ਸਿੰਘ ਏ ਐੱਸ ਆਈ ਟ੍ਰੈਫਿਕ ਜ਼ੋਨ 3, ਮਨਿੰਦਰ ਸਿੰਘ ਸਹਾਇਕ, ਜ਼ਿਲ੍ਹਾ ਚਾਇਲਡ ਪੋਟੈਕਸ਼ਨ ਵਿਭਾਗ, ਕੋਮਲ ਨੰਦਾ ਸਹਾਇਕ, ਐਜੂਕੇਸ਼ਨ ਵਿਭਾਗ ਵੱਲੋਂ ਐਮਿਟੀ ਸਕੂਲ ਦੇ ਮੈਨੇਜਰ (ਟਰਾਂਸਪੋਰਟ) ਸਚਿਨ ਸੈਣੀ ਨਾਲ ਸਕੂਲ ਬੱਸ ਦੇ ਡਰਾਇਵਰਾਂ ਅਤੇ ਲੇਡੀ ਅਟੈਡੈਂਟ ਨੂੰ ਸੇਫ ਸਕੂਲ ਵਾਹਨ ਸਕੀਮ ਅਨੁਸਾਰ ਸਕੂਲੀ ਬੱਸਾਂ ਦੇ ਰੱਖ-ਰਖਾਓ, ਸੁਰੱਖਿਅਤ ਡਰਾਇਵਿੰਗ ਨਿਯਮਾਂ ਦੀ ਪਾਲਣਾ ਕਰਨ ਹਿੱਤ ਅਤੇ ਬੱਚਿਆਂ ਨਾਲ ਚੰਗੇ ਵਿਵਹਾਰ ਕਰਨ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਮੌਜੂਦ ਸਾਰੀਆਂ ਸਕੂਲੀ ਬੱਸਾਂ ਦੀ ਚੈਕਿੰਗ ਅਤੇ ਨਿਰਖਣ ਕੀਤਾ ਗਿਆ ਅਤੇ ਪਾਇਆ ਗਿਆ ਕਿ ਇਨ੍ਹਾਂ ਸਕੂਲੀ ਬੱਸਾਂ ਵਿੱਚ ਮੌਜੂਦ ਕੈਮਰੇ, ਅੱਗ ਬੁਝਾਊ ਯੰਤਰ ਅਤੇ ਫਾਸਟ ਏਡ ਬਾਕਸ ਆਦਿ ਸਹੀ ਪਾਏ ਗਏ ਹਨ। ਡਰਾਇਵਰਾਂ ਨੂੰ ਸੜਕੀ ਨਿਯਮਾਂ, ਰੈਗੂਲਰ ਮੈਡੀਕਲ ਚੈੱਕਅੱਪ ਅਤੇ ਆਪਣੇ ਲਾਇਸੰਸ ਸਮੇਂ-ਸਮੇਂ ਰੀਨਿਊ ਕਰਨ ਬਾਰੇ ਵੀ ਜਾਗਰੂਕ ਕੀਤਾ ਗਿਆ।

# 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਜਾਗਰੂਕਤਾ ਸੈਮੀਨਾਰ



**ਨਵਾਂਸ਼ਹਿਰ, (ਮਨੋਜ ਲਾਡੀ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੜੋਆ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ. ਗੁਰਿੰਦਰਜੀਤ ਸਿੰਘ ਦੇ ਸਹਿਯੋਗ ਨਾਲ 'ਬੇਟੀ ਬਚਾਓ ,ਬੇਟੀ ਪੜ੍ਹਾਓ' ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਜ਼ਿਲ੍ਹਾ ਸਿਹਤ ਅਫ਼ਸਰ-ਕਮ-ਸਿਹਤ ਤੇ ਪਰਿਵਾਰ ਭਲਾਈ ਅਫ਼ਸਰ ਡਾ. ਰੇਨੂ ਮਿੱਤਲ ਦੀ ਅਗਵਾਈ ਵਿਚ ਕਰਵਾਏ ਗਏ ਇਸ ਸੈਮੀਨਾਰ ਵਿਚ ਸਿਹਤ ਵਿਭਾਗ ਦੇ ਅਧਿਕਾਰੀਆਂ, ਕਰਮਚਾਰੀਆਂ, ਪ੍ਰਿੰਸੀਪਲ ਤਜਿੰਦਰ ਸਿੰਘ ਅਤੇ ਸਮੂਹ ਅਧਿਆਪਕਾਂ ਤੇ ਬੱਚਿਆਂ ਨੇ ਪੂਰਨ ਸਹਿਯੋਗ ਦਿੱਤਾ।ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਰੇਨੂ ਮਿੱਤਲ ਨੇ ਪੀ. ਸੀ. ਪੀ .ਐਨ. ਡੀ .ਟੀ ਐਕਟ ਬਾਰੇ ਜਾਗਰੂਕ ਕਰਦਿਆਂ ਦੱਸਿਆ ਕਿ ਦੇਸ਼-ਦੁਨੀਆ ਦੇ ਇਤਿਹਾਸ ਵਿਚ ਬਹੁਤ ਸਾਰੀਆਂ ਅਜਿਹੀਆਂ ਉਦਾਹਰਨਾਂ ਮਿਲਦੀਆਂ ਹਨ, ਜਦੋਂ ਲੜਕੀਆਂ ਤੇ ਮਹਿਲਾਵਾਂ ਨੇ ਦੇਸ਼ ਦਾ ਮਾਨ ਵਧਾਇਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲਾ ਕਰਦਿਆਂ ਪੰਜ ਸਾਲ ਤੱਕ ਦੀਆਂ ਬੱਚੀਆਂ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਕੀਤਾ ਜਾਂਦਾ ਹੈ। ਉਨ੍ਹਾਂ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਬਾਲੜੀ ਸੁਰੱਖਿਆ ਯੋਜਨਾ, ਜਨਨੀ ਸੁਰੱਖਿਆ ਯੋਜਨਾ, ਪੀ ਸੀ ਪੀ ਐਨ ਡੀ ਟੀ ਐਕਟ ਅਤੇ ਹੋਰ ਸੁਵਿਧਾਵਾਂ ਬਾਰੇ ਜਾਗਰੂਕ ਕੀਤਾ।ਉਹਨਾਂ ਨੇ ਕਿਹਾ ਕਿ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੀ ਰਹਿਨੁਮਾਈ ਤਹਿਤ ਸਾਰੇ ਜ਼ਿਲ੍ਹੇ ਦੇ ਸਮੂਹ ਬਲਾਕਾਂ ਵਿਚ ਪੀ ਸੀ ਪੀ ਐਨ ਡੀ ਟੀ ਐਕਟ ਤਹਿਤ ਆਮ ਲੋਕਾ ਨੂੰ ਜਾਗਰੂਕ ਕਰਕੇ ਉਨ੍ਹਾਂ ਦੀ ਮਾਨਸਿਕਤਾ ਨੂੰ ਬਦਲਿਆ ਜਾਵੇਗਾ।ਇਸ ਮੌਕੇ ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਤਰਸੇਮ ਲਾਲ ਨੇ ਦੱਸਿਆ ਕਿ ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਭਰੂਣ ਹੱਤਿਆ ਰੋਕਣਾ, ਸੁਰੱਖਿਅਤ ਵਾਤਾਵਰਨ ਦੇ ਅਨੁਕੂਲ ਸੈਂਨਟਰੀ ਨੈਪਕਿਨ ਪੈਡ ਦੀ ਚੋਣ ਕਰਨਾ ਤੇ ਮਾਹਵਾਰੀ ਦੌਰਾਨ ਸਵੱਛਤਾ ਦਾ ਧਿਆਨ ਰੱਖਣ ਲਈ ਪ੍ਰੇਰਿਤ ਕਰਨਾ ਹੈ।ਇਸ ਮੌਕੇ ਪ੍ਰਿੰਸੀਪਲ ਤਜਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਸਮਾਜ ਅੰਦਰ ਫੈਲੀਆਂ ਭਰੂਣ ਹੱਤਿਆ ਵਰਗੀਆਂ ਕੁਰੀਤੀਆਂ ਮਿਟਾਉਣ ਅਤੇ ਲੜਕੀਆਂ ਦੀ ਪੜ੍ਹਾਈ 'ਤੇ ਜ਼ੋਰ ਦੇਣਾ ਚਾਹੀਦਾ ਹੈ।ਇਸ ਮੌਕੇ ਆਰ ਬੀ ਐਸ ਕੇ ਟੀਮ ਤੋਂ ਡਾ. ਰਾਜ ਕੁਮਾਰ, ਸਮਿਤਾ ਰਾਣੀ, ਹਰਨੇਕ ਸਿੰਘ ਜ਼ਿਲ੍ਹਾ ਪੀ ਐਨ ਡੀ ਟੀ ਕੋਆਰਡੀਨੇਟਰ, ਹਰਿੰਦਰ ਸਿੰਘ ਹੈਲਥ ਇੰਸਪੈਕਟਰ, ਗੁਰਕਿਰਪਾਲ ਸਿੰਘ ਸੰਧੂ, ਨਿਰੰਜਨ ਜੀਤ ਸਿੰਘ, ਸੁਰਿੰਦਰ ਕੁਮਾਰ, ਸੁਰਿੰਦਰ ਪਾਲ ਸਿੰਘ, ਜੁਝਾਰ ਸਿੰਘ ਅਤੇ ਅਧਿਆਪਕਾਂ ਵਿਜੇ ਸ਼ਰਮਾ ਅਲਕਾ ਸ਼ਰਮਾ, ਗੁਰਿੰਦਰ ਪਾਲ ਸਿੰਘ, ਨਿਰੰਜਨ ਜੀਤ ਸਿੰਘ, ਨਿਰਮਲ ਕੁਮਾਰ,ਨਵਨੀਤ ਕੌਰ, ਸੋਨੀਆ ਰਾਣੀ, ਸੁਮਿਤਾ, ਰਜਨੀ ਬਾਲਾ, ਕਿਰਨ, ਸੁਰਿੰਦਰ ਕੁਮਾਰ ਕੈਂਪਸ ਮੈਨੇਜਰ ਅਤੇ ਵਿਦਿਆਰਥੀਆਂ ਵੱਲੋਂ ਪੂਰਨ ਸਹਿਯੋਗ ਦਿੱਤਾ ਗਿਆ।

## ਏਡਜ਼ ਪ੍ਰਤੀ ਜਾਗਰੂਕਤਾ ਰੈਲੀ ਦਾ ਆਯੋਜਨ

**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਐਨ ਐਸ ਐਸ ਯੂਨਿਟ ਅਤੇ ਰੈੱਡ ਰਿਬਨ ਕਲੱਬ ਐਲ ਕੇ ਸੀ ਨੇ ਏਡਜ਼ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਇੱਕ ਰੈਲੀ ਦਾ ਆਯੋਜਨ ਕੀਤਾ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਭਾਰਤ ਵਿੱਚ ਬਾਲਗਾਂ ਵਿੱਚ ਏਡਜ਼ ਪ੍ਰਤੀ ਗਿਆਨ ਦੀ ਘਾਟ ਹੈ । ਨੌਜਵਾਨਾਂ ਨੂੰ ਇਸ 'ਚ ਸ਼ਾਮਲ ਕਰਕੇ ਸਮੂਹਿਕ ਸਮਾਗਮਾਂ ਰਾਹੀਂ ਵਧਾਉਣ ਦੀ ਲੋੜ ਹੈ । ਉਨ੍ਹਾਂ ਵਿਦਿਆਰਥੀਆਂ ਨੂੰ ਸਿਹਤਮੰਦ ਜੀਵਨ ਸ਼ੈਲੀ ਬਣਾਈ ਰੱਖਣ ਅਤੇ ਸਰੀਰਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੀ ਸਲਾਹ ਦਿੱਤੀ । ਬਾਅਦ ਵਿੱਚ, ਉਨ੍ਹਾਂ ਰੈਲੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਚੀਫ ਐਨ ਐਸ ਐਸ ਪ੍ਰੋਗਰਾਮ ਅਫਸਰ ਪ੍ਰੋ. ਸਤਪਾਲ ਸਿੰਘ ਨੇ ਕਿਹਾ ਕਿ ਇਹ ਰੈਲੀ ਯੁਵਕ ਸੇਵਾਵਾਂ, ਪੰਜਾਬ ਸਰਕਾਰ ਦੇ ਨਿਰਦੇਸ਼ਾਂ ਹੇਠ ਆਯੋਜਿਤ ਕੀਤੀ ਗਈ ਸੀ। ਉਨ੍ਹਾਂ ਅੱਗੇ ਦੱਸਿਆ ਕਿ ਇਸ 4 ਕਿਲੋਮੀਟਰ ਰੈਲੀ ਦੌਰਾਨ ਵਲੰਟੀਅਰਾਂ ਨੇ ਏਡਜ਼ ਸੰਬੰਧੀ ਜਾਗਰੂਕਤਾ ਫੈਲਾਉਣ ਦੇ ਨਾਅਰੇ ਲਗਾਏ ਅਤੇ ਪੋਸਟਰ ਦਿਖਾਏ। ਰੈਲੀ ਕਾਲਜ ਤੋਂ ਸ਼ੁਰੂ ਹੋ ਕੇ ਹਰਗੋਬਿੰਦਪੁਰਾ ਅਤੇ ਸਾਂਝ ਕੇਂਦਰ ਰਾਹੀਂ ਡਿਫੈਂਸ ਕਲੋਨੀ ਤੋਂ ਹੁੰਦੇ ਹੋਏ ਕਾਲਜ ਗੇਟ ਤੇ ਸਮਾਪਤ ਹੋਈ। ਇਸ ਮੌਕੇ ਕੰਵਰ ਸੁਖਜੀਤ ਸਿੰਘ ਦਫਤਰ ਸੁਪਰਡੈਂਟ ਅਤੇ ਸੁਰਿੰਦਰ ਕੁਮਾਰ ਚਲੋਤਰਾ ਪੀ.ਏ. ਟੂ ਪ੍ਰਿੰਸੀਪਲ ਵੀ ਮੌਜੂਦ ਸਨ।




## ਡਿਸਪੈਂਸਰੀ ਤੇ ਲੈਬਾਰਟਰੀ ਵਾਸਤੇ ਸਹਿਯੋਗ ਲਈ ਮੀਟਿੰਗ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ. ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਦੀ ਟੀਮ ਨੇ ਪਿੰਡ ਸਾਹਨੀ ਦੇ ਗੁਰਦੁਆਰਾ ਸਾਹਿਬ ਵਿਖੇ ਪਿੰਡ ਦੀ ਸਮੂਹ ਪੰਚਾਇਤ ਅਤੇ ਪਿੰਡ ਦੀਆਂ ਸੰਗਤਾਂ ਨਾਲ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਦੀ ਬੇਹਤਰੀ ਅਤੇ ਭਲਾਈ ਲਈ ਮੀਟਿੰਗ ਕੀਤੀ ਗਈ, ਜਿਸ 'ਚ ਨਗਰ ਦੀਆਂ ਸੰਗਤਾਂ ਨੇ ਵੱਧ ਤੋਂ ਵੱਧ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਇਸ ਮੌਕੇ ਸੰਸਥਾ ਦੇ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਸੰਸਥਾ ਵੱਲੋਂ ਹੁਣ ਤੱਕ ਕੀਤੇ ਕਾਰਜਾਂ ਬਾਰੇ ਅਤੇ ਆਉਣ ਵਾਲੇ ਸਮੇਂ ਵਿੱਚ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਸੰਸਥਾ ਦੇ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਤੋਂ ਇਲਾਵਾ ਇਸ ਮੌਕੇ ਸਰਪੰਚ ਸ੍ਰੀ ਮੱਤੀ ਬਖਸ਼ਿੰਦਰ ਕੌਰ ਸਾਹਨੀ,ਪੰਚ ਸਤਨਾਮ ਸਿੰਘ,ਪੰਚ ਜਸਵਿੰਦਰ ਕੌਰ,ਪੰਚ ਰਾਜਵਿੰਦਰ ਕੌਰ,ਪੰਚ ਮੋਨਿਕਾ ਰਾਣੀ, ਹਰਦੀਪ ਸਿੰਘ ਨਸੀਰਾਬਾਦ,ਬਲਜੀਤ ਸਿੰਘ ਬਿੱਲਾ ਅਜਨੋਹਾ, ਲੰਬਰਦਾਰ ਪਰਮਜੀਤ ਸਿੰਘ ਜਲਵੇਹੜਾ,ਸਾਬਕਾ ਸਰਪੰਚ ਅਵਤਾਰ ਸਿੰਘ ਨਸੀਰਾਬਾਦ, ਸੁਖਦੇਵ ਸਿੰਘ ਸੁੱਖਾ,ਬਹਾਦਰ ਸਿੰਘ, ਹਰਵਿੰਦਰ ਸਿੰਘ, ਰਣਜੀਤ ਸਿੰਘ, ਹਰਭਜਨ ਸਿੰਘ, ਭਗਵਾਨ ਸਿੰਘ, ਬਲਕਾਰ ਸਿੰਘ, ਹਰਨੇਕ ਸਿੰਘ, ਅਜੈਬ ਸਿੰਘ, ਬਲਜਿੰਦਰ ਸਿੰਘ, ਲਛਮਣ ਸਿੰਘ, ਲਵਪ੍ਰੀਤ ਸਿੰਘ, ਪਰਮਜੀਤ ਕੌਰ ਅਤੇ ਮੈਂਟੂ ਆਦਿ ਹਾਜ਼ਰ ਸਨ।

# ਚਾਈਨਾ ਡੋਰ ਦੀ ਲਪੇਟ 'ਚ ਆ ਕੇ ਨੌਜਵਾਨ ਜ਼ਖਮੀ



ਚਾਈਨਾ ਡੋਰ ਦੀ ਲਪੇਟ ਵਿੱਚ ਆਏ ਵਿਅਕਤੀ ਦਾ ਹਾਲ ਜਾਣਦੇ ਹੋਏ ਐੱਸ ਡੀ ਐੱਮ ਅਸ਼ੋਕ ਕੁਮਾਰ ਤੇ ਸਿਟੀ ਪੁਲਸ ਚੌਕੀ ਇੰਚਾਰਜ ਹਰਦੀਪ ਸਿੰਘ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸ਼ਹਿਰ ਦੇ ਜਾਖਲ ਰੋਡ 'ਤੇ ਵੀਰਵਾਰ ਦੁਪਹਿਰ ਸਮੇਂ ਇੱਕ ਮੋਟਰਸਾਈਕਲ ਸਵਾਰ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਜ਼ਖਮੀ ਹੋ ਗਿਆ।ਜ਼ਖਮੀ ਨੌਜਵਾਨ ਨੂੰ ਤੁਰੰਤ ਰਾਹਗੀਰਾਂ ਵੱਲੋਂ ਹਸਪਤਾਲ ਪਹੁੰਚਾਇਆ ਗਿਆ।ਘਟਨਾ ਦਾ ਪਤਾ ਲੱਗਦਿਆਂ ਹੀ ਐੱਸ ਡੀ ਐੱਮ ਪਾਤੜਾਂ ਅਸ਼ੋਕ ਕੁਮਾਰ ਤੇ ਸਿਟੀ ਪੁਲਸ ਚੌਕੀ ਦੇ ਇੰਚਾਰਜ ਹਰਦੀਪ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਨੌਜਵਾਨ ਦਾ ਹਾਲ ਜਾਣਿਆ। ਜਾਣਕਾਰੀ ਅਨੁਸਾਰ ਜਾਖਲ ਰੋਡ 'ਤੇ ਸਥਿਤ ਕ੍ਰਿਸ਼ਨਾ ਬਸਤੀ ਵਾਸੀ 22 ਸਾਲਾ ਨੌਜਵਾਨ ਅੰਕਿਤ ਮਿੱਤਲ ਪੁੱਤਰ ਨਰੇਸ਼ ਕੁਮਾਰ, ਜੋ ਨਜ਼ਦੀਕੀ ਪਿੰਡ ਹਾਮਝੇੜੀ ਵਿਖੇ ਪਲਾਈਵੁੱਡ ਦੀ ਫੈਕਟਰੀ ਵਿੱਚ ਕੰਮ ਕਰਦਾ ਸੀ, ਦੁਪਹਿਰ ਸਮੇਂ ਘਰੋਂ ਖਾਣਾ ਖਾ ਕੇ ਜਦੋਂ ਵਾਪਸ ਫੈਕਟਰੀ ਜਾ ਰਿਹਾ ਸੀ ਤਾਂ ਅਚਾਨਕ ਚਾਈਨਾ ਡੋਰ ਨੇ ਉਸ ਨੂੰ ਲਪੇਟ ਵਿੱਚ ਲੈ ਲਿਆ, ਜਿਸ ਕਰਕੇ ਉਸ ਦੇ ਗਲੇ ਉੱਤੇ ਡੂੰਘਾ ਜ਼ਖਮ ਪੈ ਗਿਆ।ਇਸ ਦੌਰਾਨ ਰਾਹਗੀਰਾਂ ਵੱਲੋਂ ਜ਼ਖਮੀ ਹੋਏ ਨੌਜਵਾਨ ਦੇ ਗਲ ਉੱਤੇ ਪਰਨਾ ਬੰਨ੍ਹ ਕੇ ਉਸ ਨੂੰ ਮੋਟਰਸਾਈਕਲ ਉੱਪਰ ਹੀ ਤੁਰੰਤ ਹਸਪਤਾਲ ਪਹੁੰਚਾਇਆ ਗਿਆ।ਇਸ ਦੌਰਾਨ ਇਲਾਜ ਕਰ ਰਹੇ ਡਾਕਟਰ ਕਰਨ ਭਟਨਾਗਰ ਨੇ ਦੱਸਿਆ ਕਿ ਉਕਤ ਨੌਜਵਾਨ ਦੀ ਹਾਲਤ ਖਤਰੇ ਤੋਂ ਬਾਹਰ ਹੈ ਤੇ ਉਸ ਨੂੰ ਟਾਂਕੇ ਲਗਾ ਕੇ ਘਰ ਭੇਜ ਦਿੱਤਾ ਜਾਵੇਗਾ।ਮੌਕੇ ਉੱਤੇ ਪਹੁੰਚੇ ਐੱਸ ਡੀ ਐੱਮ ਅਸ਼ੋਕ ਕੁਮਾਰ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੁਝ ਪੈਸਿਆਂ ਦੇ ਲਾਲਚ ਵਿੱਚ ਰਾਹਗੀਰਾਂ ਨੂੰ ਮੌਤ ਵੰਡਣ ਵਾਲੇ ਨੂੰ ਚਾਈਨਾ ਡੋਰ ਵੇਚਣ ਤੋਂ ਗੁਰੇਜ ਕਰਨਾ ਚਾਹੀਦਾ ਹੈ।ਉਨ੍ਹਾਂ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੋਈ ਵੀ ਆਪਣੇ ਬੱਚਿਆਂ ਨੂੰ ਪਤੰਗ ਉਡਾਉਣ ਲਈ ਚਾਈਨਾ ਡੋਰ ਨਾ ਲੈ ਕੇ ਦੇਵੇ।ਇਸ ਦੌਰਾਨ ਸਿਟੀ ਪੁਲਸ ਚੌਕੀ ਦੇ ਇੰਚਾਰਜ ਹਰਦੀਪ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਉੱਤੇ ਪੁਲਸ ਵੱਲੋਂ ਚਾਈਨਾ ਡੋਰ ਵੇਚਣ ਵਾਲਿਆਂ 'ਤੇ ਸਖਤੀ ਨਾਲ ਨਜ਼ਰ ਰੱਖੀ ਜਾ ਰਹੀ ਹੈ।ਉਨ੍ਹਾ ਕਿਹਾ ਕਿ ਅਗਰ ਕੋਈ ਵੀ ਵਿਅਕਤੀ ਚਾਈਨਾ ਡੋਰ ਵੇਚਦਾ ਜਾਂ ਖਰੀਦਦਾ ਫੜਿਆ ਗਿਆ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

# ਕੇਂਦਰ ਵੱਲੋਂ ਲਾਗੂ ਯੂਨੀਫਾਈਡ ਪੈਨਸ਼ਨ ਸਕੀਮ ਮੁਲਾਜ਼ਮਾਂ ਨਾਲ ਵੱਡਾ ਧੋਖਾ : ਡੀ ਟੀ ਐੱਫ਼



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਆਦਰਸ਼ ਪ੍ਰਾਇਮਰੀ ਸਕੂਲ ਬਠਿੰਡਾ, ਸਰਕਾਰੀ ਹਾਈ ਸਕੂਲ ਗੁਰੂ ਨਾਨਕਪੁਰਾ, ਮਹਿਮਾ ਸਰਜਾ, ਜੰਡਾਂਵਾਲਾ, ਜੇਠੂ ਕੇ, ਘੋਖਰ, ਮੌੜ ਚੜਤ ਸਿੰਘ, ਖੇਮੂਆਣ, ਕੋਟਲੀ ਖੁਰਦ, ਬਾਠ, ਬੀੜ ਬਹਿਣ, ਘੋਖਰ, ਬਦੀਆਲਾ, ਦਿਆਲਪੁਰ ਮਿਰਜਾ ਤੇ ਲਹਿਰਾ ਮੁਹੱਬਤ ਆਦਿ ਦੇ ਸਕੂਲਾਂ ਵਿੱਚ ਕੇਂਦਰ ਸਰਕਾਰ ਵਲੋਂ ਜਾਰੀ ਏਕਾਕਿਰਤ ਪੈਨਸ਼ਨ ਯੋਜਨਾ (ਯੂ ਪੀ ਐਸ) ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ। ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਡੀ ਟੀ ਐਫ਼ ਦੇ ਜਿਲ੍ਹਾ ਬਠਿੰਡਾ ਦੇ ਪ੍ਰਧਾਨ ਰੇਸ਼ਮ ਸਿੰਘ, ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ, ਪ੍ਰੈਸ ਸਕੱਤਰ ਗੁਰਪ੍ਰੀਤ ਸਿੰਘ ਨੇ ਕਿਹਾ ਨੇ ਕਿਹਾ ਕਿ ਯੂਨੀਫਾਈਡ ਪੈਨਸਨ ਸਕੀਮ ਮੁਲਾਜਮਾ ਨਾਲ ਇੱਕ ਹੋਰ ਧੋਖਾ ਹੈ। ਅਧਿਆਪਕ ਆਗੂਆਂ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਬੀਤੇ ਦਿਨੀ ਕੇਂਦਰ ਸਰਕਾਰ ਨੇ ਜਿਹੜੀ ਯੂਨੀਫਾਈਡ ਪੈਨਸ਼ਨ ਸਕੀਮ ਜਾਰੀ ਕੀਤੀ ਗਈ ਹੈ, ਇਹ ਸਕੀਮ ਮੁਲਾਜ਼ਮਾਂ ਲਈ ਬਹੁਤ ਘਾਤਕ ਹੈ, ਕਿਉਂ ਜੋ ਇਸ ਸਕੀਮ ਅਨੁਸਾਰ ਸਰਕਾਰ ਮੁਲਾਜ਼ਮਾਂ ਦਾ ਪੈਸਾ ਹੜੱਪ ਕੇ ਮੁਲਾਜ਼ਮਾਂ ਨੂੰ ਥੋੜ੍ਹੀ ਜਹੀ ਪੈਨਸ਼ਨ ਦੇ ਦੇ ਕੇ ਬੁਢਾਪਾ ਰੋਲਣਾ ਚਾਹੁੰਦੀ ਹੈ। ਇਸ ਤੋਂ ਵੀ ਅੱਗੇ ਉਹ ਆਪਣੇ ਪੂੰਜੀਪਤੀ ਮਿੱਤਰਾਂ ਨੂੰ ਮੁਲਾਜ਼ਮਾਂ ਦੀ ਕਮਾਈ ਦਾ ਪੈਸਾ ਲੁਟਾਉਣਾ ਚਾਹੁੰਦੀ ਹੈ। ਡੀ ਟੀ ਐਫ਼ ਬਠਿੰਡਾ ਦੇ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਮਾਈਸਰਖਾਨਾ, ਰਾਮਪੁਰਾ ਦੇ ਵਿਕਾਸ ਗਰਗ, ਤਲਵੰਡੀ ਦੇ ਭੋਲਾ ਰਾਮ, ਗੋਨਿਆਣਾ ਦੇ ਕੁਲਵਿੰਦਰ ਸਿੰਘ, ਭਗਤੇ ਦੇ ਰਾਜਵਿੰਦਰ ਸਿੰਘ, ਮੌੜ ਦੇ ਬਲਕਰਨ ਸਿੰਘ, ਸੰਗਤ ਦੇ ਅਸ਼ਵਨੀ ਕੁਮਾਰ ਨੇ ਕਿਹਾ ਕਿ ਇਹ ਸਕੀਮ ਮੁਲਾਜ਼ਮ ਨੂੰ ਰਿਟਾਇਰਮੈਂਟ ਤੋਂ ਬਾਅਦ ਖਾਲੀ ਹੱਥ ਘਰ ਤੋਰਨ ਦੀ ਸਕੀਮ ਹੈ। ਇਸ ਸਕੀਮ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਥੇਬੰਦੀ ਦੇ ਵਿੱਤ ਸਕੱਤਰ ਤੇ ਜ਼ਿਲ੍ਹਾ ਕਮੇਟੀ ਮੈਂਬਰ ਅਨਿਲ ਭੱਟ, ਬਲਜਿੰਦਰ ਕੌਰ, ਰਣਦੀਪ ਕੌਰ ਖਾਲਸਾ ਨੇ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਦੀ ਪੈਨਸ਼ਨ ਸਕੀਮ ਨੂੰ ਰੱਦ ਕਰਕੇ ਆਪਣੇ ਅਧੂਰੇ ਨੋਟੀਫਿਕੇਸ਼ਨ ਨੂੰ ਪੂਰਾ ਕਰਕੇ 1972 ਦੇ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਬਹਾਲ ਕਰੇ।

## ਅਣਪਛਾਤੇ ਵਿਅਕਤੀਆਂ ਵੱਲੋਂ ਸਰਕਾਰੀ ਬੱਸ 'ਤੇ ਹਮਲਾ

**ਲੁਧਿਆਣਾ (ਐੱਮ ਐੱਸ ਭਾਟੀਆ)**-ਪੰਜਾਬ ਰੋਡਵੇਜ਼ ਪਨਬਸ ਲੁਧਿਆਣਾ ਡਿੱਪੂ ਦੀ ਬੱਸ ਲੁਧਿਆਣਾ-ਦਿੱਲੀ ਰੂਟੀਨ ਮੁਤਾਬਿਕ ਜਾ ਰਹੀ ਸੀ ਤਾਂ ਸਾਹਨੇਵਾਲ ਕੋਲ ਕੁਝ ਗੁੰਡਿਆਂ ਵੱਲੋਂ ਕਾਰਾਂ ਅੱਗੇ ਲਗਾ ਕੇ ਬਸ ਨੂੰ ਰੋਕ ਕੇ ਤੇਜ਼ਧਾਰ ਹਥਿਆਰਾਂ ਨਾਲ ਬਸ ਸਟਾਫ ਨਾਲ ਕੁੱਟਮਾਰ ਕੀਤੀ ਗਈ ਅਤੇ ਸਵਾਰੀਆਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਅਤੇ ਅੰਨ੍ਹੇਵਾਹ ਇੱਟਾਂ ਰੋੜੇ ਚਲਾਏ ਗਏ, ਜਿਸ ਕਾਰਨ ਬਸ ਡਰਾਈਵਰ ਗੰਭੀਰ ਜ਼ਖਮੀ ਹੋ ਗਿਆ ਤੇ ਬਸ ਦੀ ਭੰਨਤੋੜ ਕਰਕੇ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ।ਉਪਰੰਤ ਨਾਲ ਦੇ ਸਟਾਫ ਵੱਲੋਂ ਤੁਰੰਤ ਡਰਾਈਵਰ ਨੂੰ ਸਾਹਨੇਵਾਲ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਲੁਧਿਆਣੇ ਰੈਫਰ ਕਰ ਦਿੱਤਾ ਗਿਆ, ਜੋ ਕਿ ਜ਼ੇਰੇ ਇਲਾਜ ਹੈ, ਜਿਸ ਦੇ ਬਾਅਦ ਰੋਸ ਵਜੋਂ ਬਸ ਡਰਾਈਵਰਾਂ ਨੇ ਹਾਈਵੇ 'ਤੇ ਜਾਮ ਲਗਾ ਦਿੱਤਾ ਤਾਂ ਕੁਝ ਦੇਰ ਬਾਅਦ ਜਥੇਬੰਦੀ ਦੇ ਨੁਮਾਇੰਦਿਆਂ ਨੇ ਪ੍ਰਸ਼ਾਸਨ ਨਾਲ ਗੱਲਬਾਤ ਕੀਤੀ ਤੇ ਪ੍ਰਸ਼ਾਸਨ ਨੇ ਤੁਰੰਤ ਸਖਤ ਕਾਰਵਾਈ ਕਰਕੇ ਦੋਸ਼ੀਆਂ ਨੂੰ ਅਰੈਸਟ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਬਾਅਦ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਲੋਕਾਂ ਦੀ ਖੱਜਲ ਖਵਾਰੀ ਨੂੰ ਵੇਖਦਿਆਂ ਮੌਕੇ 'ਤੇ ਜਾਮ ਨੂੰ ਖੁੱਲ੍ਹਵਾ ਦਿੱਤਾ ਅਤੇ ਨਾਲ ਹੀ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਤੁਰੰਤ ਐੱਫ ਆਰ ਆਈ ਦਰਜ ਕਰਕੇ ਗ੍ਰਿਫਤਾਰ ਨਾ ਕੀਤਾ ਤਾਂ 7 ਫਰਵਰੀ 2025 ਨੂੰ ਜਥੇਬੰਦੀ ਵੱਲੋਂ ਫਿਰ ਸਾਹਨੇਵਾਲ ਥਾਣੇ ਸਾਹਮਣੇ ਹਾਈਵੇ 'ਤੇ ਧਰਨਾ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨਸਾਫ ਮਿਲਣ ਤੱਕ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ।

## ਕਿਸਾਨਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀ ਕਰਾਂਗੇ : ਮਨਜੀਤ ਸਿੰਘ ਧਨੇਰ

**ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ)**-ਇਲਾਕਾ ਜਗਰਾਉਂ ਦੇ



ਪਿੰਡਾਂ ਵਿੱਚ ਲੱਗ ਰਹੀਆਂ ਬਾਇਓ ਗੈਸ ਫੈਕਟਰੀਆਂ ਦੇ ਵਿਰੋਧ ਵਿੱਚ ਸ਼ੰਘਰਸ਼ ਨੂੰ ਦਬਾਉਣ ਲਈ ਪੰਜਾਬ ਪੁਲਿਸ ਵੱਲੋਂ ਸਰਕਾਰ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਹਰ ਹਰਬਾ ਵਰਤਿਆ ਜਾ ਰਿਹਾ ਹੈ।ਭਾਕਿਯੂ ਡਕੌਂਦਾ ਦੇ ਸੂਬਾਈ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਜਥੇਬੰਦੀਆਂ ਵੱਲੋਂ ਪ੍ਰਦੂਸ਼ਣ ਫੈਲਾਉਣ ਵਾਲੀਆਂ ਫੈਕਟਰੀਆਂ ਵਿਰੁੱਧ ਸੰਘਰਸ਼ ਲੜਿਆ ਜਾ ਰਿਹਾ ਹੈ, ਪਰ ਸੂਬਾ ਸਰਕਾਰ ਪ੍ਰਦੂਸ਼ਣ ਫੈਲਾਉਣ ਵਾਲੇ ਫੈਕਟਰੀ ਮਾਲਕਾਂ ਵਿਰੁੱਧ ਕਾਰਵਾਈ ਕਰਨ ਦੀ ਥਾਂ ਸੰਘਰਸ਼ ਲੜ ਰਹੇ ਲੋਕਾਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਉਣਾ ਚਾਹੁੰਦੀ ਹੈ।ਸੀ ਐਨ ਜੀ ਫੈਕਟਰੀ ਅੱਗੇ ਸ਼ਾਂਤਮਈ ਸੰਘਰਸ਼ ਕਰ ਰਹੇ ਲੋਕਾਂ ਉਪਰ ਕੀਤੀ ਕਾਰਵਾਈ ਬਹੁਤ ਨਿੰਦਣਯੋਗ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਰੋਕਣ ਲਈ ਵੱਖ-ਵੱਖ ਥਾਵਾਂ 'ਤੇ ਕੀਤੀ ਨਾਕਾਬੰਦੀ ਦੌਰਾਨ ਕਿਸਾਨਾਂ ਨੂੰ ਤੰਗ ਪ੍ਰੇਸ਼ਾਨ ਕੀਤੇ ਜਾਣ ਨੂੰ ਭਾਕਿਯੂ ਡਕੌਂਦਾ ਕਿਸੇ ਹਾਲਤ ਵਿੱਚ ਬਰਦਾਸ਼ਤ ਨਹੀਂ ਕਰੇਗੀ।ਉਨ੍ਹਾਂ ਸਮੂਹ ਕਿਸਾਨਾਂ ਨੂੰ ਸੂਬਾ ਸਰਕਾਰ ਦੀ ਧੱਕੇਸ਼ਾਹੀ ਖਿਲਾਫ਼ ਲਾਮਬੰਦੀ ਨੂੰ ਮਜ਼ਬੂਤ ਬਣਾ ਕੇ ਸ਼ੰਘਰਸ਼ਾਂ ਵਿੱਚ ਕੁੱਦਣ ਦੀ ਅਪੀਲ ਕੀਤੀ।

# ਬਨੇਗਾ ਵਲੰਟੀਅਰਾਂ ਵੱਲੋਂ ਇਕੱਠੀ ਕੀਤੀ ਸਹਾਇਤਾ ਰਾਸ਼ੀ ਹਾਦਸਾ ਪੀੜਤ ਪਰਵਾਰਾਂ ਨੂੰ ਭੇਟ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਸਥਾਨਕ ਡੇਰਾ ਭਜਨਗੜ੍ਹ ਗੁਰਦੁਆਰਾ ਸਾਹਿਬ ਵਿਖੇ ਸਰਬ ਭਾਰਤ ਨੌਜਵਾਨ ਸਭਾ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਤੇ ਬਨੇਗਾ ਵੰਲਟੀਅਰਾਂ ਵੱਲੋਂ ਪਿਛਲੇ ਦਿਨੀਂ ਸੜਕ ਹਾਦਸੇ ਵਿੱਚ ਮਾਰੇ ਗਏ ਨੌਜਵਾਨ ਕਿਰਤੀਆਂ ਦੇ ਪਰਵਾਰਾਂ ਲਈ ਇਕੱਠੀ ਕੀਤੀ ਗਈ ਸਹਾਇਤਾ ਰਾਸ਼ੀ ਪੀੜਤ ਪਰਵਾਰਾਂ ਨੂੰ ਸਮੂਹਕ ਰੂਪ ਵਿੱਚ ਭੇਟ ਕੀਤੀ ਗਈ।ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਧਰਮੂ ਵਾਲਾ, ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਆਗੂ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸਰਾਜ ਗੋਲਡਨ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਕਾਮਰੇਡ ਸੁਰਿੰਦਰ ਸਿੰਘ ਢੰਡੀਆਂ, ਪਿੰਡ ਗੋਲੂ ਕਾ ਦੇ ਸਰਪੰਚ ਸੁੱਖਵਿੰਦਰ ਕੁਮਾਰ, ਬਲਦੇਵ ਰਾਜ ਤੇ ਭਜਨਗੜ੍ਹ ਬਲੱਡ ਡੋਨਰ ਗਰੁੱਪ ਦੇ ਪ੍ਰਧਾਨ ਵਿਜੇ ਥਿੰਦ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਮੌਕੇ ਹਾਜ਼ਰ ਪੀੜਤ ਪਰਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਉਕਤ ਆਗੂਆਂ ਨੇ ਕਿਹਾ ਕਿ ਇਹ ਦਰਘਟਨਾ ਇਸ ਇਲਾਕੇ ਦੀ ਹੁਣ ਤੱਕ ਦੀ ਸਬ ਤੋਂ ਦਰਦਨਾਕ ਦੁਰਘਟਨਾ ਹੈ, ਜਿਸ ਦਾ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ ਅਤੇ ਪਰਵਾਰਾਂ ਲਈ ਅਸਹਿ ਹੈ।ਆਗੂਆਂ ਨੇ ਕਿਹਾ ਕਿ ਬਨੇਗਾ ਵਲੰਟੀਅਰਾਂ ਵੱਲੋਂ ਪੀੜਤ ਪਰਵਾਰਾਂ ਦੀ ਮਦਦ ਲਈ ਗੁਰੂ ਹਰਸਹਾਏ, ਗੋਲੂ ਕਾ ਮੋੜ, ਪਿੰਡੀ ਤੇ ਮੰਡੀ ਪੰਜੇ ਕੇ ਦੇ ਬਾਜ਼ਾਰਾਂ, ਦੁਕਾਨਾਂ ਅਤੇ ਘਰਾਂ ਇਲਾਕੇ ਦੇ ਦਾਨੀ ਸੱਜਣਾਂ ਕੋਲ ਜਾ ਕੇ ਸਹਾਇਤਾ ਇਕੱਠੀ ਕੀਤੀ ਗਈ ਇੱਕ ਲੱਖ ਬਾਰਾਂ ਹਜ਼ਾਰ ਰੁਪਏ ਦੀ ਰਾਸ਼ੀ 12 ਮ੍ਰਿਤਕਾਂ ਦੇ ਪੀੜਤ ਪਰਵਾਰਾਂ, ਜਿਸ ਮੁਕੇਸ਼ ਕੁਮਾਰ, ਲੱਖਣ, ਯੁੱਗਲ ਮੰਡਲ, ਵਿੱਕੀ, ਰਵੀ, ਸੁੱਧ ਸਿੰਘ, ਬੱਗਾ ਸਿੰਘ, ਜਸਵੰਤ ਸਿੰਘ, ਮਲਕੀਤ ਸਿੰਘ ਤੇ ਚਾਂਦ ਦੇ ਪਰਵਾਰਾਂ ਨੂੰ ਦਸ ਦਸ ਹਜ਼ਾਰ ਰੁਪਏ ਭੇਟ ਕਰ ਦਿੱਤੇ ਗਏ।ਇਸ ਮੌਕੇ ਆਗੂਆਂ ਨੇ ਆਪਣੇ ਗੂਗਲ ਪੇ ਨੰਬਰ, ਜਿਸ ਵਿੱਚ ਸਾਥੀ ਹੰਸ ਰਾਜ ਗੋਲਡਨ ਦਾ ਨੰਬਰ 98728-10908 ਤੇ ਚਰਨਜੀਤ ਸਿੰਘ ਛਾਂਗਾ ਰਾਏ ਦਾ ਗੂਗਲ ਪੇ ਨੰਬਰ 98559-17776 ਜਾਰੀ ਕਰਕੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜ਼ਖ਼ਮੀਆਂ ਦੇ ਇਲਾਜ ਲਈ ਵੀ ਵੱਧ ਤੋਂ ਵੱਧ ਮਦਦ ਕਰਨ।

# ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਦੀ ਮੀਟਿੰਗ ਸੰਪੰਨ

**11 ਮਾਰਚ ਨੂੰ ਹੋਣ ਵਾਲੀ ਰੈਲੀ 'ਚ ਜਲਾਲਾਬਾਦ ਤੋਂ ਜਲ ਸਪਲਾਈ ਵਰਕਰ ਸ਼ਾਮਲ ਹੋਣਗੇ : ਫਲੀਆਂਵਾਲਾ**



**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਬ੍ਰਾਂਚ ਜਲਾਲਾਬਾਦ ਦੀ ਮੀਟਿੰਗ ਸਥਾਨਕ ਸ਼ਹੀਦ ਉਧਮ ਸਿੰਘ ਪਾਰਕ ਵਿਖੇ ਬ੍ਰਾਂਚ ਪ੍ਰਧਾਨ ਰਾਕੇਸ਼ ਸਿੰਘ ਹੀਰੇਵਾਲਾ ਦੀ ਅਗਵਾਈ ਹੇਠ ਹੋਈ। ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਸਰਕਲ ਸਕੱਤਰ ਜਸਵਿੰਦਰ ਸਿੰਘ ਚੱਕ ਜਾਨੀਸਰ, ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ, ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਨੂਰ ਸਮੰਦ ਤੇ ਦਫਤਰੀ ਸਟਾਫ ਦੇ ਆਗੂ ਸੁਖਚੈਨ ਸਿੰਘ ਸੋਢੀ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ 'ਚ ਪਿਛਲੇ 15-20 ਸਾਲਾਂ ਤੋਂ ਬਤੌਰ ਇਨਲਿਸਟਮੈਂਟ ਤੇ ਆਊਟਸੋਰਸ ਤਹਿਤ ਜਲ ਸਪਲਾਈ ਸਕੀਮਾਂ ਅਤੇ ਦਫਤਰਾਂ ਵਿੱਚ ਸੇਵਾਵਾਂ ਨਿਭਾਅ ਰਹੇ ਠੇਕਾ ਅਧਾਰਤ ਮੁਲਾਜ਼ਮਾਂ ਨੂੰ ਉਨ੍ਹਾਂ ਨੂੰ ਸਬੰਧਤ ਵਿਭਾਗ 'ਚ ਮਰਜ਼ ਕਰਕੇ ਪੱਕਾ ਰੁਜ਼ਗਾਰ ਕਰਨ ਦੀ ਮੰਗ ਦਾ ਹੱਲ ਕਰਨ ਲਈ ਪੰਜਾਬ ਸਰਕਾਰ ਅਣਦੇਖੀ ਕਰ ਰਹੀ ਹੈ, ਕਿਉਂਕਿ ਜਿੱਥੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਤੇ ਜਥੇਬੰਦੀ ਨਾਲ ਮੀਟਿੰਗ ਕਰਨ ਤੋਂ ਭੱਜ ਰਹੇ ਹਨ, ਉਥੇ ਹੁਣ ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਵੱਲੋਂ ਵੀ ਵਾਰ ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਕਰਨ ਤੋਂ ਭੱਜ ਰਹੇ ਹਨ, ਜਿਸ ਦੇ ਚਲਦੇ ਠੇਕਾ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਹੁਣ ਫਿਰ ਅੱਜ 6 ਫਰਵਰੀ ਨੂੰ ਸਬ ਕਮੇਟੀ ਨਾਲ ਹੋਣ ਵਾਲੀ ਮੀਟਿੰਗ ਨੂੰ ਰੱਦ ਕਰਕੇ ਅੱਗੇ ਤਾਰੀਖ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਠੇਕਾ ਮੁਲਾਜ਼ਮਾਂ ਦੇ ਕੱਚੇ ਪਿੱਲੇ ਰੁਜ਼ਗਾਰ ਨੂੰ ਪੱਕਾ ਕਰਨ ਦੇ ਵਾਅਦੇ ਤੋਂ ਪੰਜਾਬ ਸਰਕਾਰ ਭੱਜ ਰਹੀ ਹੈ ਤੇ 3 ਸਾਲ ਬੀਤ ਜਾਣ ਦੇ ਬਾਵਜੂਦ ਪੂਰਾ ਨਹੀਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ 11 ਮਾਰਚ 2025 ਨੂੰ ਖੰਨਾ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ ਤੇ ਸਮੂਹ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਸਬੰਧਤ ਵਿਭਾਗ 'ਚ ਰੈਗੂਲਰ ਕਰਨ ਦੀ ਮੰਗ ਕੀਤੀ ਜਾਵੇਗੀ। ਇਸ ਰੈਲੀ ਵਿੱਚ ਜਲਾਲਾਬਾਦ ਬ੍ਰਾਂਚ ਤੋਂ ਜਲ ਸਪਲਾਈ ਵਰਕਰ ਸ਼ਾਮਲ ਹੋਣਗੇ, ਜਿਸ ਸਬੰਧੀ ਇਥੇ ਮੀਟਿੰਗ ਕਰਕੇ ਵਿਚਾਰ ਚਰਚਾ ਕੀਤੀ ਗਈ ਹੈ। ਇਸ ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਯੂਨੀਅਨ ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਜਲ ਸਪਲਾਈ ਸਕੀਮਾਂ ਤੇ ਸਕਾਡਾ ਸਿਸਟਮ ਲਗਾਉਣ, ਪੰਚਾਇਤੀਕਰਨ-ਨਿੱਜੀਕਰਨ ਦੀਆਂ ਲੋਕ ਤੇ ਵਰਕਰ ਵਿਰੋਧੀ ਨੀਤੀਆਂ ਖਿਲਾਫ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਹ ਸੰਘਰਸ਼ ਪੱਕਾ ਰੁਜ਼ਗਾਰ ਕਰਵਾਉਣ ਤੱਕ ਜਾਰੀ ਰੱਖਿਆ ਜਾਵੇਗਾ।




**ਰੇਲਯਾਤਰੀ ਕ੍ਰਿਪਾ ਧਿਆਨ ਦੇਣ !**



# ਮਹਾਕੁੰਭ ਮੇਲਾ ਵਿਸ਼ੇਸ਼ ਰੇਲਗੱਡੀਆਂ

ਮਹਾਕੁੰਭ ਮੇਲਾ-2025 ਦੇ ਦੋਰਾਨ ਰੇਲਯਾਤਰੀਆਂ ਦੇ ਸੁਵਿਧਾ ਦੇ ਲਈ ਰੇਲਵੇ ਦੁਵਾਰਾ ਨਿਯਮਿਤ ਰੇਲਗੱਡੀਆਂ ਦੇ ਇਲਾਵਾ ਵੱਖ-ਵੱਖ ਵਿਸ਼ੇਸ਼ ਰੇਲਗੱਡੀਆਂ ਦਾ ਵੀ ਸੰਚਾਲਨ ਕੀਤਾ ਜਾਂ ਰਿਹਾ ਹੈ । ਇਨ੍ਹਾਂ ਵਿਸ਼ੇਸ਼ ਰੇਲਗੱਡੀਆਂ ਦਾ ਮਿਤੀਵਾਰ ਵੇਰਵਾ ਹੇਠਾ ਅਨੁਸਾਰ ਹੈ:-

**ਮਿਤੀ 08.02.2025 (ਸ਼ਨੀਵਾਰ) ਨੂੰ ਚਲਨ ਵਾਲੀ ਵਿਸ਼ੇਸ਼ ਰੇਲਗੱਡੀਆਂ**

| ਵਿਸ਼ੇਸ਼ ਗੱਡੀ ਨੰ: | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਠਹਿਰਾਵ |
|---|---|---|---|---|---|
| 04210 | ਪ੍ਰਯਾਗਰਾਜ ਸੰਗਮ | 11:15 | ਜੋਨਪੁਰ | 14:00 | ਪ੍ਰਯਾਗ, ਫਾਫਾਮਊ, ਫੂਲਪੁਰ, ਜੰਘਈ ਅਤੇ ਮਡਿਯਾਹੂ ਸਟੇਸ਼ਨ |
| 04209 | ਜੋਨਪੁਰ | 14:15 | ਪ੍ਰਯਾਗਰਾਜ ਸੰਗਮ | 17:15 | |
| 04202 | ਪ੍ਰਯਾਗਰਾਜ ਸੰਗਮ | 12:20 | ਆਲਮਨਗਰ | 17:00 | ਪ੍ਰਯਾਗ ਜੰ:, ਕੁੰਡਾ, ਹਰਨਾਮਗੰਜ, ਊਚਾਹਾਰ ਜੰ:, ਰਾਯਬਰੇਲੀ, ਬਛਰਾਵਾਂ ਅਤੇ ਉਤਰੇਟਿਯਾ ਸਟੇਸ਼ਨ |
| 04201 | ਆਲਮਨਗਰ | 19:15 | ਪ੍ਰਯਾਗਰਾਜ ਸੰਗਮ | 23:25 | |
| 04206 | ਪ੍ਰਯਾਗਰਾਜ ਸੰਗਮ | 13:30 | ਅਯੋਧਿਆ ਕੈਂਟ | 17:00 | ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04205 | ਅਯੋਧਿਆ ਕੈਂਟ | 08:45 | ਪ੍ਰਯਾਗਰਾਜ ਸੰਗਮ | 12:15 | |
| 04251 | ਪ੍ਰਯਾਗ ਜੰ: | 20:30 | ਅਯੋਧਿਆ ਕੈਂਟ | 23:55 | ਫਾਫਮਊ ਜੰ:, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04252 | ਅਯੋਧਿਆ ਕੈਂਟ | 15:45 | ਪ੍ਰਯਾਗ ਜੰ: | 19:55 | |
| 04253 | ਫਾਫਾਮਊ ਜੰ: | 11:15 | ਅਯੋਧਿਆ ਕੈਂਟ | 14:45 | ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04254 | ਅਯੋਧਿਆ ਕੈਂਟ | 06:15 | ਫਾਫਾਮਊ ਜੰ: | 10:15 | |
| 04255 | ਪ੍ਰਯਾਗ ਜੰ: (ਰਿੰਗ ਰੇਲ) | 05:35 | ਪ੍ਰਯਾਗ ਜੰ: (ਰਿੰਗ ਰੇਲ) | 21:30 | ਫਾਫਾਮਊ ਜੰ:, ਮਊ ਆਇਮਾ, ਮਾਂ ਬੇਲਹਾ ਧਾਮ ਪ੍ਰਤਾਪਗੜ੍ਹ ਜੰ:, ਚਿਲਬਿਲਾ ਜੰ:, ਖੁਨਡੋਰ, ਸੁਲਤਾਨਪੁਰ, ਕੂੜੇਭਾਰ, ਖਜੁਰਹਟ, ਪਰਤਕੁੰਡ, ਅਯੋਧਿਆ ਕੈਂਟ, ਸਾਲਾਰਪਰ, ਦੇਵਰਾਕੋਟ, ਬਡਗਾਵ, ਰੁਦੌਲੀ, ਰੋਜਾਗਾਂਵ, ਪਟਰੰਗਾ, ਦਰਿਯਾਬਾਦ, ਸੈਦਖਾਨਪੁਰ, ਸਫਦਰਗੰਜ, ਰਸੌਲੀ, ਬਾਰਾਬੰਕੀ ਜੰ:, ਸਫੇਦਾਬਾਦ, ਮਲਹੋਰ, ਲਖਨਊ ਜੰ:, ਉਤਰੇਤਿਯਾ, ਮੋਹਨਲਾਲਗੰਜ, ਕਨਕਹਾ, ਨਿਗੋਹਾਂ, ਸ਼੍ਰੀਰਾਜਨਗਰ, ਬਛਰਾਵਾਂ, ਦੁਨਿਨਗੰਜ, ਹਰਚੰਦਪੁਰ, ਗੰਗਾਗੰਜ, ਰਾਯਬਰੇਲੀ ਜੰ;, ਰੂਪਾਮਊ, ਫੁਰਸਤਗੰਜ, ਜਾਯਸ, ਬਨੀ, ਗੈਰੀਗੰਜ, ਤਾਲਾਖਜੂਰੀ, ਅਮੇਠੀ, ਮਿਸਰੌਲੀ, ਮਾਂ ਚੰਦਿਕਾ ਦੇਵੀ ਧਾਮ ਅੰਤੂ, ਜਗੇਸ਼ਰਗੰਜ, ਚਿਲਬਿਲਾ ਜੰ:, ਮਾਂ ਬੇਲਹਾ ਧਾਮ ਪ੍ਰਤਾਪਗੜ੍ਹ ਜੰ:, ਸ਼ਨੀਦੇਵ ਧਾਮ ਬਿਸ਼ਨਾਥਗੰਜ, ਮਊ ਆਇਮਾ, ਸੇਵਾਇਤ ਅਤੇ ਫਾਫਾਮਊ ਜੰ: ਸਟੇਸ਼ਨ |
| 04526 | ਬਠਿੰਡਾ | 04:30 | ਫਾਫਾਮਊ ਜੰ: | 23:55 | ਰਾਮਾਪੁਰਾ ਫੂਲ, ਬਰਨਾਲਾ, ਧੂਰੀ ਜੰ:, ਪਟਿਆਲਾ, ਰਾਜਪੁਰਾ ਜੰ:, ਅੰਬਾਲਾ ਕੈਂਟ ਜੰ:, ਯਮੁਨਾਨਗਰ ਜਗਾਧਰੀ, ਸਹਾਰਨਪੁਰ ਜੰ:, ਰੁੜਕੀ, ਲਕਸਰ ਜੰ:, ਨਜੀਬਾਬਾਦ ਜੰ:, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਲਖਨਊ ਜੰ:, ਅਤੇ ਰਾਯਬਰੇਲੀ ਜੰ: ਸਟੇਸ਼ਨ |
| 04066 | ਦਿੱਲੀ ਜੰ: | 23:25 | ਫਾਫਾਮਊ ਜੰ: | 14:15 | ਗਾਜੀਆਬਾਦ, ਹਾਪੁੜ, ਗਢਮੁਕਤੇਸ਼ਵਰ, ਗਜਰੋਲਾ ਜੰ:, ਅਮਰੋਹਾ, ਮੁਰਾਦਾਬਾਦ, ਰਾਮਪੁਰ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਲਖਨਊ ਜੰ:, ਅਤੇ ਰਾਯਬਰੇਲੀ ਜੰ: ਸਟੇਸ਼ਨ |
| 04065 | ਫਾਫਾਮਊ ਜੰ: | 23:30 | ਦਿੱਲੀ ਜੰ: | 13:40 | |
| 04661 | ਫਾਫਾਮਊ ਜੰ: | 06:30 | ਅੰਮ੍ਰਿਤਸਰ | 04:15 | ਰਾਯਬਰੇਲੀ ਜੰ:, ਲਖਨਊ ਜੰ:, ਸ਼ਾਹਜਹਾਂਪੁਰ, ਬਰੇਲੀ, ਰਾਮਪੁਰ, ਮੁਰਾਦਾਬਾਦ, ਅਮਰੋਹਾ, ਗਜਰੋਲਾ ਜੰ:, ਗਢਮੁਕਤੇਸ਼ਵਰ, ਹਾਪੁੜ, ਮੇਰਠ ਸਿਟੀ, ਮੁਜੱਫਰਨਗਰ, ਦੇਵਬੰਦ, ਸਹਾਰਨਪੁਰ ਜੰ:, ਯਮੁਨਾਨਗਰ ਜਗਾਧਰੀ, ਅੰਬਾਲਾ ਕੈਂਟ ਜੰ:, ਰਾਜਪੁਰਾ ਜੰ:, ਸਰਹਿੰਦ ਜੰ:, ਢੰਢਾਰੀ ਕਲਾਂ, ਜਲੰਧਰ ਸਿਟੀ ਅਤੇ ਬਯਾਸ ਸਟੇਸ਼ਨ |
| 04602 | ਫਾਫਾਮਊ ਜੰ: | 19:30 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 22:00 | ਰਾਯਬਰੇਲੀ ਜੰ:, ਲਖਨਊ ਜੰ:, ਬਰੇਲੀ ਜੰ:, ਮੁਰਾਦਾਬਾਦ, ਸਹਾਰਨਪੁਰ ਜੰ:, ਅੰਬਾਲਾ ਕੈਂਟ ਜੰ:, ਲੁਧਿਆਣਾ ਜੰ:, ਜਲੰਧਰ ਕੈਂਟ, ਪਠਾਨਕੋਟ ਕੈਂਟ, ਕਠੂਆ, ਜੰਮੂ ਤਵੀ ਅਤੇ ਸ਼ਹੀਦ ਕੈਪਟਨ ਤੁਸ਼ਾਰ ਮਹਾਜਨ ਸਟੇਸ਼ਨ |
| 04612 | ਫ਼ਿਰੋਜ਼ਪੁਰ ਕੈਂਟ | 13:25 | ਫਾਫਾਮਊ ਜੰ: | 11:30 | ਫਰੀਦਕੋਟ, ਕੋਟ ਕਪੂਰਾ, ਬਠਿੰਡਾ, ਧੂਰੀ ਜੰ:, ਪਟਿਆਲਾ, ਰਾਜਪੁਰਾ ਜੰ:, ਅੰਬਾਲਾ ਕੈਂਟ ਜੰ:, ਸਹਾਰਨਪੁਰ ਜੰ:, ਰੁੜਕੀ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਲਖਨਊ ਜੰ: ਅਤੇ ਰਾਯਬਰੇਲੀ ਜੰ: ਸਟੇਸ਼ਨ |
| 08791 | ਦੁਰਗ | 13:50 | ਵਾਰਾਣਸੀ | 10:00 | ਰਾਯਪੁਰ ਜੰ:, ਭਾਟਾਪਾਰਾ, ਉਸਲਾਪੁਰ, ਪੇਨਡਰਾ ਰੋਡ, ਅਨੂਪਪੁਰ ਜੰ:, ਸ਼ਹਡੋਲ, ਉਮਰਿਯਾ, ਕਟਨੀ, ਮੈਹਰ, ਸਤਨਾ, ਮਾਨਿਕਪੁਰ ਜੰ:, ਪ੍ਰਯਾਗਰਾਜ ਛਿਵਕੀ, ਮਿਰਜਾਪੁਰ ਅਤੇ ਚੁਨਾਰ ਸਟੇਸ਼ਨ |
| 02417 | ਸੂਬੇਦਾਰਗੰਜ | 21:35 | ਦਿੱਲੀ ਜੰ: | 08:55 | ਫਤੇਹਪੁਰ, ਗੋਬਿੰਦਪੁਰੀ, ਇਟਾਵਾ, ਟੂੰਡਲਾ ਜੰ:, ਅਤੇ ਅਲੀਗਢ ਜੰ: ਸਟੇਸ਼ਨ |
| 02418 | ਦਿੱਲੀ ਜੰ: | 09:30 | ਸੂਬੇਦਾਰਗੰਜ | 19:40 | |
| 04117 | ਪ੍ਰਯਾਗਰਾਜ ਜੰ: | 22:20 | ਅਯੋਧਿਆ ਕੈਂਟ | 03:30 | ਪ੍ਰਯਾਗ, ਫਾਫਾਮਊ ਜੰ;, ਮਾਂ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04118 | ਅਯੋਧਿਆ ਕੈਂਟ | 05:15 | ਪ੍ਰਯਾਗਰਾਜ ਜੰ: | 10:15 | ਸੁਲਤਾਨਪੁਰ, ਮਾਂ ਦੇਵੀ ਧਾਮ ਪ੍ਰਤਾਪਗਢ ਜੰ:, ਮਊ ਆਇਮਾ, ਫਾਫਾ;ਮਊ ਜੰ:, ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਪ੍ਰਯਾਗ ਸਟੇਸ਼ਨ |
| 04111 | ਪ੍ਰਯਾਗਰਾਜ ਜੰ: (ਰਿੰਗ ਰੇਲ) | 06:00 | ਪ੍ਰਯਾਗਰਾਜ ਜੰ: (ਰਿੰਗ ਰੇਲ) | 18:50 | ਪ੍ਰਯਾਗਰਾਜ ਰਾਮਬਾਗ, ਝੂਸੀ, ਹੰਡਿਯਾ ਖਾਸ, ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਭਦੋਹੀ, ਜੰਘਈ ਜੰ:, ਮਡਿਯਾਹੂ, ਜਫਰਾਬਾਦ ਜੰ:, ਸ਼ਾਹਗੰਜ ਜੰ:, ਅਕਬਰਪੁਰ, ਗੋਸ਼ਾਈਗੰਜ, ਅਯੋਧਿਆ, ਅਯੋਧਿਆ ਕੈਂਟ, ਸੁਲਤਾਨਪੁਰ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ:, ਮਊ ਆਇਮਾ, ਫਾਫਾਮਊ ਜੰ: ਅਤੇ ਪ੍ਰਯਾਗ ਸਟੇਸ਼ਨ |
| 04112 | ਪ੍ਰਯਾਗਰਾਜ ਜੰ: (ਰਿੰਗ ਰੇਲ) | 06:30 | ਪ੍ਰਯਾਗਰਾਜ ਜੰ: (ਰਿੰਗ ਰੇਲ) | 21:00 | |
| 04113 | ਪ੍ਰਯਾਗਰਾਜ ਜੰ: (ਰਿੰਗ ਰੇਲ) | 17:30 | ਪ੍ਰਯਾਗਰਾਜ ਜੰ: (ਰਿੰਗ ਰੇਲ) | 07:45 | ਪ੍ਰਯਾਗਰਾਜ ਰਾਮਬਾਗ, ਝੂਸੀ, ਹੰਡਿਯਾ ਖਾਸ, ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਭਦੋਹੀ, ਜੰਘਈ ਜੰ:, ਮਡਿਯਾਹੂ, ਜਫਰਾਬਾਦ ਜੰ:, ਸ਼ਾਹਗੰਜ ਜੰ:, ਅਕਬਰਪੁਰ, ਗੋਸ਼ਾਈਗੰਜ, ਅਯੋਧਿਆ, ਅਯੋਧਿਆ ਕੈਂਟ, ਸੁਲਤਾਨਪੁਰ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ:, ਮਊ ਆਇਮਾ, ਫਾਫਾਮਊ ਜੰ: ਅਤੇ ਪ੍ਰਯਾਗ ਸਟੇਸ਼ਨ |
| 04114 | ਪ੍ਰਯਾਗਰਾਜ ਜੰ: (ਰਿੰਗ ਰੇਲ) | 17:45 | ਪ੍ਰਯਾਗਰਾਜ ਜੰ: (ਰਿੰਗ ਰੇਲ) | 08:00 | |
| 04120 | ਪ੍ਰਯਾਗਰਾਜ ਜੰ: (ਰਿੰਗ ਰੇਲ) | 13:30 | ਪ੍ਰਯਾਗਰਾਜ ਜੰ: (ਰਿੰਗ ਰੇਲ) | 04:00 | ਪ੍ਰਯਾਗਰਾਜ, ਫਾਫਾਮਊ ਜੰ:, ਮਊ ਆਇਮਾ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ:, ਸੁਲਤਾਨਪੁਰ, ਅਯੋਧਿਆ ਕੈਂਟ, ਅਯੋਧਿਆ ਧਾਮ, ਗੋਸ਼ਾਈਗੰਜ, ਅਕਬਰਪੁਰ, ਸ਼ਾਹਗੰਜ ਜੰ:, ਜੋਨਪੁਰ ਜੰ:, ਜਫਰਾਬਾਦ ਜੰ:, ਮਡਿਯਾਹੂ, ਜੰਘਈ ਜੰ:, ਭਦੋਹੀ, ਬਨਾਰਸ, ਮਾਧੋਸਿੰਘ, ਗਿਆਨਪੁਰ ਰੋਡ, ਹੰਡਿਯਾ ਖਾਸ, ਝੂਸੀ ਅਤੇ ਪ੍ਰਯਾਗਰਾਜ ਰਾਮਬਾਗ ਸਟੇਸ਼ਨ |
| 09802 | ਬਨਾਰਸ | 14:45 | ਸੋਗਰਿਯਾ | 15:45 | ਅੰਨਤਾ, ਬਾਰਾਂ, ਅਟਰੂ, ਛਬੜਾ ਗੁਗੋਰ, ਰੂਠਿਯਾਈ, ਗੁਨਾ, ਅਸ਼ੋਕ ਨਗਰ, ਮੁੰਗਾਵਲੀ, ਬੀਨਾ ਮਾਲਖੇਡੀ, ਖੁਰਈ, ਨਰਯਾਵਲੀ, ਸਾਗਰ, ਗਿਰਵਰ, ਗਣੇਸ਼ਗੰਜ, ਪਥਰਿਯਾ, ਦਮੋਹ, ਬਾਂਦਕਪੁਰ, ਰੀਠੀ, ਕਟਨੀ, ਝੁਕੇਹੀ, ਮੈਹਰ, ਸਤਨਾ, ਜੈਤਵਾਰ, ਮਝਗਵਾਂ, ਮਾਨਿਕਪੁਰ ਜੰ:, ਪ੍ਰਯਾਗਰਾਜ ਛਿਵਕੀ, ਮਿਰਜਾਪੁਰ ਅਤੇ ਚੁਨਾਰ ਸਟੇਸ਼ਨ |
| 09371 | ਡਾ. ਅੰਬੇਡਕਰ ਨਗਰ | 13:45 | ਬਲਿਯਾ | 19:15 | ਇੰਦੌਰ ਜੰ:, ਉਜੈਨ ਜੰ:, ਸ਼ੁਜਾਲਪੁਰ, ਸੰਤ ਹਿਰਦਾਰਾਮ ਨਗਰ, ਬਿਦਿਸ਼ਾ, ਗੰਜ ਬਾਸੋਦਾ, ਬੀਨਾ, ਲਲਿਤਪੁਰ, ਵੀਰਾਂਗਨਾ ਲਖਸ਼ਮੀਬਾਈ ਝਾਂਸੀ, ਉਰਈ, ਗੋਬਿੰਦਪੁਰੀ, ਫਤੇਹਪੁਰ, ਪ੍ਰਯਾਗਰਾਜ ਜੰ:, ਮਿਰਜਾਪੁਰ, ਚੁਨਾਰ ਜੰ:, ਜੋਨਪੁਰ ਜੰ:, ਓਂਡਿਹਾਰ ਜੰ: ਅਤੇ ਗਾਜੀਪੁਰ ਸਿਟੀ ਸਟਸ਼ਨ |
| 03409 | ਮਾਲਦਾ ਟਾਊਨ | 20:45 | ਪਯਾਗਰਾਜ ਰਾਮਬਾਗ | 17:15 | ਨਯੂ ਫਰਕਕਾ ਜੰ:, ਬਡਹਰਵਾ ਜੰ:, ਸਾਹਿਬਗੰਜ ਜੰ:, ਕਹਲਗਾਂਵ, ਭਾਗਲਪੁਰ, ਸੁਲਤਾਨਗੰਜ, ਜਮਾਲਪੁਰ ਜੰ:, ਅਭਯਪੁਰ, ਕਿਊਲ ਜੰ:, ਮੋਕਾਮਾ, ਬਾਢ, ਬਖਿਤਯਾਰਪੁਰ, ਰਾਜੇਂਦਰ ਨਗਰ, ਪਟਨਾ ਜੰ:, ਦਾਨਾਪੁਰ, ਆਰਾ, ਬਕਸਰ, ਪੰ. ਦੀਨ ਦਯਾਲ ਉਪਾਦਯੇ ਜੰ: ਅਤੇ ਬਨਾਰਸ ਸਟੇਸ਼ਨ |
| 07107 | ਤਿਰੂਪਤੀ | 20:55 | ਬਨਾਰਸ | 15:45 | ਗੂਡੂਰ ਜੰ:, ਨਲਲੂਰ, ਓਂਗੋਲ, ਚੀਰਾ, ਤੇਨਾਲੀ ਜੰ:, ਵਿਜੈਵਾਡਾ ਜੰ:, ਏਲੂਰੂ, ਤਾਡੇਪਲਿਲਗੁਡੇਮ, ਨਿਡਦਵੋਲ ਜੰ:, ਰਾਜਮੁੰਦਰੀ, ਸਮਾਲਕੋਟ ਜੰ:, ਲਨਨਵਰਮ, ਇਲਾਮਚਿੱਲੀ, ਅਨਾਕਾਪਲਲੇ, ਦੁਵਵਾਡਾ, ਪੇਦਦੁਰਤੀ, ਕੋਟਟਵਲਸਾ, ਵਿਜੈਨਗਰਮ ਜੰ:, ਬੋਬਿਬਲੀ, ਪਾਰਵਰਤੀਪੁਰਮ, ਰਾਯਗਢਾਠ ਮੁਨਿਗੁਡਾ, ਕੇਸਿੰਗਾ, ਟਿਟਲਾਗਢ, ਬਲਾਂਗੀਰ, ਬਰਗਢ ਰੋਡ, ਸਬਲਪੁਰ ਜੰ;, ਝਾਰਸੂਗੁਡਾ ਜੰ:,, ਰਾਓਰਕੇਲਾ, ਹਟਿਯਾ, ਰਾਂਚੀ, ਮੂਰੀ ਜੰ:, ਬਰਕਾ ਕਾਨਾ, ਤੋਰੀ, ਲਾਤੇਹਾਰ, ਬਰਹਾਡੀਹ ਜੰ:, ਡਾਲਟਨਗੰਜ, ਗੜਵਾ ਰੋਡ ਜੰ:, ਜਪਲਾ ਸੋਨ ਨਗਰ, ਡੇਹਰੀ ਆਨ ਸੋਨ, ਸਾਸਾਰਾਮ, ਭਭੂਅ ਰੋਡ, ਚੰਦੌਲੀ ਮਝਦਾਰ, ਪੰ. ਦੀਨ ਦਯਾਲ ਉਪਾਦਯੇ ਜੰ:, ਕਾਸ਼ੀ ਅਤੇ ਵਾਰਾਣਸੀ ਸਟੇਸ਼ਨ । |
| 05003 | ਝੂਸੀ ਜੰ: | 07:45 | ਗੋਰਖਪੁਰ ਜੰ: | 16:25 | ਹੰਡਿਯਾ ਖਾਸ, ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਵਾਰਾਣਸੀ, ਵਾਰਾਣਸੀ ਸਿਟੀ, ਓਂਡਿਹਾਰ ਜੰ:, ਮਊ ਜੰ:, ਬੇਲਥਰਾ ਰੋਡ, ਸਲੇਮਪੁਰ ਜੰ: ਭਟਨੀ ਜੰ:, ਦੇਵਰਿਯਾ ਸਦਰ, ਗੋਰੀ ਬਾਜਾਰ ਅਤੇ ਚੈਰੀ ਚੋਰਾ ਸਟੇਸ਼ਨ |
| 05101 | ਝੂਸੀ (ਰਿੰਗ ਰੇਲ) | 09:00 | ਝੂਸੀ (ਰਿੰਗ ਰੇਲ) | 04:15 | ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਵਾਰਾਣਸੀ ਜੰ:, ਵਾਰਾਣਸੀ ਸਿਟੀ, ਸਾਰਨਾਥ, ਓਂਰਿਡਹਾਰ ਜੰ:, ਗਾਜੀਪੁਰ ਸਿਟੀ, ਯੂਸੂਫਰਪੁਰ, ਚਿਤ ਬਡਾਗਾਂਵ, ਬਲਿਯਾ, ਸੁਰੇਮਨਪੁਰ, ਛਪਰਾ, ਛਪਰਾ ਕਚਿਹਰੀ, ਮਢੋਰਾ, ਮਸ਼ਰਖ ਜੰ:, ਦਿਘਵਾ, ਦੁਬੋਲੀ, ਸਿਘਬਲਿਯਾ, ਰਤਨ ਸਰਾਯ, |
| 05102 | ਝੂਸੀ (ਰਿੰਗ ਰੇਲ) | 14:30 | ਝੂਸੀ (ਰਿੰਗ ਰੇਲ) | 09:00 | ਗੋਪਾਲਗੰਜ, ਥਾਵੇ ਜੰ:, ਹਥੂਆ, ਸੀਵਾਨ ਜੰ:, ਮੈਰਵਾ, ਭਾਟਪਾਰ ਰਾਨੀ, ਭਟਨੀ ਜੰ:, ਸਲੇਮਪੁਰ ਜੰ:, ਬੇਲਥਰਾ ਰੋਡ, ਇੰਦਾਰਾ ਜੰ:, ਮਊ ਜੰ:, ਦੁਲਲਹਪੁਰ, ਜਖਨਿਯਾ,, ਓਂਡਿਹਾਰ ਜੰ:, ਸਾਰਨਾਥ, ਵਾਰਾਣਸੀ ਸਿਟੀ, ਵਾਰਾਣਸੀ ਜੰ:, ਬਨਾਰਸ, ਮਾਧੋਸਿੰਘ ਅਤੇ ਗਿਆਨਪੁਰ ਸਟੇਸ਼ਨ |
| 04721 | ਬੀਕਾਨੇਰ ਜੰ: | 19:00 | ਪਾਟਲੀਪੁਤਰ | 02:00 | ਨਾਪਾਸਰ, ਸੂਡਸਰ, ਸ੍ਰੀ ਡੂੰਗਰਗਢ, ਰਜਲਦੇਸਰ, ਰਤਨਗਢ ਜੰ:, ਚੂਰੂ, ਸਾਦੁਲਪੁਰ ਜੰ:, ਲੋਹਾਰੂ, ਸਤਨਾਲੀਠ ਮਹੇਂਦਰਗਢ, ਰੇਵਾੜੀ ਜੰ:, ਗੁੜਗਾਂਵ, ਦਿੱਲੀ ਕੈਂਟ, ਦਿੱਲੀ ਜੰ:, ਗਾਜੀਆਬਾਦ, ਅਲੀਗਢ ਜੰ:, ਟੂੰਡਲਾ ਜੰ:, ਇਟਾਵਾ ਜੰ:, ਗੋਬਿੰਦਪੁਰੀ, ਫਤੇਹਪੁਰ, ਪ੍ਰਯਾਗਰਾਜ ਜੰ:, ਮਿਰਜਾਪੁਰ, ਪੰਡਿਤ ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ ਅਤੇ ਦਾਨਾਪੁਰ ਸਟੇਸ਼ਨ |
| 01031 | ਲੋਕਮਾਨਯ ਤਿਲਕ ਟਰਮੀਨਸ | 00:05 | ਬਨਾਰਸ | 06:45 | ਠਾਣੇ, ਕਲਿਆਣ ਜੰ:, ਇਗਤਪੁਰੀ, ਨਾਸਿਕ ਰੋਡ, ਜਲਗਾਂਵ ਜੰ:, ਭੂਸਾਵਲ ਜੰ:, ਇਟਾਰਸੀ ਜੰ:, ਪਿਪਰਿਯਾ, ਨਰਸਿੰਘਪੁਰ, ਜਬਲਪੁਰ, ਕਟਨੀ, ਮੈਹਰ, ਸਤਨਾ, ਮਾਨਿਕਪੁਰ ਜੰ:, ਪ੍ਰਯਾਗਰਾਜ ਛਿਵਕੀ, ਮਿਰਜਾਪੁਰ ਅਤੇ ਚੁਨਾਰ ਸਟੇਸ਼ਨ |
| 01663 | ਰਾਨੀ ਕਮਲਾਪਤੀ | 15:40 | ਗਾਜੀਪੁਰ ਸਿਟੀ | 11:50 | ਓਬੇਦਲਲਾ ਗੰਜ, ਨਰਮਾਦਪੁਰਮ, ਇਟਾਰਸੀ ਜੰ:, ਪਿਪਰਿਯਾ, ਬਨਖੇਡੀ, ਨਰਸਿੰਘਪੁਰ, ਜਬਲਪੁਰ, ਕਟਨੀ, ਮੈਹਰ, ਸਤਨਾ, ਮਾਨਿਕਪੁਰ ਜੰ:, ਪ੍ਰਯਾਗਰਾਜ ਛਿਵਕੀ, ਮਿਰਜਾਪੁਰ, ਵਾਰਾਣਸੀ ਅਤੇ ਜੋਨਪੁਰ ਜੰ: ਸਟੇਸ਼ਨ |
| 01455 | ਪੂਣੇ ਜੰ: | 10:10 | ਮਊ ਜੰ: | 22:00 | ਦੋਂਡ ਕਾਰਡ ਲਾਈਨ, ਅਹਮਦਨਗਰ, ਬੇਲਾਪੁਰ, ਮਨਮਾਡ ਜੰ:, ਜਲਗਾਂਵ ਜੰ:, ਭੂਸਾਵਲ ਜੰ:, ਖੰਡਵਾ, ਤਲਵਡਿਯਾ, ਛਨੇਰਾ, ਖਿਰਕਿਯਾ, ਹਰਦਾ, ਬਾਨਾਪੁਰਾ, ਇਟਾਰਬਸੀ ਜੰ:, ਪਿਪਰਿਯਾ, ਨਰਸਿੰਘਪੁਰ, ਜਬਲਪੁਰ, ਕਟਨੀ, ਮੈਹਰ, ਸਤਨਾ, ਮਾਨਿਕਪੁਰ ਜੰ:, ਪ੍ਰਯਾਗਰਾਜ ਛਿਵਕੀ,ਮਿਰਜਾਪੁਰ, ਚੁਨਾਰ ਜੰ:, ਵਾਰਾਣਸੀ ਜੰ:, ਸ਼ਾਹਗੰਜ ਜੰ: ਅਤੇ ਆਜਮਗਢ ਸਟੇਸ਼ਨ |
| 06002 | ਗੋਮਤੀ ਨਗਰ | 03:45 | ਪੁਰਟ੍ਰਚਿ ਤਲੈਵਰ ਡਾ. ਐਮਜੀ ਰਾਮਚੰਦਰਨ | 23:55 | ਅਯੋਧਿਆ ਧਾਮ ਜੰ:, ਵਾਰਾਣਸੀ ਜੰ:, ਚੁਨਾਰ ਜੰ:, ਮਿਰਜਾਪੁਰ, ਪ੍ਰਯਾਗਰਾਜ ਛਿਵਕੀ ਜੂੰ:, ਮਾਨਿਕਪੁਰ, ਸਤਨਾ ਜੰ:, ਮੈਹਰ, ਕਟਨੀ ਜੰ:, ਜਬਲਪੁਰ, ਨੈਨਪੁਰ, ਬਾਲਘਾਟ ਜੰ:, ਗੋਂਦਿਯਾ ਜੰ:, ਬਲਹਾਰਸ਼ਾਹ, ਸਿਰਪੁਰ ਕਾਗਜਨਗਰ, ਵਰੰਗਲ, ਖੰਮਮਮ, ਵਿਜੈਵਾਡਾ ਜੰ:, ਨਯੂ ਗੁੰਟੂਰ ਤੇਨਾਲੀ ਜੰ:, ਚੀਰਾਲਾ, ਓਂਗੋਲ, ਨੇਲਲੂਰ ਅਤੇ ਗੂਡੂਰ ਜੰ: ਸਟੇਸ਼ਨ |

**ਮਿਤੀ 09.02.2025 (ਐਤਵਾਰ) ਨੂੰ ਚਲਨ ਵਾਲੀ ਵਿਸ਼ੇਸ਼ ਰੇਲਗੱਡੀਆਂ**

| ਵਿਸ਼ੇਸ਼ ਗੱਡੀ ਨੰ: | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਠਹਿਰਾਵ |
|---|---|---|---|---|---|
| 04525 | ਫਾਫਾਮਊ ਜੰ: | 06:30 | ਬਠਿੰਡਾ | 01:10 | ਰਾਯਬਰੇਲੀ ਜੰ:, ਲਖਨਊ ਜੰ:, ਹਰਦੋਈ, ਸ਼ਾਹਜਹਾਂਪੁਰ, ਬਰੇਲੀ, ਮੁਰਾਦਾਬਾਦ, ਨਜੀਬਾਬਾਦ ਜੰ:, ਲਕਸਰ ਜੰ:, ਰੁੜਕੀ, ਸਹਾਰਨਪੁਰ ਜੰ:, ਯੁਮਨਾਨਗਰ ਜਗਾਧਰੀ, ਅੰਬਾਲਾ ਕੈਂਟ ਜੰ:, ਰਾਜਪੁਰਾ ਜੰ:, ਪਟਿਆਲਾ, ਧੂਰੀ ਜੰ:, ਬਰਨਾਲਾ ਅਤੇ ਰਾਮਪੁਰਾ ਫੂਲ ਸਟੇਸ਼ਨ |
| 04528 | ਅੰਮਬ ਅੰਦੋਰਾ | 22:04 | ਫਾਫਾਮਊ ਜੰ: | 18:00 | ਊਨਾ ਹਿਮਾਚਲ, ਨੰਗਲ ਡੈਮ, ਆਨੰਦਪੁਰ ਸਾਹਿਬ, ਰੂਪਨਗਰ, ਮੋਰਿੰਡਾ, ਚੰਡੀਗਢ, ਅੰਬਾਲਾ ਕੈਂਟ ਜੰ:, ਯਮੁਨਾਨਗਰ ਜਗਾਧਰੀ, ਸਹਾਰਨਪੁਰ ਜੰ:, ਰੁੜਕੀ, ਨਜੀਬਾਬਾਦ ਜੰ:, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਲਖਨਊ ਜੰ: ਅਤੇ ਰਾਯਬਰੇਲੀ ਜੰ: ਸਟੇਸ਼ਨ |
| 04316 | ਦੇਹਰਾਦੂਨ | 08:10 | ਫਾਫਾਮਊ ਜੰ: | 23:50 | ਹਰਿਦੁਵਾਰ ਜੰ:, ਨਜੀਬਾਬਾਦ ਜੰ:, ਮੁਰਾਦਾਬਾਦ, ਬਰੇਲੀ, ਲਖਨਊ ਜੰ: ਅਤੇ ਰਾਯਬਰੇਲੀ ਜੰ: ਸਟੇਸ਼ਨ |
| 04065 | ਫਾਫਾਮਊ ਜੰ: | 23:30 | ਦਿੱਲੀ ਜੰ: | 13:40 | ਰਾਯਬਰੇਲੀ ਜੰ:, ਲਖਨਊ ਜੰ:, ਹਰਦੋਈ, ਸ਼ਾਹਜਹਾਂਪੁਰ, ਬਰੇਲੀ, ਰਾਮਪੁਰ, ਮੁਰਾਦਾਬਾਦ, ਅਮਰੋਹਾ, ਗਜਰੋਲਾ ਜੰ:, ਗਢਮੁਕਤੇਸ਼ਵਰ, ਹਾਪੁੜ ਅਤੇ ਗਾਜੀਆਬਾਦ ਸਟੇਸ਼ਨ |
| 04611 | ਫਾਫਾਮਊ ਜੰ: | 19:30 | ਫ਼ਿਰੋਜ਼ਪੁਰ ਕੈਂਟ | 16:45 | ਰਾਯਬਰੇਲੀ ਜੰ:, ਲਖਨਊ ਜੰ:, ਸ਼ਾਹਜਹਾਂਪੁਰ, ਬਰੇਲੀ, ਰਾਮਪੁਰ, ਮੁਰਾਦਾਬਾਦ, ਰੁੜਕੀ, ਸਹਾਰਨਪੁਰ ਜੰ:, ਅੰਬਾਲਾ ਕੈਂਟ ਜੰ:, ਰਾਜਪੁਰਾ ਜੰ:, ਪਟਿਆਲਾ, ਧੂਰੀ ਜੰ:, ਬਠਿੰਡਾ, ਕੋਟ ਕਪੂਰਾ ਅਤੇ ਫਰੀਦਕੋਟ ਸਟੇਸ਼ਨ |
| 04251 | ਪ੍ਰਯਾਗ ਜੰ: | 20:30 | ਅਯੋਧਿਆ ਕੈਂਟ | 23:55 | ਫਾਫਮਊ ਜੰ:, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04252 | ਅਯੋਧਿਆ ਕੈਂਟ | 15:45 | ਪ੍ਰਯਾਗ ਜੰ: | 19:55 | |
| 04253 | ਫਾਫਾਮਊ ਜੰ: | 11:15 | ਅਯੋਧਿਆ ਕੈਂਟ | 14:45 | ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04254 | ਅਯੋਧਿਆ ਕੈਂਟ | 06:15 | ਫਾਫਾਮਊ ਜੰ: | 10:15 | |
| 04255 | ਪ੍ਰਯਾਗ ਜੰ: (ਰਿੰਗ ਰੇਲ) | 05:35 | ਪ੍ਰਯਾਗ ਜੰ: (ਰਿੰਗ ਰੇਲ) | 21:30 | ਫਾਫਾਮਊ ਜੰ:, ਮਊ ਆਇਮਾ, ਮਾਂ ਬੇਲਹਾ ਧਾਮ ਪ੍ਰਤਾਪਗੜ੍ਹ ਜੰ:, ਚਿਲਬਿਲਾ ਜੰ:, ਖੁਨਡੋਰ, ਸੁਲਤਾਨਪੁਰ, ਕੂੜੇਭਾਰ, ਖਜੁਰਹਟ, ਪਰਤਕੁੰਡ, ਅਯੋਧਿਆ ਕੈਂਟ, ਸਾਲਾਰਪਰ, ਦੇਵਰਾਕੋਟ, ਬਡਗਾਵ, ਰੁਦੌਲੀ, ਰੋਜਾਗਾਂਵ, ਪਟਰੰਗਾ, ਦਰਿਯਾਬਾਦ, ਸੈਦਖਾਨਪੁਰ, ਸਫਦਰਗੰਜ, ਰਸੌਲੀ, ਬਾਰਾਬੰਕੀ ਜੰ:, ਸਫੇਦਾਬਾਦ, ਮਲਹੋਰ, ਲਖਨਊ ਜੰ:, ਉਤਰੇਤਿਯਾ, ਮੋਹਨਲਾਲਗੰਜ, ਕਨਕਹਾ, ਨਿਗੋਹਾਂ, ਸ਼੍ਰੀਰਾਜਨਗਰ, ਬਛਰਾਵਾਂ, ਦੁਨਿਨਗੰਜ, ਹਰਚੰਦਪੁਰ, ਗੰਗਾਗੰਜ, ਰਾਯਬਰੇਲੀ ਜੰ;, ਰੂਪਾਮਊ, ਫੁਰਸਤਗੰਜ, ਜਾਯਸ, ਬਨੀ, ਗੈਰੀਗੰਜ, ਤਾਲਾਖਜੂਰੀ, ਅਮੇਠੀ, ਮਿਸਰੌਲੀ, ਮਾਂ ਚੰਦਿਕਾ ਦੇਵੀ ਧਾਮ ਅੰਤੂ, ਜਗੇਸ਼ਰਗੰਜ, ਚਿਲਬਿਲਾ ਜੰ:, ਮਾਂ ਬੇਲਹਾ ਧਾਮ ਪ੍ਰਤਾਪਗੜ੍ਹ ਜੰ:, ਸ਼ਨੀਦੇਵ ਧਾਮ ਬਿਸ਼ਨਾਥਗੰਜ, ਮਊ ਆਇਮਾ, ਸੇਵਾਇਤ ਅਤੇ ਫਾਫਾਮਊ ਜੰ: ਸਟੇਸ਼ਨ |
| 04210 | ਪ੍ਰਯਾਗਰਾਜ ਸੰਗਮ | 11:15 | ਜੋਨਪੁਰ | 14:00 | ਪ੍ਰਯਾਗ, ਫਾਫਾਮਊ, ਫੂਲਪੁਰ, ਜੰਘਈ ਅਤੇ ਮਡਿਯਾਹੂ ਸਟੇਸ਼ਨ |
| 04209 | ਜੋਨਪੁਰ | 14:15 | ਪ੍ਰਯਾਗਰਾਜ ਸੰਗਮ | 17:15 | |
| 04202 | ਪ੍ਰਯਾਗਰਾਜ ਸੰਗਮ | 12:20 | ਆਲਮਨਗਰ | 17:00 | ਪ੍ਰਯਾਗ ਜੰ:, ਕੁੰਡਾ, ਹਰਨਾਮਗੰਜ, ਊਚਾਹਾਰ ਜੰ:, ਰਾਯਬਰੇਲੀ, ਬਛਰਾਵਾਂ ਅਤੇ ਉਤਰੇਟਿਯਾ ਸਟੇਸ਼ਨ |
| 04201 | ਆਲਮਨਗਰ | 19:15 | ਪ੍ਰਯਾਗਰਾਜ ਸੰਗਮ | 23:25 | |
| 04206 | ਪ੍ਰਯਾਗਰਾਜ ਸੰਗਮ | 13:30 | ਅਯੋਧਿਆ ਕੈਂਟ | 17:00 | ਪ੍ਰਯਾਗ ਜੰ:, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04205 | ਅਯੋਧਿਆ ਕੈਂਟ | 08:45 | ਪ੍ਰਯਾਗਰਾਜ ਸੰਗਮ | 12:15 | |
| 02421 | ਸੂਬੇਦਾਰਗੰਜ | 21:35 | ਦਿੱਲੀ ਜੰ: | 08:55 | ਫਤੇਹਪੁਰ, ਗੋਬਿੰਦਪੁਰੀ, ਇਟਾਵਾ ਜੰ:, ਟੂੰਡਲਾ ਜੰ: ਅਤੇ ਅਲੀਗਢ ਜੰ: ਸਟੇਸ਼ਨ |
| 05004 | ਗੋਰਖਪੁਰ ਜੰ: | 21:30 | ਝੂਸੀ ਜੰ: | 06:00 | ਚੈਰੀ ਚੈਰਾ, ਗੋਰੀ ਬਾਜਾਰ, ਦੇਵਰਿਯਾ ਸਦਰ, ਭਟਨੀ ਜੰ:, ਸਲੇਮਪੁਰ ਜੰ:, ਬੇਲਥਰਾ ਰੋਡ, ਮਊ ਜੰ:, ਓਂਡਿਹਾਰ ਜੰ:, ਵਾਰਾਣਸੀ ਸਿਟੀ, ਵਾਰਾਣਸੀ, ਬਨਾਰਸ, ਮਾਧੋਸਿੰਘ, ਗਿਆਨਪੁਰ ਰੋਡ ਅਤੇ ਹੰਡਿਯਾ ਖਾਸ ਸਟੇਸ਼ਨ |
| 09372 | ਬਲਿਯਾ | 23:45 | ਡਾ. ਅੰਬੇਡਕਰ ਨਗਰ | 05:30 | ਗਾਜੀਪੁਰ ਸਿਟੀ, ਓਂਡਿਹਾਰ ਜੰ:, ਜੋਨਪੋਰ ਜੰ:, ਵਾਰਾਣਸੀ, ਚੁਨਾਰ, ਮਿਰਜਾਪੁਰ, ਪ੍ਰਯਾਗਰਾਜ ਜੰ:, ਫਤੇਹਪੁਰ, ਗੋਬਿੰਦਪੁਰੀ, ਉਰਈ, ਵੀਰਾਂਗਨਾ, ਲਖਸ਼ਮੀਬਾਈ ਝਾਂਸੀ ਜੰ:, ਲਲਿਤਪੁਰ, ਬੀਨਾ ਜੰ:, ਗੰਜ ਬਸੋਦਾ, ਬਿਦਿਸ਼ਾ, ਸੰਤ ਹਿਰਦਾਰਾਮ ਨਗਰ, ਸ਼ੁਜਾਲਪੁਰ, ਉਜੈਨ ਜੰ: ਅਤੇ ਇੰਦੌਰ ਜੰ: ਸਟੇਸ਼ਨ |
| 01032 | ਬਨਾਰਸ | 10:00 | ਲੋਕਮਾਨਯ ਤਿਲਕ ਟਰਮੀਨਸ | 16:40 | ਚੁਨਾਰ, ਮਿਰਜਾਪੁਰ, ਪ੍ਰਯਾਗਰਾਜ ਛਿਵਕੀ, ਮਾਨਿਕਪੁਰ ਜੰ:, ਸਤਨਾ, ਮੈਹਰ, ਕਟਨੀ, ਜਬਲਪੁਰ, ਨਰਸਿੰਤਪੁਰ, ਪਿਪਰਿਯਾ, ਇਟਾਰਸੀ ਜੰ:, ਭੂਸਾਵਲ ਜੰ:, ਜਲਗਾਂਵ ਜੰ:, ਨਾਸਿਕ ਰੋਡ, ਇਗਤਪੁਰੀ, ਕਲਿਆਣ ਜੰ: ਅਤੇ ਠਾਣੇ ਸਟੇਸ਼ਨ |
| 01664 | ਗਾਜੀਪੁਰ ਸਿਟੀ | 13:00 | ਰਾਨੀ ਕਮਲਾਪਤੀ | 11:40 | ਜੋਨਪੁਰ ਜੰ:, ਵਾਰਾਣਸੀ, ਮਿਰਜਾਪੁਰ, ਪ੍ਰਯਾਗਰਾਜ ਛਿਵਕੀ, ਮਾਨਿਕਪੁਰ ਜੰ:, ਸਤਨਾ, ਮੈਹਰ, ਕਟਨੀ, ਜਬਲਪੁਰ, ਨਰਸਿੰਘਪੁਰ, ਬਨਖੇਡੀ, ਪਿਪਰਿਯਾ, ਇਟਾਰਸੀ ਜੰ:, ਨਰਮਾਦਪੁਰਮ ਅਤੇ ਓਬੇਦੁਲਲਾ ਗੰਜ ਸਟੇਸ਼ਨ |
| 01456 | ਮਊ ਜੰ: | 23:50 | ਪੂਣੇ ਜੰ: | 15:45 | ਆਜਮਗਢ, ਸ਼ਾਹਗੰਜ ਜੰ:, ਵਾਰਾਣਸੀ ਜੰ:, ਚੁਨਾਰ ਜੰ:, ਮਿਰਜਾਪੁਰ, ਪ੍ਰਯਾਗਰਾਜ ਛਿਵਕੀ, ਮਾਨਿਕਪੁਰ ਜੰ:, ਸਤਨਾ, ਮੈਹਰ, ਕਟਨੀ, ਜਬਲਪੁਰ, ਨਰਸਿੰਘਪੁਰ, ਪਿਪਰਿਯਾ, ਇਟਾਰਸੀ ਜੰ:, ਬਾਨਾਪੁਰਾ, ਹਰਦਾ, ਖਿਰਕਿਯਾ, ਛਨੇਰਾ, ਤਲਵਡਿਯਾ, ਖੰਡਵਾ, ਭੁਸਾਵਲ ਜੰ:, ਜਲਗਾਂਵ ਜੰ:, ਮਨਮਾਡ ਜੰ:, ਬੇਲਾਪੁਰ, ਅਹਮਦਨਗਰ ਅਤੇ ਦੋਂਡ ਕਾਰਡ ਲਾਈਨ ਸਟੇਸ਼ਨ |
| 02418 | ਦਿੱਲੀ ਜੰ: | 09:30 | ਸੂਬੇਦਾਰਗੰਜ | 19:40 | ਅਲੀਗਢ ਜੰ:, ਟੂੰਡਲਾ ਜੰ:, ਇਟਾਵਾ, ਗੋਬਿੰਦਪੁਰੀ ਅਤੇ ਫਤੇਹਪੁਰ ਸਟੇਸ਼ਨ |
| 04117 | ਪ੍ਰਯਾਗਰਾਜ ਜੰ: | 22:20 | ਅਯੋਧਿਆ ਕੈਂਟ | 03:30 | ਪ੍ਰਯਾਗ, ਫਾਫਾਮਊ ਜੰ:, ਮਊ ਆਇਮਾ, ਮਾਂ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04118 | ਅਯੋਧਿਆ ਕੈਂਟ | 05:15 | ਪ੍ਰਯਾਗਰਾਜ ਜੰ: | 10:15 | ਸੁਲਤਾਨਪੁਰ, ਮਾਂ ਦੇਵੀ ਧਾਮ ਪ੍ਰਤਾਪਗਢ ਜੰ:, ਮਊ ਆਇਮਾ, ਫਾਫਾਮਊ ਜੰ:, ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਪ੍ਰਯਾਗ ਸਟੇਸ਼ਨ |
| 04111 | ਪ੍ਰਯਾਗਰਾਜ ਜੰ: (ਰਿੰਗ ਰੇਲ) | 06:00 | ਪ੍ਰਯਾਗਰਾਜ ਜੰ: (ਰਿੰਗ ਰੇਲ) | 18:50 | ਪ੍ਰਯਾਗਰਾਜ ਰਾਮਬਾਗ, ਝੂਸੀ, ਹੰਡਿਯਾ ਖਾਸ, ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਭਦੋਹੀ, ਜੰਘਈ ਜੰ:, ਮਡਿਯਾਹੂ, ਜਫਰਾਬਾਦ ਜੰ:, ਸ਼ਾਹਗੰਜ ਜੰ:, ਅਕਬਰਪੁਰ, ਗੋਸ਼ਾਈਗੰਜ, ਅਯੋਧਿਆ, ਅਯੋਧਿਆ ਕੈਂਟ, ਸੁਲਤਾਨਪੁਰ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ:, ਮਊ ਆਇਮਾ, ਫਾਫਾਮਊ ਜੰ: ਅਤੇ ਪ੍ਰਯਾਗ ਸਟੇਸ਼ਨ |
| 04112 | ਪ੍ਰਯਾਗਰਾਜ ਜੰ: (ਰਿੰਗ ਰੇਲ) | 06:30 | ਪ੍ਰਯਾਗਰਾਜ ਜੰ: (ਰਿੰਗ ਰੇਲ) | 21:00 | |
| 04113 | ਪ੍ਰਯਾਗਰਾਜ ਜੰ: (ਰਿੰਗ ਰੇਲ) | 17:30 | ਪ੍ਰਯਾਗਰਾਜ ਜੰ: (ਰਿੰਗ ਰੇਲ) | 07:45 | ਪ੍ਰਯਾਗਰਾਜ ਰਾਮਬਾਗ, ਝੂਸੀ, ਹੰਡਿਯਾ ਖਾਸ, ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਭਦੋਹੀ, ਜੰਘਈ ਜੰ:, ਮਡਿਯਾਹੂ, ਜਫਰਾਬਾਦ ਜੰ:, ਸ਼ਾਹਗੰਜ ਜੰ:, ਅਕਬਰਪੁਰ, ਗੋਸ਼ਾਈਗੰਜ, ਅਯੋਧਿਆ, ਅਯੋਧਿਆ ਕੈਂਟ, ਸੁਲਤਾਨਪੁਰ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ:, ਮਊ ਆਇਮਾ, ਫਾਫਾਮਊ ਜੰ: ਅਤੇ ਪ੍ਰਯਾਗ ਸਟੇਸ਼ਨ |
| 04114 | ਪ੍ਰਯਾਗਰਾਜ ਜੰ: (ਰਿੰਗ ਰੇਲ) | 17:45 | ਪ੍ਰਯਾਗਰਾਜ ਜੰ: (ਰਿੰਗ ਰੇਲ) | 08:00 | |
| 04120 | ਪ੍ਰਯਾਗਰਾਜ ਜੰ: (ਰਿੰਗ ਰੇਲ) | 13:30 | ਪ੍ਰਯਾਗਰਾਜ ਜੰ: (ਰਿੰਗ ਰੇਲ) | 04:00 | ਪ੍ਰਯਾਗ, ਫਾਫਾਮਊ ਜੰ:, ਮਊ ਆਇਮਾ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ:, ਸੁਲਤਾਨਪੁਰ, ਅਯੋਧਿਆ ਕੈਂਟ, ਅਯੋਧਿਆ ਧਾਮ, ਗੋਸ਼ਾਈਗੰਜ, ਅਕਬਰਪੁਰ, ਸ਼ਾਹਗੰਜ ਜੰ:, ਜੋਨਪੁਰ ਜੰ:, ਜਫਰਾਬਾਦ ਜੰ:, ਮਡਿਯਾਹੂ, ਜੰਘਈ ਜੰ:, ਭਦੋਹੀ, ਬਨਾਰਸ, ਮਾਧੋਸਿੰਘ, ਗਿਆਨਪੁਰ ਰੋਡ, ਹੰਡਿਯਾ ਖਾਸ, ਝੂਸੀ ਅਤੇ ਪ੍ਰਯਾਗਰਾਜ ਰਾਮਬਾਗ ਸਟੇਸ਼ਨ |
| 03410 | ਪ੍ਰਯਾਗਰਾਜ ਰਾਮਬਾਗ | 19:15 | ਮਾਲਦਾ ਟਾਊਨ | 14:30 | ਬਨਾਰਸ, ਵਾਰਾਣਸੀ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਦਾਨਾਪੁਰ, ਪਟਨਾ ਜੰ:, ਰਾਜੇਂਦਰਨਗਰ (ਟ), ਬਖਿਤਯਾਰਪੁਰ ਜੰ:, ਬਾਢ, ਮੋਕਾਮਾ ਜੰ:, ਕਿਉਲ ਜੰ:, ਅਭਯਪੁਰ, ਜਮਾਲਪੁਰ ਜੰ:, ਸੁਲਤਾਨਗੰਜ, ਭਾਗਲਪੁਰ, ਕਹਲਗਾਂਵ, ਸਾਹਿਬਗੰਜ ਜੰ:, ਬਡਹਰਵਾ ਜੰ: ਅਤੇ ਨਯੂ ਫਰਕਕਾ ਜੰ: ਸਟੇਸ਼ਨ |

**ਰੇਲ ਸਫ਼ਰ ਦੇ ਦੋਰਾਨ ਜਲਨਵਾਲੀ ਵਸਤੂਆਂ ਜਿਸਤਰ੍ਹਾਂ ਪਟਾਖੇ, ਪੈਟ੍ਰੋਲ, ਮਿੱਟੀ ਦਾ ਤੇਲ ਅਤੇ ਗੈਸ ਸਿਲੇਂਡਰ ਆਦਿ ਲੇਕੇ ਕਦੀ ਸਫ਼ਰ ਨਾ ਕਰੋ ।**

ਰੇਲਯਾਤੀਰਆਂ ਨੂੰ ਅਨੁਰੋਧ ਹੈ ਕਿਸੀ ਵੀ ਹੋਰ ਸੂਚਨਾ ਅਤੇ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES App ਦੇਖੋ ।

**ਉੱਤਰ ਰੇਲਵੇ**

ਸਾਨੂੰ www.nr.indianrailways.gov.in ਉਤੇ ਮਿਲੋ

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

ਉਤੇ ਸਾਨੂੰ ਫਾਲੋ ਕਰੋ ।

8-Feb-PAGE-12.qxd 2/7/2025 11:04 PM Page 1



## ਜਨਮ ਦਿਨ ਮੁਬਾਰਕ



ਮੁਸਕਾਨ
ਪਿੰਡ ਕੋਟਲਾ ਸੂਰਜ ਮੱਲ



ਜਸਦੀਪ ਸਿੰਘ ਲੱਧੜ
ਪਿੰਡ ਹਮਰੀਗੜ੍ਹ

## ਸ਼ਹਿਨਾਈਆਂ



ਗਗਨਦੀਪ ਸਿੰਘ ਕੈਨੇਡਾ ਪੁੱਤਰ ਡਾਕਟਰ ਇਕਬਾਲ ਸਿੰਘ ਮਾਨ ਵਾਸੀ ਪਿੰਡ ਮਾਨ ਸੈਂਡਵਾਲ ਦਾ ਸ਼ੁੱਭ ਵਿਆਹ ਹਰਪ੍ਰੀਤ ਕੌਰ ਸਪੁੱਤਰੀ ਗਿਆਨ ਪ੍ਰਕਾਸ਼ ਸਿੰਘ ਲੁਧਿਆਣਾ ਨਾਲ ਹੋਇਆ।

# ਨਸ਼ੀਲੀਆ ਗੋਲੀਆਂ ਤੇ ਹੈਰੋਇਨ ਸਮੇਤ 3 ਕਾਬੂ

**ਫਿਲੌਰ, (ਨਿਰਮਲ)**

ਥਾਣਾ ਫਿਲੌਰ ਦੀ ਪੁਲਸ ਨੇ ਇੱਕ ਵੱਡੀ ਕਾਰਵਾਈ ਕਰਦੇ ਹੋਏ ਤਿੰਨ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਹੈਰੋਇਨ ਅਤੇ ਨਸ਼ੀਲੀਆ ਗੋਲੀਆਂ ਬਰਾਮਦ ਕੀਤੀਆਂ ਹਨ।ਇੰਸਪੈਕਟਰ ਸੰਜੀਵ ਕਪੂਰ, ਮੁੱਖ ਅਫਸਰ ਥਾਣਾ ਫਿਲੌਰ, ਨੇ ਦੱਸਿਆ ਕਿ ਪੁਲਿਸ ਟੀਮ ਨੇ ਨਸ਼ਾ ਤਸਕਰੀ ਖ਼ਿਲਾਫ਼ ਚਲਾਏ ਗਏ ਵਿਸ਼ੇਸ਼ ਅਭਿਆਨ ਦੌਰਾਨ ਤਿੰਨ ਆਰੋਪੀਆਂ— ਹਰਜੀਤ ਸਿੰਘ ਪੁੱਤਰ ਬਹਾਦਰ ਸਿੰਘ (ਵਾਸੀ ਮਾਣਕਾ, ਥਾਣਾ ਸਦਰ ਫਗਵਾੜਾ, ਜ਼ਿਲ੍ਹਾ ਕਪੂਰਥਲਾ), ਜਸਵੀਰ ਰਾਮ ਪੁੱਤਰ ਸੁਰਜੀਤ ਕੁਮਾਰ ਅਤੇ ਰੱਜੀ ਪਤਨੀ ਜਸਵੀਰ ਰਾਮ (ਦੋਵੇਂ ਵਾਸੀ ਗੰਨਾ ਪਿੰਡ, ਥਾਣਾ ਫਿਲੌਰ, ਜ਼ਿਲਾ ਜਲੰਧਰ) ਨੂੰ ਗ੍ਰਿਫਤਾਰ ਕੀਤਾ ਹੈ।ਪੁਲਸ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ 90 ਨਸ਼ੀਲੀਆ ਗੋਲੀਆਂ ਅਤੇ 2 ਗ੍ਰਾਮ ਹੈਰੋਇਨ ਬਰਾਮਦ ਕੀਤੀ।ਪੁੱਛਗਿੱਛ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਇਹ ਤਿੰਨੋਂ



ਦੋਸ਼ੀ ਪਿਛਲੇ ਲੰਬੇ ਸਮੇਂ ਤੋਂ ਨਸ਼ਾ ਤਸਕਰੀ ਵਿੱਚ ਸ਼ਾਮਲ ਸਨ। ਇਹ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਨਸ਼ਾ ਲਿਆ ਕੇ ਪਿੰਡਾਂ ਵਿੱਚ ਸਪਲਾਈ ਕਰਦੇ ਸਨ।ਮੁਲਜ਼ਮਾਂ ਦਾ ਰਿਮਾਂਡ ਲੈ ਕੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਭਾਰਤੀਆ ਨੂੰ ਕੈਦੀਆਂ ਵਾਂਗ ਫੌਜ ਦੇ ਜਹਾਜ਼ 'ਚ ਵਾਪਸ ਭੇਜਣਾ ਬਹੁਤ ਦੁਖਦਾਈ : ਕਰੀਮਪੁਰੀ

**ਹੁਸ਼ਿਆਰਪੁਰ ( ਓ ਪੀ ਰਾਣਾ )**- ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੇ ਅਮਰੀਕਾ ਵਿਚੋਂ ਵਾਪਸ ਭੇਜੇ ਭਾਰਤੀ ਨੌਜਵਾਨਾਂ ਦੇ ਭਵਿੱਖ ਲਈ ਗਹਿਰੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਘਟੀਆ ਤੇ ਬਦਸਲੂਕੀ ਵਾਲੇ ਵਤੀਰੇ ਨਾਲ ਭਾਰਤ ਦੇ ਲੋਕਾਂ ਨੂੰ ਹੱਥਾਂ ਵਿੱਚ ਕੜੀਆਂ, ਪੈਰਾਂ ਵਿਚ ਬੇੜੀਆਂ ਪਾ ਕੇ ਕੈਦੀਆਂ ਵਾਂਗ ਫੌਜ ਦੇ ਜਹਾਜ਼ ਵਿਚ ਵਾਪਸ ਭੇਜਣਾ ਬਹੁਤ ਦੁਖਦਾਈ ਅਤੇ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਡਿਪੋਰਟ ਕੀਤੇ ਭਾਰਤੀਆਂ ਨਾਲ ਕੈਦੀਆਂ ਵਾਲਾ ਵਤੀਰਾ ਕੇਂਦਰ ਅਤੇ ਪੰਜਾਬ ਸਰਕਾਰ ਦੀ ਲਾਪਰਵਾਹੀ ਦਾ ਨਤੀਜਾ ਹੈ। ਕਰੀਮਪੁਰੀ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਡਿਪੋਰਟ ਲੋਕਾਂ ਦੀ ਬਾਂਹ ਫੜਨ ਦੀ ਬਜਾਏ ਸੰਸਦ ਵਿਚ ਦਿੱਤਾ ਬਿਆਨ ਜ਼ਖਮਾਂ 'ਤੇ ਲੂਣ ਛਿੜਕਣ ਦੇ ਸਮਾਨ ਹੈ। ਕਰੀਮਪੁਰੀ ਨੇ ਕਿਹਾ ਕਿ ਅਮਰੀਕਾ ਨੂੰ ਦੁਨੀਆ ਦਾ ਸ਼ਕਤੀਸ਼ਾਲੀ ਤੇ ਮਹਾਨ ਮੁਲਖ ਬਣਾਉਣ ਦੀ ਖਾਤਰ ਕਿਸੇ ਵੀ ਦੇਸ਼ ਦੇ ਨਾਗਰਿਕਾਂ ਨਾਲ ਜ਼ਾਲਮਾਨਾ ਰਵੱਈਏ ਤੋਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਸਬਕ ਸਿੱਖਣਾ ਚਾਹੀਦਾ ਹੈ।ਕਰੀਮਪੁਰੀ ਨੇ ਕਿਹਾ ਜਿਹੜਾ ਮੁੱਖ ਮੰਤਰੀ ਭਾਸ਼ਣਾਂ ਵਿੱਚ ਵਿਦੇਸ਼ ਗਏ ਲੋਕਾਂ ਨੂੰ ਭਾਰਤ ਲਿਆ ਕੇ ਰੁਜ਼ਗਾਰ ਦੇਣ ਦੇ ਦਗਮਗੇ ਵਜਾਉਂਦਾ ਰਿਹਾ ਉਸ ਨੂੰ ਹੁਣ ਡਿਪੋਰਟ ਹੋ ਕੇ ਪਹੁੰਚੇ ਲੋਕਾਂ ਲਈ ਸਰਕਾਰੀ ਨੌਕਰੀ, ਰੁਜ਼ਗਾਰ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਕਰੀਮਪੁਰੀ ਨੇ ਕਿਹਾ ਕਿ ਸਰਕਾਰ ਉਨ੍ਹਾਂ ਏਜੰਟਾਂ ਨੂੰ ਵੀ ਨੱਥ ਪਾਵੇ ਜਿਹੜੇ ਲੱਖਾਂ ਰੁਪਏ ਲੈ ਕੇ ਗਲਤ ਤਰੀਕੇ ਨਾਲ ਭੋਲੇ ਭਾਲੇ ਲੋਕਾਂ ਨੂੰ ਲੁੱਟ ਰਹੇ ਹਨ। ਕਰੀਮਪੁਰੀ ਨੇ ਕਿਹਾ ਕਿ ਕਾਂਗਰਸ, ਭਾਜਪਾ, ਆਪ ਤੇ ਅਕਾਲੀ ਸਰਕਾਰਾਂ ਵਲੋਂ ਬੇਰੁਜ਼ਗਾਰਾਂ ਲਈ ਰੁਜ਼ਗਾਰ ਦੇ ਵਸੀਲੇ ਨਾ ਪੈਦਾ ਕਰਨਾ ਅਤੇ ਪੂਰਾ ਮਿਹਨਤਾਨਾ ਨਾ ਮਿਲਣ ਕਰਕੇ ਲੋਕ ਲੱਖਾਂ ਰੁਪਏ ਖਰਚ ਕਰਕੇ ਜੰਗਲਾਂ ਵਿਚੋਂ ਗੁਜ਼ਰ ਵਿਦੇਸ਼ਾਂ ਵਿੱਚ ਜਾਣ ਲਈ ਮਜਬੂਰ ਹਨ ।ਕਰੀਮਪੁਰੀ ਨੇ ਕਿਹਾ ਕਿ ਪੰਜਾਬ ਸਰਕਾਰ ਡਿਪੋਰਟ ਨੌਜਵਾਨਾਂ ਦੇ ਪਰਵਾਰਾਂ ਦੇ ਦੁੱਖ ਨੂੰ ਗੰਭੀਰਤਾ ਨਾਲ ਹੱਲ ਕਰੇ।

# ਬੇਜ਼ੁਬਾਨ ਬਾਜ਼ ਆਇਆ ਚਾਈਨਾ ਡੋਰ ਦੀ ਲਪੇਟ 'ਚ

**ਰਘਬੀਰ ਸਿੰਘ (ਗੁਰਾਇਆ)**

ਚਾਈਨਾ ਡੋਰ ਦਾ ਕਹਿਰ ਰੁਕਣ ਦਾ ਨਾਂਅ ਨਹੀਂ ਲੈ ਰਿਹਾ ਜਿੱਥੇ ਬੀਤੇ ਕੱਲ੍ਹ ਸੱਤ ਸਾਲਾਂ ਬੱਚੀ ਪਤੰਗ ਦੀ ਡੋਰ ਦੀ ਲਪੇਟ ਵਿੱਚ ਆਉਣ ਨਾਲ ਇਸ ਦੁਨੀਆਂ ਨੂੰ ਅਲਵਿਦਾ ਆਖ ਗਈ ਉਥੋਂ ਹੀ ਬੇਜ਼ੁਬਾਨ ਵੀ ਇਸ ਡੋਰ ਦੀ ਲਪੇਟ ਵਿੱਚ ਆ ਰਹੇ ਹਨ।ਤਾਜ਼ਾ ਮਾਮਲਾ ਸਾਹਮਣੇ ਆਇਆ ਹੈ ਗੁਰਾਇਆ ਤੋਂ ਜਿੱਥੇ ਅੱਟਾ ਨਹਿਰ ਤੇ ਇੱਕ ਬਾਜ ਰਾਤ ਦਾ ਹੀ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਸਫੇਦੇ ਦੇ ਦਰਖਤ ਨਾਲ ਕਰੀਬ 100 ਫੁੱਟ ਦੀ ਉਚਾਈ 'ਤੇ ਫਸਿਆ ਹੋਇਆ ਸੀ ਅਤੇ ਤੜਫ ਰਿਹਾ ਸੀ।ਜਿਸ ਦਾ ਪਤਾ ਗੁਰਾਇਆ ਦੇ ਸਮਾਜ ਸੇਵਕ ਚੰਦਰ ਮੋਹਨ ਗੋਲਡੀ ਅਤੇ ਸੀਨੀਅਰ ਪੱਤਰਕਾਰ ਪ੍ਰਮੋਦ ਕੌਸ਼ਲ ਨੂੰ ਉਸ ਵੇਲੇ ਲੱਗਾ ਜਦੋਂ ਉਹ ਆਪਣੇ ਫਾਰਮ ਹਾਊਸ 'ਤੇ ਪਹੁੰਚੇ ਜਿਸ ਤੋਂ ਬਾਅਦ ਉਨ੍ਹਾਂ ਨੇ ਇਸ ਦੀ ਸੂਚਨਾ ਪ੍ਰਸ਼ਾਸਨ ਨੂੰ ਦਿੱਤੀ। ਜਿਸ ਤੋਂ ਬਾਅਦ ਵਾਰਡ ਕੌਂਸਲਰ ਮਨੋਜ ਗੋਗਨਾ, ਨਗਰ ਕੌਂਸਲ ਗੁਰਾਇਆ ਦੇ ਮੁਲਾਜ਼ਮ ਅਤੇ ਫਾਇਰ ਬ੍ਰਿਗੇਡ ਫਿਲੌਰ ਤੋਂ ਟੀਮਾਂ ਰੈਸਕਿਊ ਕਰਨ ਲਈ ਮੌਕੇ 'ਤੇ ਪਹੁੰਚੀਆਂ। ਜਿਨ੍ਹਾਂ ਦੀ ਮਦਦ ਨਕੋਦਰ ਤੋਂ ਗੁਰਾਇਆ ਕੰਮ ਕਰਨ ਆਏ ਦੀਪਕ ਨੌਜਵਾਨ ਨੇ ਇਨਸਾਨੀਅਤ ਅਤੇ ਦਲੇਰੀ ਵਿਖਾਉਂਦੇ ਹੋਏ ਕੀਤੀ।ਜਿਸ ਨੇ ਦਰਖਤ ਉੱਪਰ ਚੜ੍ਹ ਕੇ ਕਰੀਬ ਚਾਰ ਪੰਜ ਘੰਟੇ ਰੈਸਕਿਊ ਕਰਨ ਤੋਂ ਬਾਅਦ ਬਾਜ ਨੂੰ ਹੇਠਾਂ ਉਤਾਰਿਆ ਜੋ ਚਾਈਨਾ ਡੋਰ ਨਾਲ ਬੁਰੀ ਤਰ੍ਹਾਂ ਨਾਲ ਜਖਮੀ ਹੋ ਚੁੱਕਾ ਸੀ।ਜਿਸ ਨੂੰ ਫਾਇਰ ਬ੍ਰਿਗੇਡ ਦੇ ਮੁਲਾਜ਼ਮ ਆਪਣੇ ਨਾਲ ਇਲਾਜ ਲਈ ਲੈ ਗਏ ਹਨ।ਜਿਨ੍ਹਾਂ ਅਪੀਲ ਕਰਦੇ ਹੋਏ ਕਿਹਾ ਕਿ ਲੋਕ ਆਪਣੇ ਬੱਚਿਆਂ ਦੀ ਖੁਸ਼ੀ ਲਈ ਇਸ ਖੂਨੀ ਡੋਰ ਤੋਂ ਪਰਹੇਜ ਕਰਨ ਕਿਉਂਕਿ ਇਸ ਡੋਰ ਨਾਲ ਜਿੱਥੇ ਲੋਕ ਕੀਮਤੀ ਜਾਨਾ ਗਵਾ ਰਹੇ ਹਨ ਉਥੇ ਹੀ ਬੇਜ਼ੁਬਾਨ ਵੀ ਇਨ੍ਹਾਂ ਦੀ ਲਪੇਟ ਵਿੱਚ ਆ ਕੇ ਤੜਫ ਰਹੇ ਹਨ।ਰੈਸਕਿਊ ਕਰਨ ਵਾਲੇ ਨੌਜਵਾਨ ਨੂੰ ਸਮਾਜ ਸੇਵਕਾ ਨੇ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਅਤੇ ਧੰਨਵਾਦ ਕੀਤਾ।ਇਸ ਮੌਕੇ ਮਾਰਕੀਟ ਕਮੇਟੀ ਫਿਲੌਰ ਦੇ ਚੇਅਰਮੈਨ ਰੌਸ਼ਨ ਲਾਲ ਰੋਸ਼ੀ, ਟੋਨੀ ਢਿੱਲੋਂ, ਮੁਨੀਸ਼ ਬਾਵਾ ਹਾਜ਼ਰ ਸਨ।



# ਐੱਸ ਡੀ ਮਾਡਲ ਸਕੂਲ 'ਚ ਬਸੰਤ ਮੇਲਾ ਉਤਸਾਹ ਨਾਲ ਮਨਾਇਆ

**ਸੁਲਤਾਨਪੁਰ ਲੋਧੀ (ਹਨੀ)**

ਐਸ ਡੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਕਰਨਜੀਤ ਸਿੰਘ ਦੀ ਅਗਵਾਈ ਵਿਚ ਬਸੰਤ ਪੰਚਮੀ ਸੰਬੰਧੀ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਮਾਂ ਸਰਸਵਤੀ ਦੀ ਵੰਦਨਾ ਰਾਹੀਂ ਕੀਤੀ ਗਈ ਅਤੇ ਮੈਨੇਜਿੰਗ ਕਮੇਟੀ ਦੇ ਮੈਨੇਜਰ ਓਮਾਂ ਦੱਤ ਸ਼ਰਮਾ, ਪ੍ਰਿੰਸੀਪਲ ਕਰਨਜੀਤ ਸਿੰਘ ਅਤੇ ਵਾਇਸ ਪ੍ਰਿੰਸੀਪਲ ਪੂਨਮ ਧੀਰ ਨੇ ਜੋਯਤੀ ਪ੍ਰਜਵਲਿਤ ਕਰਕੇ ਮਾਂ ਸਰਸਵਤੀ ਤੋਂ ਅਸੀਰਵਾਦ ਮੰਗਿਆ। ਇਸ ਮੌਕੇ ਸਕੂਲ ਦੇ ਬੱਚਿਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਦੀ ਪੇਸਕਾਰੀ ਕਰਕੇ ਬਸੰਤ ਮੇਲੇ ਨੂੰ ਹੋਰ ਖੂਬਸੂਰਤ ਬਣਾ ਦਿੱਤਾ। ਫੈਂਸੀ ਡਰੈਸ ਪ੍ਰਤੀਯੋਗਤਾ ਵਿੱਚ ਵੀ ਵੱਖ-ਵੱਖ ਸੁੰਦਰ ਪੀਲੇ ਰੰਗ ਦੀ ਡਰੈਸ ਵਿੱਚ ਬੱਚਿਆਂ ਨੇ ਹਾਜ਼ਰੀਨ ਦਾ ਮਨ ਮੋਹ ਲਿਆ। ਬੱਚਿਆਂ ਵੱਲੋਂ ਪਤੰਗ ਪ੍ਰਤੀਯੋਗਤਾ ਵੀ ਕੀਤੀ ਗਈ ਅਤੇ ਚਾਈਨਾ ਡੋਰ ਦਾ ਬਾਈਕਾਟ ਕਰਨ ਦੀ ਕਸਮ ਵੀ ਖਾਧੀ ਗਈ। ਬੱਚਿਆਂ ਦੇ ਹੱਥਾਂ ਵਿੱਚ ਫੜੇ ਸਲੋਗਨ ਚਾਈਨਾ ਡੋਰ ਤੋਂ ਛੁਟਕਾਰਾ ਪਾਓ ਤੇ ਮਨੁੱਖਾਂ ਅਤੇ ਪੰਛੀਆਂ ਦੀ ਜਾਨ ਬਚਾਓ ਨੇ ਦ੍ਰਿੜ੍ਹ ਇਰਾਦੇ ਦਾ ਸੰਕੇਤ ਦਿੱਤਾ। ਮੈਨੇਜਰ ਓਮਾਂ ਦੱਤ ਸਰਮਾ ਨੇ ਬਸੰਤ ਮੇਲੇ ਦੀ ਬੱਚਿਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਕਰਮਜੀਤ ਸਿੰਘ ਨੇ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕੀਤਾ। ਵਾਇਸ ਪ੍ਰਿੰਸੀਪਲ ਪੂਨਮ ਧੀਰ ਨੇ ਬਸੰਤ ਪੰਚਮੀ 'ਤੇ ਬੱਚਿਆਂ ਨੂੰ ਸੁਭਕਾਮਨਾਵਾਂ ਦਿੱਤੀਆਂ। ਸਟੇਜ ਸੰਚਾਲਨ ਦੀ ਭੂਮਿਕਾ ਅਧਿਆਪਕ ਸੌਰਭ ਅਤੇ ਮੈਡਮ ਪ੍ਰਾਂਚਲ ਨੇ ਬਾਖੂਬੀ ਨਿਭਾਈ। ਅਧਿਆਪਕਾਂ ਵੱਲੋਂ ਖੂਬਸੂਰਤ



ਦਿੱਤੀਆਂ। ਪ੍ਰੋਗਰਾਮ ਤਿਆਰ ਕਰਨ ਲਈ ਮੈਡਮ ਭਾਰਤੀ, ਮੈਡਮ ਡਿੰਪਲ ਤੇ ਮੈਡਮ ਮਨਦੀਪ ਕੌਰ ਨੂੰ ਵੀ ਵਿਸੇਸ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੈਡਮ ਨੀਤੂ, ਸੋਨੀਆ, ਦੀਪਿਕਾ, ਡਿੰਪਲ, ਰੇਖਾ ਸਰਮਾ, ਮੰਜੂ ਧੀਰ, ਮਮਤਾ, ਪ੍ਰਾਂਚਨ, ਸੀਤਲ, ਤਮੰਨਾ, ਸਨਮ ,ਭਾਰਤੀ, ਬਲਬੀਰ ਕੌਰ, ਕੰਚਨ, ਸੌਰਭ, ਚੇਤਨ, ਪਵਨ, ਆਸਥਾ, ਆਸਾ, ਰਵਨੀਤ ਆਦਿ ਵੀ ਹਾਜ਼ਰ ਸਨ।

# ਦਸਵੀਂ ਦਾ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਗੁਰਪ੍ਰੀਤ ਸਿੰਘ ਦੇ ਇੰਟਰਨੈਸ਼ਨਲ ਢਾਡੀ ਜਥੇ ਨੇ ਅਮਰ ਸ਼ਹੀਦ ਜਥੇਦਾਰ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ 1710 ਈ: ਵਿੱਚ ਸਿੱਖ ਰਾਜ ਦੀ ਸਥਾਪਨਾ ਕਰਨ ਬਾਰੇ ਅਤੇ 18ਵੀਂ ਸਦੀ ਵਿੱਚ ਜਬਰ ਅਤੇ ਜ਼ੁਲਮ ਖਿਲਾਫ ਸਮੂਹ ਸ਼ਹੀਦ ਸਿੰਘਾਂ ਵੱਲੋਂ ਪ੍ਰਾਪਤ ਕੀਤੀਆਂ ਅਦੁੱਤੀ ਅਤੇ ਲਾਸਾਨੀ ਸ਼ਹਾਦਤਾਂ ਬਾਰੇ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਜਾਣੂ ਕਰਵਾਇਆ। ਭਾਈ ਬਹੁਲਿਵਲੀਨ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਵਾਲਿਆਂ ਨੇ ਆਪਣੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਹਰਜੀਤ ਸਿੰਘ ਸ਼ਾਹਬਾਦ ਮਾਰਕੰਡੇ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਨਣ ਲਈ ਪ੍ਰੇਰਿਆ। ਇਸ ਤੋਂ ਇਲਾਵਾ ਭਾਈ ਧੰਨਾ ਸਿੰਘ ਨਵਾਂਸ਼ਹਿਰ ਵਾਲਿਆਂ ਦਾ ਇੰਟਰਨੈਸ਼ਨਲ ਢਾਡੀ ਜਥਾ, ਭਾਈ ਕੰਵਲਜੀਤ ਸਿੰਘ ਖੰਨੇ ਵਾਲੇ, ਭਾਈ ਜਸਵਿੰਦਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਲੁਧਿਆਣਾ, ਸ਼੍ਰੋਮਣੀ ਪ੍ਰਚਾਰਕ ਭਾਈ ਅਮਰੀਕ ਸਿੰਘ ਜੀ, ਭਾਈ ਲਖਵਿੰਦਰ ਸਿੰਘ ਜੀ ਅੰਮ੍ਰਿਤਸਰ ਵਾਲੇ, ਸ਼੍ਰੋਮਣੀ ਪ੍ਰਚਾਰਕ ਭਾਈ ਸੰਦੀਪ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲੇ, ਭਾਈ ਸੁਖਵਿੰਦਰ ਸਿੰਘ ਦੇ ਜਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਗੁਰਮੀਤ ਸਿੰਘ ਅਤੇ ਭਾਈ ਜਸਵੰਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



# ਢੰਡਾ ਵਿਖੇ 25 ਲੱਖ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕੰਮ ਸ਼ੁਰੂ

**ਗੁਰਾਇਆ (ਬਿੰਦਰ ਸੁੰਮਨ)**

ਗ੍ਰਾਮ ਪੰਚਾਇਤ ਢੰਡਾ ਵੱਲੋਂ ਭੂਮੀ ਅਤੇ ਜਲ ਸੰਭਾਲ ਵਿਭਾਗ ਦੇ ਸਹਿਯੋਗ ਨਾਲ 25 ਲੱਖ ਦੀ ਲਾਗਤ ਨਾਲ ਸੋਲਰ ਮੋਟਰ ਰਾਹੀਂ ਜ਼ਮੀਨ ਦੋਜ ਨਾਲੀਆਂ ਦਾ ਪਰੋਜੈਕਟ ਤਹਿਤ ਪਾਈਪ ਪਾਉਣ ਦੀ ਸ਼ੁਰੂਆਤ ਕੀਤੀ ਗਈ। ਜਿਸ ਦਾ ਸ਼ੁਭ ਆਰੰਭ ਜਰਨੈਲ ਸਿੰਘ ਵਲੋਂ ਟੱਕ ਲਗਾ ਕੇ ਕੀਤਾ ਗਿਆ। ਇਸ ਸਬੰਧੀ ਵਿਭਾਗ ਦੇ ਐਸ ਡੀ ਓ ਅਮਰਜੀਤ ਸਿੰਘ ਨੇ ਦੱਸਿਆ ਕਿ ਇਸ ਪ੍ਰਾਜੈਕਟ ਤੇ ਮਹਿਕਮੇ ਵਲੋਂ 11 ਲੱਖ ਖ਼ਰਚ ਕਰਕੇ ਪਾਈਪ ਅਤੇ ਸੋਲਰ ਸਿਸਟਮ ਲਗਾਏ ਜਾਣਗੇ। ਇਸ ਸਬੰਧੀ ਪੰਚਾਇਤ ਮੈਂਬਰ ਬਿੰਦਰ ਲਾਲ ਨੇ ਦੱਸਿਆ ਕਿ ਇਸ ਪ੍ਰਾਜੈਕਟ ਤੇ 25 ਲੱਖ ਰੁਪਏ ਖ਼ਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਐਨ ਆਰ ਆਈ ਵੀਰ ਜਸਕਰਨ ਸਿੰਘ ਯੂ ਕੇ ਵਲੋਂ 14 ਲੱਖ 50 ਹਜ਼ਾਰ ਰੁਪਏ ਦੀ ਲਾਗਤ ਨਾਲ ਸੀਚੇਵਾਲ ਮਾਡਲ ਬਣਾਇਆ ਗਿਆ। ਇਹ ਪ੍ਰੋਜੈਕਟ ਮੁਕੰਮਲ ਹੋਣ ਨਾਲ ਗੰਦੇ ਪਾਣੀ ਦੇ ਨਿਕਾਸ ਦੀ ਸਮੱਸਿਆ ਹੱਲ ਹੋ ਜਾਵੇਗੀ। ਉਨਾਂ ਕਿਹਾ ਕਿ ਪਿੰਡ ਦੇ ਵਿਕਾਸ ਕੰਮ ਕਰਵਾਉਣ ਲਈ ਪਿੰਡ ਦੇ ਐਨ ਆਰ ਵੀਰ ਵੱਡੇ ਪੱਧਰ ਤੇ ਸਹਿਯੋਗ ਦੇ ਰਹੇ ਹਨ। ਇਸ ਮੌਕੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਨੇਕ ਸਿੰਘ, ਦਲਜੀਤ ਸਿੰਘ ਪੰਚ, ਜਸਵੀਰ ਸਿੰਘ ਪੰਚ, ਬਿੰਦਰ ਲਾਲ ਪੰਚ, ਤਰਸੇਮ ਸਿੰਘ ਯੂ ਕੇ, ਸੁਰਜੀਤ ਸਿੰਘ ਪੰਚ, ਕਸ਼ਮੀਰ ਸਿੰਘ, ਸਰਬਜੀਤ ਸਿੰਘ ਢੇਸੀ, ਦਵਿੰਦਰ ਸਿੰਘ, ਅਵਤਾਰ ਸਿੰਘ, ਬਲਵੀਰ ਸਿੰਘ, ਸੁਰਜੀਤ ਸਿੰਘ ਯੂਐਸਏ, ਤੀਰਥ ਸਿੰਘ ਤੋ ਇਲਾਵਾ ਪਿੰਡ ਵਾਸੀ ਹਾਜ਼ਰ ਸਨ।



# ਨਾਇਬ ਸਿੰਘ ਸੈਣੀ ਨੇ ਧਰਮ ਪਤਨੀ ਦੇ ਨਾਲ ਮਹਾਕੁੰਭ 'ਚ ਲਗਾਈ ਆਸਥਾ ਦੀ ਡੁੱਬਕੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਆਪਣੀ ਧਰਮ ਪਤਨੀ ਸ੍ਰੀਮਤੀ ਸੁਮਨ ਸੈਣੀ ਦੇ ਨਾਲ ਵੀਰਵਾਰ ਨੂੰ ਪ੍ਰਯਾਗਰਾਜ ਵਿਚ ਚੱਲ ਰਹੇ ਮਹਾਕੁੰਭ ਵਿਚ ਅਰੈਲ ਪੱਕਾ ਘਾਟ 'ਤੇ ਪਵਿੱਤਰ ਤ੍ਰਿਵੇਣੀ ਸੰਗਮ ਵਿਚ ਆਸਥਾ ਦੀ ਡੁੱਬਕੀ ਲਗਾਈ।ਉਨ੍ਹਾਂ ਨੇ ਵਿਧਿਵਤ ਪੂਜਾ ਕੀਤੀ ਅਤੇ ਅਧਿਆਤਮ ਅਤੇ ਸਨਾਤਮ ਪਰੰਪਰਾਵਾਂ ਦੇ ਵਿਰਾਟ ਸਮਾਗਤ ਦਾ ਅਵਲੋਕਨ ਵੀ ਕੀਤਾ।ਮੁੱਖ ਮੰਤਰੀ ਨੇ ਕਿਹਾ ਕਿ ਭਾਰਤੀ ਸਭਿਆਚਾਰ ਵਿਚ ਕੁੰਭ ਦਾ ਇੱਕ ਵਿਸ਼ੇਸ਼ ਮਹਤੱਵ ਸਥਾਨ ਮੰਨਿਆ ਗਿਆ ਹੈ। ਪ੍ਰਯਾਗਰਾਜ ਵਿਚ ਚੱਲ ਰਹੇ ਮਹਾਕੁੰਭ ਮੇਲੇ ਦੌਰਾਨ ਹਰ ਸਨਾਤਨੀ ਸੰਗਮ ਵਿਚ ਪਵਿੱਤਰ ਡੁੱਬਕੀ ਲਗਾਉਣਾ ਚਾਹੁੰਦਾ ਹੈ। ਸ਼ਾਸਤਰਾਂ ਅਨੁਸਾਰ ਕੁੰਭ ਵਿਚ ਡੁੱਬਕੀ ਲਗਾਉਣ ਨਾਲ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ, ਇਸ ਲਈ ਵੱਡੇ ਤੋਂ ਵੱਡੇ ਰਿਸ਼ੀ-ਮੁਨੀ ਅਤੇ ਸੰਤ-ਮਹਾਤਮਾ ਮਹਾਕੁੰਭ ਵਿਚ ਪਵਿੱਤਰ ਇਸ਼ਨਾਨ ਲਈ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਣ ਲਈ ਆਉਂਦੇ ਹਨ।ਉਨ੍ਹਾਂ ਨੇ ਤ੍ਰਿਵੇਣੀ ਸੰਗਮ ਦੀ ਵਿਸ਼ੇਸ਼ਤਾ ਨੂੰ ਬਿਆਂ ਕਰਦੇ ਹੋਏ ਕਿਹਾ ਕਿ ਮਾਂ ਗੰਗਾ, ਯਮੁਨਾ, ਸਰਸਵਤੀ ਦਾ ਸੰਗਮ ਹੈ। ਹਰ ਜ਼ਿਲ੍ਹੇ ਤੋਂ ਪ੍ਰਯਾਗਰਾਜ ਲਈ ਵਿਸ਼ੇਸ਼ ਬੱਸਾਂ ਚਲਾਈਆਂ ਜਾ ਰਹੀਆਂ ਹਨ।

# ਗੈਰ ਕਾਨੂੰਨੀ ਤੌਰ 'ਤੇ ਭੇਜੇ ਲੋਕਾਂ ਨਾਲ ਠੱਗੀਆਂ ਮਾਰਨ ਵਾਲੇ ਏਜੰਟਾਂ ਗ੍ਰਿਫ਼ਤਾਰ ਕੀਤਾ ਜਾਵੇ : ਸੁਰਜੀਤ ਸਿੰਘ ਢੇਰ

**ਨੰਗਲ (ਪੱਤਰ ਪ੍ਰੇਰਕ)**

ਕੁੱਲ ਹਿੰਦ ਕਿਸਾਨ ਸਭਾ ਦੇ ਜਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਢੇਰ ਨੇ ਇੱਥੇ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਕਿਹਾ ਕਿ ਅਮਰੀਕਾ ਵੱਲੋਂ ਡਿਪੋਰਟ ਕੀਤੇ ਗਏ ਪਹਿਲੇ ਜੱਥੇ ਦੇ 104 ਲੋਕਾਂ ਦੀ ਦਰਦਨਾਕ ਵਿੱਥਿਆ ਸੁਣੀ ਨਹੀਂ ਜਾਂਦੀ ਕਿ ਉਹਨਾਂ ਨੂੰ ਏਜੰਟਾਂ ਨੇ ਕਿਵੇਂ ਲੁੱਟਿਆ ਅਤੇ ਰਾਹਾਂ ਵਿੱਚ ਮੁਸੀਬਤਾਂ 'ਚ ਧੱਕਿਆ ਸੀ।ਇੱਕ -ਇੱਕ ਤੋਂ 30 ਤੋਂ ਲੈ ਕੇ 50 ਲੱਖ ਰੁਪਏ ਤੱਕ ਦੀਆਂ ਰਕਮਾਂ ਉਗਰਾਈਆਂ ਗਈਆਂ। ਅਮਰੀਕਾ ਜਾਂ ਕਨੇਡਾ ਭੇਜਣ ਲਈ ਕਈ-ਕਈ ਦੇਸ਼ਾਂ ਵਿੱਚੋਂ ਗੁਜ਼ਰਨਾ ਪਿਆ।ਕਿਵੇਂ ਭੁੱਖੇ - ਭਾਣੇ ਰਹਿਣ ਲਈ ਮਜ਼ਬੂਰ ਕੀਤੇ ਗਏ ਅਤੇ ਅੰਤ ਗ੍ਰਿਫ਼ਤਾਰੀਆਂ ਤੋਂ ਬਾਅਦ ਅਮਰੀਕਾ ਦੀਆਂ ਜੇਲ੍ਹਾਂ 'ਚ ਉਨ੍ਹਾਂ 'ਤੇ ਅਣਮਨੁੱਖੀ ਜਬਰ ਢਾਹਿਆ ਗਿਆ।ਅਖੀਰ ਟਰੰਪ ਪ੍ਰਸ਼ਾਸਨ ਨੇ ਉਹਨਾਂ ਨੂੰ ਹੱਥਕੜੀਆਂ ਅਤੇ ਬੇੜੀਆਂ 'ਚ ਜਕੜ ਕੇ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਲਿਆ ਲਾਹ ਮਾਰਿਆ।ਜਿੱਥੇ ਇਸ ਵਰਤਾਰੇ ਲਈ ਮੁੱਖ ਰੂਪ 'ਚ ਭਾਰਤੀ ਰਾਜ, ਲੋੜੀਂਦਾ ਪ੍ਰਬੰਧ ਨਾ ਦੇ ਸਕਣ ਲਈ ਜ਼ੁੰਮੇਵਾਰ ਹੈ ਅਤੇ ਮੋਦੀ ਸਰਕਾਰ ਅਮਰੀਕਾ ਦੀ ਧੌਂਸਬਾਜ਼ੀ ਸਾਹਮਣੇ ਨਤਮਸਤਕ ਹੋ ਕੇ ਆਤਮ ਸਮਰਪਣ ਕਰ ਚੁੱਕੀ ਹੈ, ਜਿਸ ਕਰਕੇ ਉਹ ਕੋਈ ਵੀ ਕਦਮ ਚੁੱਕਣ ਲਈ ਨਕਾਰਾ ਸਾਬਤ ਹੋਈ ਹੈ।ਦੂਜੇ ਪਾਸੇ ਮੋਦੀ ਸਰਕਾਰ, ਪੰਜਾਬ ਦੀ ਆਪ ਸਰਕਾਰ ਸਮੇਤ ਰਾਜ ਸਰਕਾਰਾਂ ਵੱਲੋਂ ਅੱਤਿਆਚਾਰੀ ਡਾਕੂਆਂ ਦੀ ਤਰ੍ਹਾਂ ਬਿਨ੍ਹਾਂ ਡਰ ਭੈਅ ਦੇ ਕੰਮ ਕਰ ਰਹੇ ਏਜੰਟਾਂ ਵਿਰੁੱਧ ਕੁਝ ਵੀ ਕਰਨ ਲਈ ਤਿਆਰ ਨਹੀਂ ਹੈ। ਕੁੱਲ ਹਿੰਦ ਕਿਸਾਨ ਕੇਂਦਰ ਤੇ ਮਾਨ ਸਰਕਾਰ ਤੋਂ ਮੰਗ ਕਰਦੀ ਹੈ ਕਿ ਜਿਹੜੇ-ਜਿਹੜੇ ਟਰੈਵਲ ਏਜੰਟਾਂ ਵੱਲੋਂ ਵਾਪਸ ਆਏ ਵਰਕਰ ਭੇਜੇ ਗਏ ਸਨ ਉਨ੍ਹਾਂ ਨੂੰ ਫੌਰੀ ਗ੍ਰਿਫ਼ਤਾਰ ਕਰੇ ਅਤੇ ਅਗਲੀ ਸਖ਼ਤ ਕਾਰਵਾਈ ਦੇ ਨਾਲ ਉਨ੍ਹਾਂ ਵੱਲੋਂ ਲੁੱਟੀਆਂ ਗਈਆਂ ਲੱਖਾਂ ਰੁਪਏ ਦੀਆਂ ਰਕਮਾਂ ਵਾਪਸ ਕਰਵਾਉਣ ਦੀ ਗਰੰਟੀ ਕਰੇ।ਵਾਪਸ ਆਏ ਮਜ਼ਦੂਰਾਂ ਨੂੰ ਪੱਕੇ ਤੌਰ 'ਤੇ ਰੁਜ਼ਗਾਰ ਦਿੱਤਾ ਜਾਵੇ ਤਾਂ ਜੋ ਆਪਣੇ ਪਰਵਾਰਾਂ ਨੂੰ ਪਾਲ ਸਕਣ।



# ਮੰਢਾਲੀ 'ਚ ਹਾਕੀ ਟੂਰਨਾਮੈਂਟ ਦੀ ਸ਼ੁਰੂਆਤ



**ਬੰਗਾ (ਅਵਤਾਰ ਕਲੇਰ)**- ਯੰਗ ਸਪੋਰਟਸ ਕਲੱਬ ਮੰਢਾਲੀ ਹਾਕੀ ਅਤੇ ਸੋਸ਼ਲ ਵੈੱਲਫੇਅਰ, ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਲਾਨਾ ਹਾਕੀ ਟੂਰਨਾਮੈਂਟ ਮੰਢਾਲੀ ਵਿਖੇ ਕਰਵਾਇਆ ਜਾ ਰਿਹਾ ਹੈ। ਟੂਰਨਾਮੈਂਟ ਵਿੱਚ ਹਾਕੀ ਓਪਨ ਦਾ ਪਹਿਲਾ ਇਨਾਮ 31000 ਅਤੇ ਦੂਸਰਾ ਇਨਾਮ 25000 ਰੁਪਏ ਦਿੱਤਾ ਜਾਵੇਗਾ। ਇਸ ਤਿੰਨ ਦਿਨਾ ਟੂਰਨਾਮੈਂਟ ਦਾ ਉਦਘਾਟਨ ਸਾਈਂ ਉਮਰੇ ਸ਼ਾਹ ਕਾਦਰੀ ਗੱਦੀਨਸ਼ੀਨ ਰੌਜ਼ਾ ਸ਼ਰੀਫ਼ ਮੰਢਾਲੀ ਅਤੇ ਉਦਾਸੀਨ ਡੇਰੇ ਤੋਂ ਮਹੰਤ ਦਲਜੀਤ ਦਾਸ ਵਲੋਂ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ। ਉਦਘਾਟਨੀ ਮੈਚ ਮੇਹਲੀ ਅਤੇ ਮੰਢਾਲੀ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਮੰਢਾਲੀ ਦੀ ਟੀਮ ਜੇਤੂ ਰਹੀ। ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ, ਮਹੰਤ ਦਲਜੀਤ ਦਾਸ, ਮੀਰਾਂ ਸ਼ਰਮਾ ਸਰਪੰਚ ਮੰਢਾਲੀ, ਨੰਬਰਦਾਰ ਧਰਮਿੰਦਰ ਸਿੰਘ ਪ੍ਰਧਾਨ, ਸੁਸ਼ੀਲ ਲਾਡੀ, ਰਿਸ਼ੀ ਕੁਮਾਰ, ਤਰਨਜੀਤ ਸੋਨੀ, ਬਲਵੀਰ ਸਿੰਘ, ਨੀਲਮ ਸ਼ਰਮਾ, ਪ੍ਰੇਮ ਸਿੰਘ, ਨਾਜ਼ਰ ਸਿੰਘ, ਰੁਪਿੰਦਰ ਪੈਂਟਾ, ਰਣਜੀਤ ਕੌਰ ਪੰਚ, ਕੁਲਵਿੰਦਰ ਕੌਰ ਪੰਚ, ਬੂਟਾ ਸਿੰਘ ਪੰਚ, ਸੱਤਪਾਲ ਪੰਚ, ਨਰਿੰਦਰਜੀਤ ਸਿੰਘ ਨੰਬਰਦਾਰ ਆਦਿ ਹਾਜ਼ਰ ਸਨ।

# ਜਿੰਪਾ ਨੇ ਬੀਰਬਲ ਨਗਰ 'ਚ ਸੀਵਰੇਜ ਪਾਈਪ ਲਾਈਨ ਵਿਛਾਉਣ ਦਾ ਕੰਮ ਕਰਵਾਇਆ ਸ਼ੁਰੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਨਗਰ ਨਿਗਮ ਵਲੋਂ ਬੀਰਬਲ ਨਗਰ ਵਿਚ 13.75 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ 245 ਮੀਟਰ ਲੰਬੀ ਸੀਵਰੇਜ ਪਾਈਪਲਾਈਨ ਵਿਛਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ।ਵਿਧਾਇਕ ਜਿੰਪਾ ਨੇ ਕਿਹਾ ਕਿ ਇਹ ਪ੍ਰੋਜੈਕਟ ਇਲਾਕਾ ਵਾਸੀਆਂ ਦੀ ਸਾਲਾਂ ਪੁਰਾਣੀ ਸੀਵਰੇਜ ਸਮੱਸਿਆ ਦਾ ਸਥਾਈ ਹੱਲ ਕਰੇਗਾ। ਇਸ ਨਾਲ ਇਲਾਕਾ ਵਾਸੀਆਂ ਨੂੰ ਪਾਣੀ ਭਰਨ ਅਤੇ ਗੰਦੇ ਪਾਣੀ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਮਿਲੇਗੀ।ਨਗਰ ਨਿਗਮ ਸ਼ਹਿਰ ਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਇਸੇ ਲੜੀ ਵਿਚ ਇਹ ਸੀਵਰੇਜ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਪਾਈਪਲਾਈ ਵਿਛਾਉਣ ਦਾ ਕੰਮ ਜਲਦ ਪੂਰਾ ਕੀਤਾ ਜਾਵੇਗਾ ਤਾਂ ਜੋ ਲੋਕ ਜਲਦ ਤੋਂ ਜਲਦ ਇਸ ਦਾ ਲਾਭ ਲੈ ਸਕਣ।ਵਿਧਾਇਕ ਨੇ ਕਿਹਾ ਕਿ ਸੂਬਾ ਸਰਕਾਰ ਸ਼ਹਿਰਾਂ ਦੇ ਸਰਵਪੱਖੀ ਵਿਕਾਸ ਵੱਲ ਵਿਸ਼ੇਸ਼ ਜ਼ੋਰ ਦੇ ਰਹੀ ਹੈ । ਆਉਣ ਵਾਲੇ ਸਮੇਂ ਵਿਚ ਹੁਸ਼ਿਆਰਪੁਰ ਦੇ ਹੋਰ ਹਲਕਿਆਂ ਵਿਚ ਵੀ ਸੜਕ ਨਿਰਮਾਣ, ਸੀਵਰੇਜ ਅਤੇ ਜਲ ਨਿਕਾਸੀ ਵਰਗੀਆਂ ਬੁਨਿਆਦੀ ਸਹੂਲਤਾਂ ਦੇ ਸੁਧਾਰ ਲਈ ਕਈ ਯੋਜਨਾਵਾਂ ਲਾਗੂ ਕੀਤੀਆਂ ਜਾਣਗੀਆਂ।ਅਖੀਰ ਵਿਚ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਗਰ ਨਿਗਮ ਨਾਲ ਮਿਲ ਕੇ ਸ਼ਹਿਰ ਨੂੰ ਸਾਫ-ਸੁਥਰਾ ਅਤੇ ਸੁੰਦਰ ਬਣਾਉਣ ਵਿਚ ਸਹਿਯੋਗ ਕਰਨ।ਨਾਲ ਹੀ ਨਗਰ ਨਿਗਮ ਦੇ ਅਧਿਕਾਰੀਆ ਨੂੰ ਨਿਰਦੇਸ਼ ਦਿੱਤੇ ਕਿ ਕੰਮ ਨੂੰ ਗੁਣਵੱਤਾ ਨਾਲ ਜਲਦ ਪੂਰਾ ਕੀਤਾ ਜਾਵੇ ਤਾਂ ਜੋ ਇਲਾਕਾ ਵਾਸੀਆਂ ਨੂੰ ਜਲਦ ਲਾਭ ਮਿਲ ਸਕੇ।ਇਸ ਮੌਕੇ ਲੋਕਾਂ ਨੇ ਵਿਧਾਇਕ ਜਿੰਪਾ ਦਾ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਇਸੇ ਤਰ੍ਹਾਂ ਹੋਰ ਇਲਾਕਿਆਂ ਵਿਚ ਵੀ ਵਿਕਾਸ ਕੰਮਾਂ ਵਿਚ ਤੇਜ਼ੀ ਲਿਆਂਦੀ ਜਾਵੇ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੁਮੇਸ਼ ਸੋਨੀ, ਆਗਿਆਪਾਲ ਸਿੰਘ ਸਾਹਨੀ, ਕਪਿਲ ਕੁਮਾਰ, ਮੋਨੂੰ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।



# ਨਾਟਕਕਾਰ ਸੰਜੀਵਨ ਦੀ ਪਤਨੀ ਦਾ ਘਰ ਦੇ ਮੂਹਰਿਓਂ ਲੁਟੇਰਿਆ ਨੇ ਖੋਹਿਆ ਬੈਗ

**ਚੰਡੀਗੜ੍ਹ-(ਗੁਰਜੀਤ ਬਿੱਲਾ)**- ਨਾਟਕਕਾਰ ਸੰਜੀਵਨ ਦੀ ਪਤਨੀ ਐਡਵੋਕੇਟ ਚਰਨਜੀਤ ਕੌਰ ਦਾ ਉਨ੍ਹਾਂ ਦੇ ਘਰ 2249, ਫੇਜ਼ ਮੂਹਰਿਓਂ ਸ਼ਾਮ ਤਕਰੀਬਨ ਸਵਾ ਪੰਜ ਵਜੇ ਅਚਾਨਕ ਦੋ ਮੋਟਰਸਾਇਕਲ ਸਵਾਰ ਨੌਜਵਾਨ ਉਨ੍ਹਾਂ ਦਾ ਦਫ਼ਤਰੀ ਬੈਗ ਖੋਹ ਕੇ ਭੱਜ ਗਏ।ਬੈਗ ਵਿਚ ਆਧਾਰ ਕਾਰਡ, ਪੈਨ ਕਾਰਡ, ਵੋਟਰ ਕਾਰਡ ਆਰ.ਐਫ.ਆਈ.ਡੀ. ਕਾਰਡ, ਨੋਟਰੀ ਸਟੈਂਪ, ਡਰਾਈਵਿੰਗ ਲਾਇਸੈਂਸ, ਗਲੇਕਸੀ ਏ 34 5ਜੀ ਮੋਬਾਇਲ, ਕਾਲੇ ਰੰਗ ਦਾ, ਨੋਟਰੀ ਰਜਿਸਟਰ ਲਗਭਗ, 10,000 ਰੁਪਏ, ਇੱਕ ਸੋਨੇ ਦੀ ਚੇਨ, ਲਾਕਟ ਅਤੇ ਸੋਨੇ ਦੀਆਂ ਵਾਲੀਆਂ (ਲਗਭਗ 2 ਤੋਲੇ) ਸਨ। ਇਸ ਘਟਨਾ ਬਾਰੇ ਤੁਰੰਤ 112 'ਤੇ ਕਾਲ ਕਰਕੇ ਫੇਜ਼-11 ਦੀ ਪੁਲਸ ਚੌਕੀ ਰਿਪੋਰਟ ਦਰਜ ਕਰਵਾਈ ਗਈ। ਐਸ ਐਚ ਓ ਗਗਨ ਦੇ ਨਿਰਦੇਸ਼ਾਂ ਅਨੁਸਾਰ ਐਫ ਆਈ ਆਰ ਨੰ. 15 ਮਿਤੀ 6-2-2025 ਅੰਡਰ ਸੈਕਸ਼ਨ 304 ਬੀ ਐਨ ਐਸ ਦਰਜ ਕਰਕੇ ਕਾਰਵਾਈ ਆਰੰਭ ਕਰ ਦਿੱਤੀ ਹੈ।

# ਐੱਲ ਪੀ ਯੂ ਨੇ 38ਵੇਂ ਇੰਟਰ-ਯੂਨੀਵਰਸਿਟੀ ਯੂਥ ਫੈਸਟੀਵਲ 'ਚ ਪਹਿਲੀ ਰਨਰਅੱਪ ਟਰਾਫੀ ਜਿੱਤੀ



**ਜਲੰਧਰ (ਸ਼ੈਲੀ ਐਲਬਰਟ)**

38ਵੇਂ ਏ ਆਈ ਯੂ (ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼) ਨੌਰਥ ਜ਼ੋਨ ਇੰਟਰ-ਯੂਨੀਵਰਸਿਟੀ ਯੂਥ ਫੈਸਟੀਵਲ ਵਿੱਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੇ ਪਹਿਲੀ ਰਨਰਅੱਪ ਪੁਜ਼ੀਸ਼ਨ ਪ੍ਰਾਪਤ ਕਰਕੇ ਆਪਣੀ ਉੱਤਮਤਾ ਦੀ ਪਰੰਪਰਾ ਨੂੰ ਜਾਰੀ ਰੱਖਿਆ। ਚੰਡੀਗੜ੍ਹ ਵਿੱਚ ਹੋਏ ਪੰਜ ਦਿਨਾ ਫੈਸਟੀਵਲ ਵਿੱਚ ਉੱਤਰੀ ਰਾਜਾਂ ਪੰਜਾਬ, ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼, ਲੱਦਾਖ, ਉੱਤਰਾਖੰਡ ਅਤੇ ਚੰਡੀਗੜ੍ਹ ਦੀਆਂ 21 ਯੂਨੀਵਰਸਿਟੀਆਂ ਨੇ ਹਿੱਸਾ ਲਿਆ। ਇਸ ਵਿੱਚ ਥੀਏਟਰ, ਸੰਗੀਤ, ਲਲਿਤ ਕਲਾ, ਸਾਹਿਤਕ ਕਲਾ ਅਤੇ ਡਾਂਸ ਸਮੇਤ 27 ਜੀਵੰਤ ਸ਼੍ਰੇਣੀਆਂ ਵਿੱਚ ਸਖ਼ਤ ਮੁਕਾਬਲਾ ਦੇਖਣ ਨੂੰ ਮਿਲਿਆ। ਇਸ ਵਿੱਚ ਹਜ਼ਾਰਾਂ ਵਿਦਿਆਰਥੀਆਂ ਨੇ ਹਿੱਸਾ ਲਿਆ । ਐਲ ਪੀ ਯੂ ਸੰਗੀਤ ਸ਼੍ਰੇਣੀ ਅਤੇ ਸੱਭਿਆਚਾਰਕ ਪ੍ਰੇਰਕ ਦੋਵਾਂ ਵਿੱਚ ਓਵਰਆਲ ਚੈਂਪੀਅਨ ਬਣ ਕੇ ਉਭਰਿਆ, ਜਦੋਂ ਕਿ ਸਾਹਿਤਕ, ਥੀਏਟਰ ਅਤੇ ਲਲਿਤ ਕਲਾ ਸ਼੍ਰੇਣੀਆਂ ਵਿੱਚ ਰਨਰਅਪ 'ਤੇ ਰਿਹਾ। ਯੂਨੀਵਰਸਿਟੀ ਦੀ ਸਖ਼ਤ ਮਿਹਨਤ ਅਤੇ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਨੇ 20 ਪ੍ਰਭਾਵਸ਼ਾਲੀ ਸਨਮਾਨ ਪ੍ਰਾਪਤ ਕੀਤੇ ਜਿਨ੍ਹਾਂ ਵਿੱਚ ਭਾਰਤੀ ਸਮੂਹ ਗੀਤ, ਲੋਕ ਆਰਕੈਸਟਰਾ, ਵਾਦ-ਵਿਵਾਦ, ਪੋਸਟਰ ਅਤੇ ਸੱਭਿਆਚਾਰਕ ਜਲੂਸ ਮੁਕਾਬਲਿਆਂ ਵਰਗੀਆਂ ਸ਼੍ਰੇਣੀਆਂ ਵਿੱਚ 5 ਗੋਲਡ ਮੈਡਲ ਸ਼ਾਮਲ ਹਨ। ਇਸ ਤੋਂ ਇਲਾਵਾ, ਐਲ ਪੀ ਯੂ ਨੇ ਲਾਈਟ ਵੋਕਲ ਗਜ਼ਲ, ਵੈਸਟਰਨ ਗਰੁੱਪ ਸੌਂਗ, ਵੈਸਟਰਨ ਇੰਸਟ੍ਰੂਮੈਂਟਸ, ਕਲਾਸੀਕਲ ਡਾਂਸ, ਮਾਈਮ ਅਤੇ ਆਨ ਸਪਾਟ ਪੇਂਟਿੰਗ ਸਮੇਤ 8 ਸਿਲਵਰ ਮੈਡਲ ਜਿੱਤੇ। ਯੂਨੀਵਰਸਿਟੀ ਨੇ ਕਾਰਟੂਨਿੰਗ, ਰੰਗੋਲੀ, ਮਿਮਿਕਰੀ, ਇਕ-ਨਾਟਕ, ਸਕਿੱਟ, ਕੁਇਜ਼ ਅਤੇ ਭਾਸ਼ਣ ਵਿੱਚ 7 ਕਾਂਸੀ ਦੇ ਤਗਮੇ ਵੀ ਜਿੱਤੇ । ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ, ਡਾ. ਅਸ਼ੋਕ ਕੁਮਾਰ ਮਿੱਤਲ, ਐਮ ਪੀ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਨੇ ਕਿਹਾ, ਇਸ ਬੇਮਿਸਾਲ ਪ੍ਰਾਪਤੀ ਨੇ ਨਾ ਸਿਰਫ਼ ਐਲ ਪੀ ਯੂ ਦਾ ਨਾਂ ਰੌਸ਼ਨ ਕੀਤਾ ਹੈ ਬਲਕਿ ਸਾਡੇ ਦੇਸ਼ ਦੀ ਸੱਭਿਆਚਾਰਕ ਵਿਰਾਸਤ ਨੂੰ ਵੀ ਅਮੀਰ ਬਣਾਇਆ ਹੈ।

# ਬੱਚਿਆਂ ਨੇ ਨੁੱਕੜ ਨਾਟਕ ਰਾਹੀਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਿਆ



**ਕਰਤਾਰਪੁਰ (ਹਰਮੇਸ਼ ਦੱਤ)**-ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਕੰਵਲਜੀਤ ਕੌਰ ਦੀ ਦੇਖ-ਰੇਖ ਹੇਠ ਚਲਾਈ ਗਈ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਵਿੱਚ ਭਾਗ ਲਿਆ। ਇਸ ਵਿੱਚ ਸਕੂਲੀ ਬੱਚਿਆਂ ਨੇ ਹਲਕਾ ਕਰਤਾਰਪੁਰ ਦੇ ਮੁੱਖ ਚੌਰਾਹੇ 'ਤੇ ਨਾਟਕ ਰਾਹੀਂ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕੀਤਾ। ਨੁੱਕੜ ਨਾਟਕ ਰਾਹੀਂ ਬੱਚਿਆਂ ਨੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਿਆ। ਬੱਚਿਆਂ ਨੇ ਨਾਟਕਾਂ ਵਿੱਚ ਗੀਤਾਂ ਅਤੇ ਸੰਵਾਦਾਂ ਰਾਹੀਂ ਨਸ਼ਿਆਂ ਕਾਰਨ ਟੁੱਟੇ ਪਰਵਾਰਾਂ ਦੀਆਂ ਭੂਮਿਕਾਵਾਂ ਨਿਭਾ ਕੇ ਲੋਕਾਂ ਤੋਂ ਖੂਬ ਵਾਹ-ਵਾਹ ਖੱਟੀ। ਸਕੂਲ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਕਿਹਾ ਕਿ ਨੁੱਕੜ ਨਾਟਕਾਂ ਰਾਹੀਂ ਨਸ਼ਿਆਂ ਸਬੰਧੀ ਵੱਖ-ਵੱਖ ਤਰ੍ਹਾਂ ਦੇ ਭੁਲੇਖੇ ਦੂਰ ਕਰਨ ਦਾ ਉਪਰਾਲਾ ਕੀਤਾ ਜਾਵੇ । ਇਸ ਮੌਕੇ ਚੇਅਰਪਰਸਨ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ, ਪਲਵਿੰਦਰ ਕੌਰ, ਪ੍ਰਿੰਸੀਪਲ ਕੰਵਲਜੀਤ ਕੌਰ, ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

# ਸਕੂਲਾਂ 'ਚ ਡੇਂਗੂ ਤੇ ਮੌਸਮੀ ਬਿਮਾਰੀਆਂ ਸੰਬੰਧੀ ਸਟਾਫ਼ ਤੇ ਬੱਚਿਆਂ ਨੂੰ ਦਿੱਤੀ ਟ੍ਰੇਨਿੰਗ

**ਕਰਤਾਰਪੁਰ (ਹਰਮੇਸ਼ ਦੱਤ)**

ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਡੇਂਗੂ, ਮਲੇਰੀਆ ਬੁਖਾਰ ਅਤੇ ਹੋਰ ਮੌਸਮੀ ਬਿਮਾਰੀਆਂ ਤੋਂ ਬਚਾਉਣ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਸਿਵਲ ਸਰਜਨ ਡਾ. ਗੁਰਮੀਤ ਲਾਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸਰਬਜੀਤ ਸਿੰਘ ਦੀ ਦੇਖ-ਰੇਖ ਹੇਠ ਡੇਂਗੂ ਰੋਕੂ ਮੁਹਿੰਮ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਸਕੂਲਾਂ ਵਿੱਚ ਬੱਚਿਆਂ ਅਤੇ ਅਧਿਆਪਕਾਂ ਨੂੰ ਟ੍ਰੇਨਿੰਗ ਦੇਣ ਦੇ ਨਾਲ ਜਾਗਰੂਕ ਕੀਤਾ ਗਿਆ ਹੈ।ਡਾ. ਸਰਬਜੀਤ ਸਿੰਘ ਨੇ ਦੱਸਿਆ ਕਿ ਬਲਾਕ ਕਰਤਾਰਪੁਰ ਦੇ ਪਿੰਡ ਲਿੱਧੜਾਂ, ਚਿੱਟੀ ਅਤੇ ਲੱਲੀਆਂ ਖੁਰਦ, ਨੌਗੱਜਾ ਦੇ ਹਾਈ ਸਕੂਲਾਂ ਦੇ ਬੱਚਿਆਂ ਨੂੰ ਡੇਂਗੂ ਅਤੇ ਮਲੇਰੀਆ ਦੇ ਮੱਛਰਾਂ ਦੇ ਪ੍ਰਜਣਨ ਸਥਾਨਾਂ ਅਤੇ ਇਸ ਦੀ ਰੋਕਥਾਮ ਬਾਰੇ ਦੱਸਿਆ ਗਿਆ। ਇਸ ਦੌਰਾਨ ਸਿਹਤ ਵਿਭਾਗ ਦੇ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਅਤੇ ਵਰਕਰ ਨੇ ਬੱਚਿਆਂ ਨੂੰ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ਼ ਪਾਣੀ ਵਿੱਚ ਆਂਡੇ ਦਿੰਦਾ ਹੈ, ਜੋ ਕਿ ਸਾਡੇ ਘਰਾਂ ਵਿੱਚ ਅਤੇ ਆਲੇ-ਦੁਆਲੇ ਆਸਾਨੀ ਨਾਲ ਪਾਇਆ ਜਾਂਦਾ ਹੈ। ਇਸ ਲਈ, ਕਿਤੇ ਵੀ ਪਾਣੀ ਭਰਨ ਨਾ ਦਿਓ ਅਤੇ ਹਫ਼ਤੇ ਵਿਚ ਘੱਟੋ-ਘੱਟ ਇਕ ਵਾਰ ਪਾਣੀ ਨਾਲ ਭਰੀਆਂ ਥਾਵਾਂ ਜਾਂ ਚੀਜ਼ਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰੋ ਅਤੇ ਉਨ੍ਹਾਂ ਨੂੰ ਸੁਕਾਓ। ਇਸ ਮੌਕੇ ਡਾ. ਵਿਜੈ, ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਬਲਵਿੰਦਰ ਸਿੰਘ, ਗੁਰਵੇਲ ਸਿੰਘ, ਸੀ.ਐਮ.ਓ. ਰਾਖੀ, ਏ.ਐਨ.ਐਮ, ਸਪਨਾ ਅਤੇ ਵਰਕਰ ਸੁਖਰਾਜ ਸਿੰਘ, ਸਵਰਾਜ ਸਿੰਘ, ਬਲਜੀਤ ਸਿੰਘ ਅਤੇ ਹੋਰ ਮੌਜੂਦ ਸਨ।



# ਰਿਆਤ-ਬਾਹਰਾ 'ਵਰਸਿਟੀ ਨੇ ਕੈਰੀਅਰ ਕਾਨਫਰੰਸ-2025 ਦੀ ਕੀਤੀ ਮੇਜ਼ਬਾਨੀ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ ਜ਼ਿਲ੍ਹਾ ਰੋਜ਼ਗਾਰ ਅਤੇ ਉਦਯੋਗ ਬਿਊਰੋ (ਡੀ ਬੀ ਈ ਈ), ਮੋਹਾਲੀ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੂੰ ਸਫਲ ਕਰੀਅਰ ਮਾਰਗਾਂ ਵੱਲ ਸੇਧ ਦੇਣ ਲਈ ਕਰੀਅਰ ਕਾਨਫਰੰਸ-2025 ਦਾ ਆਯੋਜਨ ਕੀਤਾ ਗਿਆ। ਇਸ ਕਾਨਫਰੰਸ ਵਿੱਚ ਵੱਖ-ਵੱਖ ਖੇਤਰਾਂ ਦੇ ਮਾਣਯੋਗ ਮਾਹਿਰ ਸ਼ਾਮਲ ਹੋਏ, ਜਿਨ੍ਹਾਂ ਨੇ ਚਾਹਵਾਨ ਪੇਸ਼ੇਵਰਾਂ ਨਾਲ ਅਨਮੋਲ ਜਾਣਕਾਰੀ ਸਾਂਝੀ ਕੀਤੀ।ਉੱਘੇ ਮਹਿਮਾਨ ਬੁਲਾਰਿਆਂ ਵਿੱਚ ਇੰਜੀਨੀਅਰ ਰਵੀਜੀਤ ਸਿੰਘ ਸੀਈਓ ਆਰ ਐਸ ਬਿਲਡਰ , ਤਰੁਣ ਕੁਮਾਰ ਬੈਨਰਜੀ (ਇੰਟਰਨੈਸ਼ਨਲ ਮੋਟੀਵੇਸ਼ਨਲ ਸਪੀਕਰ), ਨਵਨੀਤ ਗਰੇਵਾਲ (ਸਾਫਟ ਸਕਿੱਲ ਟ੍ਰੇਨਰ), ਅਤੇ ਸ਼੍ਰੀਮਤੀ ਸੁਖਮਨ ਬਾਠ ਡਿਪਟੀ ਚੀਫ਼ ਅਫ਼ਸਰ ਸ਼ਾਮਲ ਸਨ।,ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਕਰੀਅਰ ਦੇ ਵਿਕਾਸ, ਉਦਯੋਗ ਦੀਆਂ ਉਮੀਦਾਂ ਅਤੇ ਜ਼ਰੂਰੀ ਪੇਸ਼ੇਵਰ ਹੁਨਰਾਂ ਤੇ ਪ੍ਰੇਰਨਾਦਾਇਕ ਗੱਲਬਾਤ ਅਤੇ ਇੰਟਰਐਕਟਿਵ ਸੈਸ਼ਨਾਂ ਰਾਹੀਂ ਜਾਣਕਾਰੀ ਦਿੱਤੀ ।ਸਮਾਗਮ ਦੇ ਮੁਖ ਮਹਿਮਾਨ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਵੀ ਇਕੱਠ ਨੂੰ ਸੰਬੋਧਨ ਕਰਦਿਆਂ ਕਰੀਅਰ ਦੀ ਤਿਆਰੀ ਨੂੰ ਯਕੀਨੀ ਬਣਾਉਣ ਲਈ ਹੁਨਰ ਅਧਾਰਤ ਸਿੱਖਿਆ ਅਤੇ ਉਦਯੋਗ-ਮੁਖੀ ਸਿਖਲਾਈ ਦੀ ਮਹੱਤਤਾ ਤੇ ਜ਼ੋਰ ਦਿੱਤਾ।ਉਹਨਾਂ ਰਿਆਤ ਬਾਹਰਾ ਯੂਨੀਵਰਸਿਟੀ ਦੇ ਅਕਾਦਮਿਕਤਾ ਅਤੇ ਨੌਕਰੀ ਦੀ ਮਾਰਕੀਟ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਲਗਾਤਾਰ ਯਤਨਾਂ ਬਾਰੇ ਦੱਸਿਆ । ਇਸ ਸਮਾਗਮ ਦਾ ਸਫਲਤਾਪੂਰਵਕ ਸੰਚਾਲਨ ਡਾ. ਸਿਮਰਜੀਤ ਕੌਰ, ਡੀਨ, ਵਿਦਿਆਰਥੀ ਭਲਾਈ ਵਿਭਾਗ (ਡੀ ਐਸ ਡਬਲਯੂ), ਦੁਆਰਾ ਕੀਤਾ ਗਿਆ । ਇਸ ਮੌਕੇ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਦੇਖੀ ਗਈ।ਕਾਨਫਰੰਸ ਦਾ ਉਦੇਸ਼ ਵਿਦਿਆਰਥੀਆਂ ਨੂੰ ਆਪਣੇ ਪੇਸ਼ੇਵਰ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਗਿਆਨ, ਪ੍ਰੇਰਨਾ ਅਤੇ ਸਹੀ ਹੁਨਰ ਦੇ ਨਾਲ ਸ਼ਕਤੀ ਪ੍ਰਦਾਨ ਕਰਨਾ ਸੀ।

# ਅੱਜ ਜਲੰਧਰ 'ਚ ਟਰੰਪ ਦਾ ਫੂਕਿਆ ਜਾਵੇਗਾ ਪੁਤਲਾ : ਰਾਜੇਵਾਲ

**ਜਲੰਧਰ, (ਰਾਜੇਸ਼ ਥਾਪਾ)**- ਅਮਰੀਕਾ ਦੀ ਟਰੰਪ ਸਰਕਾਰ ਨੇ ਭਾਰਤੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਸਮੇਂ ਭਾਰਤੀ ਨੌਜਵਾਨਾਂ ਨੂੰ ਹੱਥਕੜੀਆਂ ਅਤੇ ਬੇੜੀਆਂ ਲਗਾ ਕੇ ਜਿਸ ਤਰ੍ਹਾਂ ਬਦਸਲੂਕੀ ਕੀਤੀ ਹੈ, ਉਹ ਘੋਰ ਨਿੰਦਣਯੋਗ ਹੈ। ਅੱਜ ਇੱਥੋਂ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਨੇ ਇੰਜ ਕਰਕੇ ਭਾਰਤੀਆਂ ਨੂੰ ਜ਼ਲੀਲ ਹੀ ਨਹੀਂ ਕੀਤਾ ਸਗੋਂ ਮਨੁੱਖੀ ਅਧਿਕਾਰਾਂ ਦੀ ਵੀ ਘੋਰ ਉਲੰਘਣਾ ਕੀਤੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦਾ ਚੁੱਪ ਰਹਿਣਾ ਭਾਰਤੀਆਂ ਦੀ ਮਾਣ ਮਰਿਆਦਾ ਨੂੰ ਰੋਲਣ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਸਰਕਾਰ ਵੱਲੋਂ ਅਜਿਹਾ ਵਰਤਾਰਾ ਸਾਡੀ ਅਣਖ ਨੂੰ ਚੈਲਿੰਜ ਕਰਨ ਵਾਲਾ ਹੈ। ਅਮਰੀਕਾ ਦੇ ਰਾਸ਼ਟਰਪਤੀ ਦੇ ਇਸ ਵਰਤਾਰੇ ਵਿਰੁੱਧ ਲੋਕਾਂ ਵਿੱਚ ਬੇਅਥਾਹ ਗੁੱਸਾ ਹੈ। ਇਸ ਲਈ ਯੂਨੀਅਨ ਨੇ ਫੈਸਲਾ ਕੀਤਾ ਹੈ ਕਿ 8 ਫਰਵਰੀ ਨੂੰ ਸਵੇਰੇ 11 ਵਜੇ ਪੰਜਾਬ ਦੇ ਕਿਸਾਨ ਪ੍ਰੈਸ ਕਲੱਬ ਜਲੰਧਰ ਵਿਖੇ ਇਕੱਠੇ ਹੋ ਕੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਰੋਸ ਮੁਜ਼ਾਹਰਾ ਕਰਕੇ ਪੁਤਲਾ ਫੂਕਣਗੇ।




## ਭਾਜਪਾ ਦਿੱਲੀ 'ਚ ਦੋ ਤਿਹਾਈ ਬਹੁਮਤ ਨਾਲ ਸਰਕਾਰ ਬਣਾਏਗੀ : ਰਜਨੀਸ਼ ਧੀਮਾਨ




**ਲੁਧਿਆਣਾ (ਜਸਦੀਪ ਵਰਤੀਆ)**-ਇਸ ਵਾਰ ਭਾਜਪਾ ਦਿੱਲੀ 'ਚ ਬਹੁਮਤ ਨਾਲ ਸੱਤਾ ਵਿੱਚ ਆ ਰਹੀ ਹੈ। ਭਾਜਪਾ ਚੋਣਾਂ ਵਿੱਚ ਦੋ ਤਿਹਾਈ ਬਹੁਮਤ ਨਾਲ ਸਰਕਾਰ ਬਣਾਉਣ ਜਾ ਰਹੀ ਹੈ। ਜ਼ਿਲ੍ਹ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਭਾਜਪਾ ਦਫਤਰ ਵਿਖੇ ਇਹ ਸ਼ਬਦ ਕਹੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਦੇਸ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ, ਪਰ 'ਆਪ' ਸਰਕਾਰ ਕਾਰਨ ਦਿੱਲੀ ਦਾ ਉਸ ਰਫਤਾਰ ਨਾਲ ਵਿਕਾਸ ਨਹੀਂ ਹੋ ਰਿਹਾ, ਜਿਸ ਤੇਜ਼ੀ ਨਾਲ ਅਰਵਿੰਦ ਕੇਜਰੀਵਾਲ ਨੇ ਦਿੱਲੀ ਦੇ ਲੋਕਾਂ ਨਾਲ ਵਾਅਦੇ ਕੀਤੇ ਸੀ, ਅੱਜ ਦਿੱਲੀ ਪਛੜ ਗਈ ਹੈ। ਸੜਕਾਂ ਦੀ ਹਾਲਤ ਮਾੜੀ ਹੈ। ਨਾਲੀਆਂ ਗੰਦੇ ਪਾਣੀ ਨਾਲ ਭਰੀਆਂ ਹੋਈਆਂ ਹਨ ਤੇ ਲੋਕ ਅਜੇ ਵੀ ਝੁੱਗੀਆਂ-ਝੌਂਪੜੀਆਂ ਵਿੱਚ ਰਹਿ ਰਹੇ ਹਨ। 'ਆਪ' ਨੇ ਵੱਡੇ-ਵੱਡੇ ਵਾਅਦੇ ਕੀਤੇ, ਪਰ ਉਨ੍ਹਾਂ ਨੂੰ ਪੂਰਾ ਨਹੀਂ ਕੀਤਾ, ਸਗੋਂ ਦਿੱਲੀ ਦੇ ਲੋਕਾਂ ਨਾਲ ਧੋਖਾ ਕੀਤਾ। ਧੀਮਾਨ ਨੇ ਕਿਹਾ ਕਿ ਇਸ ਵਾਰ ਦਿੱਲੀ ਦੇ ਲੋਕਾਂ ਨੇ ਭਾਜਪਾ ਨੂੰ ਸੱਤਾ ਸੌਂਪਣ ਦਾ ਮਨ ਬਣਾ ਲਿਆ ਹੈ। ਉਨ੍ਹਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਜੇਕਰ ਦਿੱਲੀ ਦਾ ਵਿਕਾਸ ਕਰਨਾ ਹੈ ਤਾਂ ਭਾਜਪਾ ਨੂੰ ਲਿਆਉਣਾ ਪਵੇਗਾ, ਕਿਉਂਕਿ ਜਿਥੇ ਮੋਦੀ ਹੈ, ਉਥੇ ਹੀ ਵਿਕਾਸ ਹੈ। ਇਸ ਲਈ ਇਸ ਵਾਰ ਦਿੱਲੀ ਵਾਲੇ ਭਾਜਪਾ ਨੂੰ ਬਹੁਮਤ ਨਾਲ ਜਿਤਾਉਣਗੇ ਅਤੇ ਦਿੱਲੀ ਵਿੱਚ ਭਾਜਪਾ ਦੀ ਸਰਕਾਰ ਬਣੇਗੀ।

## 'ਮਾਨਵ ਸੇਵਾ ਉੱਤਮ ਸੇਵਾ ਸੰਸਥਾ' ਨੇ ਸਟੇਸ਼ਨਰੀ ਤੇ ਟਾਟ ਵੰਡੇ ਗਏ



**ਨਾਭਾ (ਵਰਿੰਦਰ ਵਰਮਾ)**-ਮਾਨਵ ਸੇਵਾ ਉੱਤਮ ਸੇਵਾ ਸਟੇਟ ਐਵਾਰਡੀ ਸੰਸਥਾ ਵੱਲੋਂ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੁਲੱਦੀ ਗੇਟ ਵਿਖੇ ਲੋੜਵੰਦ ਬੱਚਿਆਂ ਨੂੰ ਸਟੇਸ਼ਨਰੀ ਦਾ ਸਮਾਨ ਵੰਡਿਆ ਗਿਆ ਤੇ ਠੰਡ ਨੂੰ ਦੇਖਦੇ ਹੋਏ ਬੱਚਿਆਂ ਨੂੰ ਬੈਠਣ ਲਈ ਟਾਟ ਦਿੱਤੇ ਗਏ। ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਨੇਕ ਕਾਰਜ ਲਈ ਯੋਗਦਾਨ ਪਾਉਣ ਵਾਲੇ ਸਾਰੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸੰਸਥਾ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ, ਜਿਵੇਂ ਕਿ ਬੱਚਿਆਂ ਨੂੰ ਸਟੇਸ਼ਨਰੀ, ਕੋਟੀਆਂ, ਬੂਟ ਤੇ ਜੁਰਾਬਾਂ ਦੀ ਵੰਡ, ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦੀ ਵੰਡ ਆਦਿ ਤੋਂ ਇਲਾਵਾ ਖ਼ੂਨਦਾਨ ਕੈਂਪ ਅਤੇ ਮੈਡੀਕਲ ਚੈੱਕਅਪ ਕੈਂਪ ਵੀ ਲਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਲੋਕ ਭਲਾਈ ਦੇ ਕਾਰਜ ਹਰੇਕ ਸੰਸਥਾਵਾਂ ਨੂੰ ਕਰਨੇ ਚਾਹੀਦੇ ਹਨ ਤਾਂ ਜੁ ਲੋੜਵੰਦਾਂ ਦੀ ਮਦਦ ਕੀਤੀ ਜਾ ਸਕੇ। ਇਸ ਮੌਕੇ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੇ ਡਾਇਰੈਕਟਰ ਮੰਜੂ ਸ਼ਰਮਾ ਤੇ ਪ੍ਰਿੰਸੀਪਲ ਅਸਵਨੀ ਮਦਾਨ ਨੇ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਦੇ ਮੈਂਬਰ ਵਿਕਾਸ ਮਿੱਤਲ, ਅੰਕੁਰ ਸਿੰਗਲਾ, ਸੁਨੀਲ ਗੁਪਤਾ, ਬਲਦੇਵ ਕੁਮਾਰ, ਦੀਪਕ ਕੁਮਾਰ, ਕਮਲ ਗੋਇਲ, ਆਦਿ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਸੰਸਥਾ ਦੇ ਸਮੂਹ ਮੈਂਬਰਾਂ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ। ਅਸੀਂ ਆਸ ਪ੍ਰਗਟ ਕਰਦੇ ਹਾਂ ਕਿ ਸੰਸਥਾ ਹਮੇਸ਼ਾ ਹੀ ਇਸ ਤਰ੍ਹਾਂ ਦੇ ਸਮਾਜ ਭਲਾਈ ਦੇ ਕਾਰਜ ਵਧ ਚੜ੍ਹ ਕੇ ਕਰਦੀ ਰਹੇਗੀ।

## ਸਟੀਫਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਅਸੈਂਬਲੀ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਟੀਫਨ ਇੰਟਰਨੈਸ਼ਨਲ ਸਕੂਲ ਦੇ ਨੌਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਆਪਣੀ ਪ੍ਰਤਿਭਾ ਤੇ ਰਚਨਾਤਮਕਤਾ ਦਾ ਪ੍ਰਦਰਸ਼ਨ ਕਰਦੇ ਹੋਏ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ। ਇਸ ਮੌਕੇ ਸਕੂਲ ਦੇ ਵਿਦਿਆਰਥੀ ਤੇ ਅਧਿਆਪਕ ਹਾਜ਼ਰ ਸਨ। ਅਸੈਂਬਲੀ ਦੀ ਸ਼ੁਰੂਆਤ ਵਿਦਿਆਰਥੀਆਂ ਦੇ ਵਿਚਾਰ-ਪ੍ਰੇਰਕ ਭਾਸ਼ਣ ਨਾਲ ਹੋਈ, ਜਿਸ ਤੋਂ ਬਾਅਦ ਗੀਤ, ਡਾਂਸ ਅਤੇ ਸਕਿੱਟ ਸਮੇਤ ਕਈ ਸੱਭਿਆਚਾਰਕ ਪੇਸ਼ਕਾਰੀਆਂ ਦੀ ਲੜੀ ਸ਼ੁਰੂ ਹੋਈ। ਵਿਦਿਆਰਥੀਆਂ ਨੇ ਟੀਮ ਵਰਕ ਤੇ ਲਗਨ ਦੀ ਮਹੱਤਤਾ ਨੂੰ ਦਰਸਾਉਂਦਾ ਨਾਟਕ ਵੀ ਪੇਸ਼ ਕੀਤਾ। "ਸਾਨੂੰ ਆਪਣੇ ਨੌਵੀਂ ਜਮਾਤ ਦੇ ਵਿਦਿਆਰਥੀਆਂ ਦ ਸ਼ਾਨਦਾਰ ਪ੍ਰਦਰਸ਼ਨ ਤੇ ਟੀਮ ਵਰਕ ਲਈ ਮਾਣ ਹੈ। ਵਿਸ਼ੇਸ਼ ਅਸੈਂਬਲੀ ਉਨ੍ਹਾਂ ਦੀ ਪ੍ਰਤਿਭਾ ਅਤੇ ਰਚਨਾਤਮਕਤਾ ਨੂੰ ਪ੍ਰਦਰਸ਼ਤ ਕਰਨ ਦਾ ਇੱਕ ਵਧੀਆ ਤਰੀਕਾ ਸੀ', ਸ੍ਰੀਮਤੀ ਮੋਨਿਕਾ ਸ਼ਰਮਾ ਪ੍ਰਿੰਸੀਪਲ ਨੇ ਕਿਹਾ। '9ਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਆਯੋਜਤ ਅਸੈਂਬਲੀ ਸਾਡੇ ਵਿਦਿਆਰਥੀਆਂ 'ਚ ਰਚਨਾਤਮਕਤਾ, ਆਤਮਵਿਸ਼ਵਾਸ ਤੇ ਟੀਮ ਵਰਕ ਨੂੰ ਵਧਾਉਣ ਲਈ ਸਕੂਲ ਦੀ ਵਚਨਬੱਧਤਾ ਦਾ ਪ੍ਰਮਾਣ ਸੀ। ਮੈਂ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਚੰਗੇ ਕੰਮ ਲਈ ਵਧਾਈ ਦਿੰਦਾ ਹਾਂ' ਸ੍ਰੀ ਦੀਪਕ ਗੁਪਤਾ ਚੇਅਰਮੈਨ ਨੇ ਕਿਹਾ।

## ਫਿਰੋਜ਼ਪੁਰ ਡਵੀਜ਼ਨ ਦੇ 19 ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਕੀਤਾ ਸਨਮਾਨਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਉੱਤਰ ਰੇਲਵੇ ਦੇ ਪ੍ਰਿੰਸੀਪਲ ਚੀਫ਼ ਕਮਰਸ਼ੀਅਲ ਮੈਨੇਜਰ, ਓਮ ਪ੍ਰਕਾਸ਼ ਨੇ ਦਿੱਲੀ ਹੈੱਡਕੁਆਰਟਰ ਤੇ ਉੱਤਰੀ ਰੇਲਵੇ ਦੇ ਪੰਜ ਡਵੀਜ਼ਨਾਂ (ਦਿੱਲੀ, ਲਖਨਊ, ਮੁਰਾਦਾਬਾਦ, ਅੰਬਾਲਾ ਤੇ ਫਿਰੋਜ਼ਪੁਰ) ਦੇ ਕੁੱਲ 226 ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਾਲ 2023-2024 ਦੌਰਾਨ ਉਨ੍ਹਾਂ ਦੇ ਸ਼ਾਨਦਾਰ ਕੰਮ ਲਈ 'ਸ਼ਾਨਦਾਰ ਸੇਵਾ ਪੁਰਸਕਾਰ' ਨਾਲ ਸਨਮਾਨਤ ਕੀਤਾ।ਫਿਰੋਜ਼ਪੁਰ ਡਵੀਜ਼ਨ ਦੇ 19 ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸ਼ਾਨਦਾਰ ਸੇਵਾਵਾਂ ਲਈ ਸਨਮਾਨਤ ਕੀਤਾ ਗਿਆ।ਪ੍ਰਿੰਸੀਪਲ ਚੀਫ਼ ਕਮਰਸ਼ੀਅਲ ਮੈਨੇਜਰ ਓਮ ਪ੍ਰਕਾਸ਼ ਨੇ ਸਨਮਾਨਤ ਰੇਲਵੇ ਕਰਮਚਾਰੀਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਇਨ੍ਹਾਂ ਰੇਲਵੇ ਕਰਮਚਾਰੀਆਂ ਨੇ ਆਪਣੀਆਂ ਡਿਊਟੀਆਂ ਜ਼ਿੰਮੇਵਾਰੀ ਨਾਲ ਨਿਭਾ ਕੇ ਆਪਣੀ ਸੇਵਾ ਨੂੰ ਸ਼ਾਨਦਾਰ ਤੇ ਬਿਹਤਰ ਬਣਾਇਆ ਹੈ।ਫਿਰੋਜ਼ਪੁਰ ਡਵੀਜ਼ਨ ਤੋਂ ਸਨਮਾਨਤ ਕੀਤੇ ਗਏ ਰੇਲਵੇ ਕਰਮਚਾਰੀਆਂ 'ਚ ਤਾਰਾਚੰਦ ਮੀਣਾ ਸਹਾਇਕ ਵਪਾਰਕ ਪ੍ਰਬੰਧਕ, ਅਭਿਨਵ ਚਿਰੰਜੀਵੀ ਗੁਪਤ ਸਹਾਇਕ, ਅਜੈਪਾਲ ਸਿੰਘ ਵਪਾਰਕ ਇੰਸਪੈਕਟਰ, ਰਾਮਰੂਪ ਮੀਣਾ ਟੀਟੀਆਈ, ਮਾਨਸੀ ਪੁਰੀ ਰਿਜ਼ਰਵੇਸ਼ਨ ਸੁਪਰਵਾਈਜ਼ਰ, ਧਰਮਿੰਦਰ ਕੁਮਾਰ ਸਿੰਘ ਰਿਜ਼ਰਵੇਸ਼ਨ ਸੁਪਰਵਾਈਜ਼ਰ, ਅਬਦੁਲ ਰਸ਼ੀਦ ਸੀਆਈਟੀ ਤੇ ਹੋਰ ਹਨ।ਫਿਰੋਜ਼ਪੁਰ ਦੇ ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਪਰਮਜੀਤ ਸਿੰਘ ਸੈਣੀ ਨੇ ਸਨਮਾਨਤ ਰੇਲਵੇ ਕਰਮਚਾਰੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ : ਡੀ.ਆਈ.ਜੀ



**ਦਿੜ੍ਹਬਾ (ਜਸਵੀਰ ਲਾਡੀ)**-ਪੰਜਾਬ ਪੁਲੀਸ ਦੇ ਇਮਾਨਦਾਰੀ ਅਧਿਕਾਰੀ ਮਨਦੀਪ ਸਿੰਘ ਸਿੱਧੂ ਡੀ.ਆਈ.ਜੀ ਰੇਂਜ ਪਟਿਆਲਾ ਭਾਈ ਮੁਗਲੂ ਸਿੰਘ ਗੁਰਦੁਆਰਾ ਸਾਹਿਬ ਗੰਢੂਆਂ ਵਿਖੇ ਨਤਮਸਤ ਹੋਏ।ਉਨ੍ਹਾਂ ਨਾਲ ਪ੍ਰਿਥਵੀ ਸਿੰਘ ਚਹਿਲ ਡੀ.ਐਸ.ਪੀ ਦਿੜ੍ਹਬਾ, ਸਹਾਇਤਾ ਸੰਸਥਾ ਇੰਡੀਆ ਦੇ ਜ਼ਿਲ੍ਹਾ ਕੁਆਰਡੀਨੇਟਰ ਰਣਜੀਤ ਸਿੰਘ ਸ਼ੀਤਲ ਪੱਤਰਕਾਰ ਪੰਜਾਬੀ ਟ੍ਰਿਬਿਊਨ, ਅਜੀਤ ਦੇ ਪੱਤਰਕਾਰ ਗੁਰਜੀਤ ਸਿੰਘ ਚਹਿਲ, ਗੁਰਮੀਤ ਸਿੰਘ ਐਸ.ਐਚ.ਓ ਥਾਣਾ ਛਾਜਲੀ, ਗੁਰਪਾਲ ਸਿੰਘ ਐਸਐਚਓ ਥਾਣਾ ਧਰਮਗੜ੍ਹ ਤੋਂ ਇਲਾਵਾ ਗੁਰਦੁਆਰਾ ਸਾਹਿਬ ਗੰਢੂਆਂ ਦੇ ਰਸੀਵਰ ਪਰਵਿੰਦਰ ਸਿੰਘ ਗੰਢੂਆਂ, ਹਰਵਿੰਦਰਵੀਰ ਸਿੰਘ ਫ਼ਤਿਹਗੜ੍ਹ ਆਦਿ ਪ੍ਰਮੁੱਖ ਵਿਅਕਤੀ ਹਾਜ਼ਰ ਸਨ।ਡੀਆਈ ਜੀ ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਉਸ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਹ ਦੂਜੀ ਵਾਰ ਪਿੰਡ ਗੰਢੂਆਂ ਦੇ ਇਸ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਨਤਮਸਤ ਹੋਏ ਹਨ, ਕਿਉਂਕਿ ਇਸ ਤੋਂ ਦੋ ਸਾਲ ਪਹਿਲਾਂ ਮੈਨੂੰ ਸਹਾਇਤਾ ਸੰਸਥਾ ਦੇ ਜ਼ਿਲ੍ਹਾ ਕੁਆਰਡੀਨੇਟਰ ਰਣਜੀਤ ਸਿੰਘ ਸ਼ੀਤਲ ਦੇ ਸੱਦੇ 'ਤੇ ਬਤੌਰ ਐਸ.ਐਸ.ਪੀ ਬੱਚਿਆਂ ਦੇ ਰੂਬਰੂ ਹੋਣ ਦਾ ਮੌਕਾ ਮਿਲਿਆ ਸੀ।ਮਨੁੱਖਤਾ ਦੀ ਸੇਵਾ ਦਾ ਕੰਮ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦਾ ਹੈ, ਜਿਸ ਕਰਕੇ ਸਹਾਇਤਾ ਸੰਸਥਾ ਵੱਲੋਂ ਲੋੜਵੰਦ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਚੁੱਕਣ ਤੋਂ ਇਲਾਵਾ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜ ਸਾਲਘਾਯੋਗ ਹਨ।ਇਸ ਮੌਕੇ ਰਣਜੀਤ ਸਿੰਘ ਸ਼ੀਤਲ ਨੇ ਸੰਬੋਧਨ ਵਿੱਚ ਪੁਲਸ ਵਿਭਾਗ ਵਿੱਚ ਡੀ.ਆਈ.ਜੀ ਸਿੱਧੂ ਵੱਲੋਂ ਇਮਾਨਦਾਰੀ ਨਾਲ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ੍ਰੀ ਸਿੱਧੂ ਵੱਲੋਂ ਪੁਲਸ ਵਿਭਾਗ ਤੇ ਸਮਾਜ ਸੇਵੀ ਕੰਮਾਂ ਵਿੱਚ ਕੀਤੇ ਜਾ ਰਹੇ ਕਾਰਜਾਂ ਕਾਰਨ ਸ਼੍ਰੀ ਸਿੱਧੂ ਲੋਕਾਂ ਲਈ ਪ੍ਰੇਰਨਾ ਸਰੋਤ ਹਨ।ਸੀਨੀਅਰ ਪੱਤਰਕਾਰ ਗੁਰਜੀਤ ਸਿੰਘ ਚਹਿਲ ਨੇ ਮੰਚ ਦਾ ਸੰਚਾਲਨ ਕਰਦਿਆਂ ਕਿਹਾ ਕਿ ਅਸੀਂ ਸ੍ਰੀ ਸਿੱਧੂ ਦਾ ਬਹੁਤ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਸਾਡੇ ਨਿੱਕੇ ਜਿਹੇ ਸੱਦੇ 'ਤੇ ਦੁਬਾਰਾ ਸਿਰਕਤ ਕੀਤੀ ਹੈ।

## ਵਿਧਾਇਕ ਦੇਵ ਮਾਨ ਨੇ ਐੱਸ ਐੱਸ ਪੀ ਨਾਲ ਕੀਤੀ ਮੁਲਾਕਾਤ



**ਨਾਭਾ (ਵਰਿੰਦਰ ਵਰਮਾ)**-ਹਲਕਾ ਨਾਭਾ ਵਿੱਚ ਲਗਾਤਾਰ ਹੋ ਰਹੀਆਂ ਚੋਰੀਆਂ ਤੇ ਨਸ਼ਿਆਂ ਦੇ ਮਾਮਲੇ ਨੂੰ ਲੈ ਕੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਐੱਸ ਐੱਸ ਪੀ ਪਟਿਆਲਾ ਨਾਨਕ ਸਿੰਘ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਕਈ ਮੁੱਦਿਆਂ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਵਿਧਾਇਕ ਦੇਵ ਮਾਨ ਵੱਲੋਂ ਐੱਸ ਐੱਸ ਪੀ ਪਟਿਆਲਾ ਨੂੰ ਸ਼ਹਿਰ ਤੇ ਪਿੰਡਾਂ ਵਿੱਚ ਹੋ ਰਹੀਆਂ ਚੋਰੀ ਦੀਆਂ ਘਟਨਾਵਾਂ ਤੇ ਨਸ਼ਿਆਂ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ ਗਈ। ਇਸ ਦੇ ਨਾਲ ਹੀ ਹਲਕਾ ਨਾਭਾ ਦੇ ਤਿੰਨ ਥਾਣਿਆਂ ਤੇ ਪੁਲਸ ਚੌਕੀਆਂ ਵਿੱਚ ਪੁਲਸ ਦੀ ਵੱਡੀ ਘਾਟ ਬਾਰੇ ਵੀ ਗੱਲਬਾਤ ਕੀਤੀ ਗਈ, ਜਿਸ ਨੂੰ ਐੱਸ ਐੱਸ ਪੀ ਪਟਿਆਲਾ ਵੱਲੋਂ ਜਲਦ ਪੂਰਾ ਕਰਨ ਦਾ ਵਾਅਦਾ ਕੀਤਾ ਗਿਆ। ਵਿਧਾਇਕ ਦੇਵ ਮਾਨ ਨੇ ਦੱਸਿਆ ਕਿ ਹਲਕਾ ਨਾਭਾ ਵਿੱਚ ਪੁਲਸ ਪ੍ਰਸ਼ਾਸਨ ਦੀਆਂ ਸਮੱਸਿਆਵਾਂ ਦੇ ਹੱਲ ਲਈ ਜਲਦ ਹੀ ਹਲਕਾ ਨਾਭਾ ਵਿੱਚ ਮੀਟਿੰਗ ਕੀਤੀ ਜਾਵੇਗੀ, ਜਿਸ ਵਿੱਚ ਡੀ ਆਈ ਜੀ ਪਟਿਆਲਾ, ਐੱਸ ਐੱਸ ਪੀ ਪਟਿਆਲਾ, ਡੀ ਐੱਸ ਪੀ ਨਾਭਾ ਸ਼ਾਮਲ ਹੋ ਕੇ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨਗੇ। ਉਨ੍ਹਾ ਹਲਕਾ ਵਾਸੀਆਂ ਤੋਂ ਸਹਿਯੋਗ ਦੀ ਅਪੀਲ ਕੀਤੀ ਤੇ ਪੁਲਸ ਪ੍ਰਸ਼ਾਸਨ ਦਾ ਸਾਥ ਦੇ ਨੂੰ ਆਖਿਆ।

## ਭਾਨ ਸਿੰਘ ਜੱਸੀ ਵੱਲੋਂ ਸਨਮਾਨ 'ਚ ਮਿਲੀ ਰਾਸ਼ੀ ਲੋੜਵੰਦਾਂ 'ਤੇ ਹੀ ਖਰਚਣ ਦਾ ਫੈਸਲਾ ਸ਼ਲਾਘਾਯੋਗ : ਆਗੂ

**ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ)**
ਮੀਰੀ-ਪੀਰੀ ਸਪੋਰਟਸ ਐਂਡ ਵੈਲਫੇਅਰ ਕਲੱਬ ਪਿੰਡ ਜੱਖਲਾਂ ਵੱਲੋਂ ਮੇਜਰ ਲੀਗ ਕਬੱਡੀ ਖੇਡ ਮੇਲੇ ਵਿੱਚ ਕਲੱਬ ਦੇ ਚੇਅਰਮੈਨ ਹਰਦੀਪ ਸਿੰਘ ਬਬਲੂ ਜੱਖਲਾਂ ਯੂ.ਐਸ.ਏ, ਪ੍ਰਧਾਨ ਗੁਰਸੇਵ ਸਿੰਘ ਸੇਬੀ ਕਾਂਝਲਾ ਤੇ ਕਲੱਬ ਦੇ ਸਮੂਹ ਆਗੂਆਂ ਦੀ ਅਗਵਾਈ ਵਿੱਚ ਸਮਾਜ ਸੇਵੀ ਭਾਨ ਸਿੰਘ ਜੱਸੀ ਨੂੰ 3 ਲੱਖ ਰੁਪਏ ਦੀ ਨਕਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ ਸੀ।ਇਸ ਐਵਾਰਡ 'ਤੇ ਖੁਸ਼ੀ ਪ੍ਰਗਟ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਆਗੂ ਭੋਲਾ ਸਿੰਘ ਕਲਾਲ ਮਾਜਰਾ, ਪ੍ਰਕਾਸ਼ ਸਿੰਘ ਸੱਦੋਵਾਲ, ਮਨਰੇਗਾ ਮਜ਼ਦੂਰ ਯੂਨੀਅਨ ਦੇ ਖੁਸ਼ੀਆ ਸਿੰਘ ਨੇ ਸਮਾਜ ਸੇਵਾ ਦੇ ਖੇਤਰ ਵਿੱਚ ਲੰਮੇ ਸਮੇਂ ਤੋਂ ਨਿਭਾਈਆਂ ਜਾ ਅਣਥੱਕ ਸੇਵਾਵਾਂ ਬਦਲੇ ਭਾਨ ਸਿੰਘ ਜੱਸੀ ਨੂੰ 3 ਲੱਖ ਰੁਪਏ ਦੀ ਰਾਸ਼ੀ ਨਾਲ ਸਨਮਾਨ ਕਰਨ 'ਤੇ ਕਲੱਬ ਦੇ ਸਮੂਹ ਆਗੂਆਂ ਦਾ ਧੰਨਵਾਦ ਕਰਦਿਆ ਦੱਸਿਆ ਕਿ ਵੱਡੀ ਗਿਣਤੀ ਵਿੱਚ ਕਬੱਡੀ ਖਿਡਾਰੀਆਂ, ਦਰਸ਼ਕਾਂ ਦੀ ਹਾਜ਼ਰੀ 'ਚ ਭਾਨ ਸਿੰਘ ਜੱਸੀ ਨੇ ਸਨਮਾਨ ਦੀ ਸਾਰੀ ਰਾਸ਼ੀ ਪ੍ਰਬੰਧਕਾਂ ਨੂੰ ਮੁੜ ਵਾਪਸ ਸੌਂਪਦਿਆਂ ਝੁੱਗੀਆਂ, ਝੌਂਪੜੀਆਂ ਵਿੱਚ ਰਹਿਣ ਵਾਲੇ ਗਰੀਬ ਬੱਚਿਆਂ ਦੀ ਪੜ੍ਹਾਈ ਅਤੇ ਜ਼ਿੰਦਗੀ ਦੇ ਸੰਕਟ ਵਿੱਚ ਘਿਰੇ ਲੋੜਵੰਦ ਲੋਕਾਂ ਦੀ ਖੁਦ ਆਪਣੇ ਹੱਥੀ ਮਦਦ ਕਰਨ ਦੀ ਅਪੀਲ ਕੀਤੀ।ਮਜ਼ਦੂਰ ਆਗੂਆਂ ਨੇ ਸਮਾਜ ਸੇਵੀ ਭਾਨ ਸਿੰਘ ਜੱਸੀ ਵੱਲੋਂ ਸਨਮਾਨ ਦੀ ਰਾਸ਼ੀ ਸਰਬੱਤ ਦੇ ਭਲੇ ਦੇ ਸੰਕਲਪ ਦੀ ਰੌਸ਼ਨੀ ਵਿੱਚ ਗ਼ਰੀਬਾਂ ਲੋੜਵੰਦਾਂ ਨੂੰ ਸਮਰਪਤ ਕੀਤੇ ਜਾਣ ਦੇ ਫ਼ੈਸਲੇ ਦੀ ਭਰਪੂਰ ਸ਼ਲਾਘਾ ਕੀਤੀ ਹੈ।

# ਚਾਈਨਾ ਡੋਰ ਦੀ ਲਪੇਟ 'ਚ ਆ ਕੇ ਨੌਜਵਾਨ ਜ਼ਖਮੀ



ਚਾਈਨਾ ਡੋਰ ਦੀ ਲਪੇਟ ਵਿੱਚ ਆਏ ਵਿਅਕਤੀ ਦਾ ਹਾਲ ਜਾਣਦੇ ਹੋਏ ਐੱਸ ਡੀ ਐੱਮ ਅਸ਼ੋਕ ਕੁਮਾਰ ਤੇ ਸਿਟੀ ਪੁਲਸ ਚੌਕੀ ਇੰਚਾਰਜ ਹਰਦੀਪ ਸਿੰਘ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਸ਼ਹਿਰ ਦੇ ਜਾਖਲ ਰੋਡ 'ਤੇ ਵੀਰਵਾਰ ਦੁਪਹਿਰ ਸਮੇਂ ਇੱਕ ਮੋਟਰਸਾਈਕਲ ਸਵਾਰ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਜ਼ਖਮੀ ਹੋ ਗਿਆ।ਜ਼ਖਮੀ ਨੌਜਵਾਨ ਨੂੰ ਤੁਰੰਤ ਰਾਹਗੀਰਾਂ ਵੱਲੋਂ ਹਸਪਤਾਲ ਪਹੁੰਚਾਇਆ ਗਿਆ।ਘਟਨਾ ਦਾ ਪਤਾ ਲੱਗਦਿਆਂ ਹੀ ਐੱਸ ਡੀ ਐੱਮ ਪਾਤੜਾਂ ਅਸ਼ੋਕ ਕੁਮਾਰ ਤੇ ਸਿਟੀ ਪੁਲਸ ਚੌਕੀ ਦੇ ਇੰਚਾਰਜ ਹਰਦੀਪ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਨੌਜਵਾਨ ਦਾ ਹਾਲ ਜਾਣਿਆ। ਜਾਣਕਾਰੀ ਅਨੁਸਾਰ ਜਾਖਲ ਰੋਡ 'ਤੇ ਸਥਿਤ ਕ੍ਰਿਸ਼ਨਾ ਬਸਤੀ ਵਾਸੀ 22 ਸਾਲਾ ਨੌਜਵਾਨ ਅੰਕਿਤ ਮਿੱਤਲ ਪੁੱਤਰ ਨਰੇਸ਼ ਕੁਮਾਰ, ਜੋ ਨਜ਼ਦੀਕੀ ਪਿੰਡ ਹਾਮਝੇੜੀ ਵਿਖੇ ਪਲਾਈਵੁੱਡ ਦੀ ਫੈਕਟਰੀ ਵਿੱਚ ਕੰਮ ਕਰਦਾ ਸੀ, ਦੁਪਹਿਰ ਸਮੇਂ ਘਰੋਂ ਖਾਣਾ ਖਾ ਕੇ ਜਦੋਂ ਵਾਪਸ ਫੈਕਟਰੀ ਜਾ ਰਿਹਾ ਸੀ ਤਾਂ ਅਚਾਨਕ ਚਾਈਨਾ ਡੋਰ ਨੇ ਉਸ ਨੂੰ ਲਪੇਟ ਵਿੱਚ ਲੈ ਲਿਆ, ਜਿਸ ਕਰਕੇ ਉਸ ਦੇ ਗਲੇ ਉੱਤੇ ਡੂੰਘਾ ਜ਼ਖਮ ਪੈ ਗਿਆ।ਇਸ ਦੌਰਾਨ ਰਾਹਗੀਰਾਂ ਵੱਲੋਂ ਜ਼ਖਮੀ ਹੋਏ ਨੌਜਵਾਨ ਦੇ ਗਲ ਉੱਤੇ ਪਰਨਾ ਬੰਨ੍ਹ ਕੇ ਉਸ ਨੂੰ ਮੋਟਰਸਾਈਕਲ ਉੱਪਰ ਹੀ ਤੁਰੰਤ ਹਸਪਤਾਲ ਪਹੁੰਚਾਇਆ ਗਿਆ।ਇਸ ਦੌਰਾਨ ਇਲਾਜ ਕਰ ਰਹੇ ਡਾਕਟਰ ਕਰਨ ਭਟਨਾਗਰ ਨੇ ਦੱਸਿਆ ਕਿ ਉਕਤ ਨੌਜਵਾਨ ਦੀ ਹਾਲਤ ਖਤਰੇ ਤੋਂ ਬਾਹਰ ਹੈ ਤੇ ਉਸ ਨੂੰ ਟਾਂਕੇ ਲਗਾ ਕੇ ਘਰ ਭੇਜ ਦਿੱਤਾ ਜਾਵੇਗਾ।ਮੌਕੇ ਉੱਤੇ ਪਹੁੰਚੇ ਐੱਸ ਡੀ ਐੱਮ ਅਸ਼ੋਕ ਕੁਮਾਰ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੁਝ ਪੈਸਿਆਂ ਦੇ ਲਾਲਚ ਵਿੱਚ ਰਾਹਗੀਰਾਂ ਨੂੰ ਮੌਤ ਵੰਡਣ ਵਾਲੇ ਨੂੰ ਚਾਈਨਾ ਡੋਰ ਵੇਚਣ ਤੋਂ ਗੁਰੇਜ ਕਰਨਾ ਚਾਹੀਦਾ ਹੈ।ਉਨ੍ਹਾਂ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੋਈ ਵੀ ਆਪਣੇ ਬੱਚਿਆਂ ਨੂੰ ਪਤੰਗ ਉਡਾਉਣ ਲਈ ਚਾਈਨਾ ਡੋਰ ਨਾ ਲੈ ਕੇ ਦੇਵੇ।ਇਸ ਦੌਰਾਨ ਸਿਟੀ ਪੁਲਸ ਚੌਕੀ ਦੇ ਇੰਚਾਰਜ ਹਰਦੀਪ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਉੱਤੇ ਪੁਲਸ ਵੱਲੋਂ ਚਾਈਨਾ ਡੋਰ ਵੇਚਣ ਵਾਲਿਆਂ 'ਤੇ ਸਖਤੀ ਨਾਲ ਨਜ਼ਰ ਰੱਖੀ ਜਾ ਰਹੀ ਹੈ।ਉਨ੍ਹਾ ਕਿਹਾ ਕਿ ਅਗਰ ਕੋਈ ਵੀ ਵਿਅਕਤੀ ਚਾਈਨਾ ਡੋਰ ਵੇਚਦਾ ਜਾਂ ਖਰੀਦਦਾ ਫੜਿਆ ਗਿਆ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

# ਕੇਂਦਰ ਵੱਲੋਂ ਲਾਗੂ ਯੂਨੀਫਾਈਡ ਪੈਨਸ਼ਨ ਸਕੀਮ ਮੁਲਾਜ਼ਮਾਂ ਨਾਲ ਵੱਡਾ ਧੋਖਾ : ਡੀ ਟੀ ਐੱਫ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਆਦਰਸ਼ ਪ੍ਰਾਇਮਰੀ ਸਕੂਲ ਬਠਿੰਡਾ, ਸਰਕਾਰੀ ਹਾਈ ਸਕੂਲ ਗੁਰੂ ਨਾਨਕਪੁਰਾ, ਮਹਿਮਾ ਸਰਜਾ, ਜੰਡਾਵਾਲਾ, ਜੇਠੂ ਕੇ, ਖੋਖਰ, ਮੌੜ ਚੜ੍ਹਤ ਸਿੰਘ, ਘੇਮੂਆਣ, ਕੋਟਲੀ ਖੁਰਦ, ਬਾਠ, ਬੀੜ ਬਹਿਣ, ਖੋਖਰ, ਬਦੀਆਲਾ, ਦਿਆਲਪੁਰ ਮਿਰਜਾ ਤੇ ਲਹਿਰਾ ਮੁਹੱਬਤ ਆਦਿ ਦੇ ਸਕੂਲਾਂ ਵਿੱਚ ਕੇਂਦਰ ਸਰਕਾਰ ਵਲੋਂ ਜਾਰੀ ਏਕਾਕਿਰਤ ਪੈਨਸ਼ਨ ਯੋਜਨਾ (ਯੂ ਪੀ ਐਸ) ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ। ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਡੀ ਟੀ ਐਫ਼ ਦੇ ਜਿਲ੍ਹਾ ਬਠਿੰਡਾ ਦੇ ਪ੍ਰਧਾਨ ਰੇਸ਼ਮ ਸਿੰਘ, ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ, ਪ੍ਰੈਸ ਸਕੱਤਰ ਗੁਰਪ੍ਰੀਤ ਸਿੰਘ ਨੇ ਕਿਹਾ ਨੇ ਕਿਹਾ ਕਿ ਯੂਨੀਫਾਈਡ ਪੈਨਸਨ ਸਕੀਮ ਮੁਲਾਜਮਾ ਨਾਲ ਇੱਕ ਹੋਰ ਧੋਖਾ ਹੈ। ਅਧਿਆਪਕ ਆਗੂਆਂ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਬੀਤੇ ਦਿਨੀ ਕੇਂਦਰ ਸਰਕਾਰ ਨੇ ਜਿਹੜੀ ਯੂਨੀਫਾਈਡ ਪੈਨਸ਼ਨ ਸਕੀਮ ਜਾਰੀ ਕੀਤੀ ਗਈ ਹੈ, ਇਹ ਸਕੀਮ ਮੁਲਾਜ਼ਮਾਂ ਲਈ ਬਹੁਤ ਘਾਤਕ ਹੈ, ਕਿਉਂ ਜੋ ਇਸ ਸਕੀਮ ਅਨੁਸਾਰ ਸਰਕਾਰ ਮੁਲਾਜ਼ਮਾਂ ਦਾ ਪੈਸਾ ਹੜੱਪ ਕੇ ਮੁਲਾਜ਼ਮਾਂ ਨੂੰ ਥੋੜ੍ਹੀ ਜਹੀ ਪੈਨਸ਼ਨ ਦੇ ਦੇ ਕੇ ਬੁਢਾਪਾ ਰੋਲਣਾ ਚਾਹੁੰਦੀ ਹੈ। ਇਸ ਤੋਂ ਵੀ ਅੱਗੇ ਉਹ ਆਪਣੇ ਪੂੰਜੀਪਤੀ ਮਿੱਤਰਾਂ ਨੂੰ ਮੁਲਾਜ਼ਮਾਂ ਦੀ ਕਮਾਈ ਦਾ ਪੈਸਾ ਲੁਟਾਉਣਾ ਚਾਹੁੰਦੀ ਹੈ। ਡੀ ਟੀ ਐਫ਼ ਬਠਿੰਡਾ ਦੇ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਮਾਈਸਰਖਾਨਾ, ਰਾਮਪੁਰਾ ਦੇ ਵਿਕਾਸ ਗਰਗ, ਤਲਵੰਡੀ ਦੇ ਭੋਲਾ ਰਾਮ, ਗੋਨਿਆਣਾ ਦੇ ਕੁਲਵਿੰਦਰ ਸਿੰਘ, ਭਗਤੇ ਦੇ ਰਾਜਵਿੰਦਰ ਸਿੰਘ, ਮੌੜ ਦੇ ਬਲਕਰਨ ਸਿੰਘ, ਸੰਗਤ ਦੇ ਅਸ਼ਵਨੀ ਕੁਮਾਰ ਨੇ ਕਿਹਾ ਕਿ ਇਹ ਸਕੀਮ ਮੁਲਾਜ਼ਮ ਨੂੰ ਰਿਟਾਇਰਮੈਂਟ ਤੋਂ ਬਾਅਦ ਖਾਲੀ ਹੱਥ ਘਰ ਤੋਰਨ ਦੀ ਸਕੀਮ ਹੈ। ਇਸ ਸਕੀਮ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਥੇਬੰਦੀ ਦੇ ਵਿੱਤ ਸਕੱਤਰ ਤੇ ਜ਼ਿਲ੍ਹਾ ਕਮੇਟੀ ਮੈਂਬਰ ਅਨਿਲ ਭੱਟ, ਬਲਜਿੰਦਰ ਕੌਰ, ਰਣਦੀਪ ਕੌਰ ਖਾਲਸਾ ਨੇ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਦੀ ਪੈਨਸ਼ਨ ਸਕੀਮ ਨੂੰ ਰੱਦ ਕਰਕੇ ਆਪਣੇ ਅਧੂਰੇ ਨੋਟੀਫਿਕੇਸ਼ਨ ਨੂੰ ਪੂਰਾ ਕਰਕੇ 1972 ਦੇ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਬਹਾਲ ਕਰੇ।

## ਕਿਸਾਨਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀ ਕਰਾਂਗੇ : ਮਨਜੀਤ ਸਿੰਘ ਧਨੇਰ



**ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ)**-ਇਲਾਕਾ ਜਗਰਾਉਂ ਦੇ ਪਿੰਡਾਂ ਵਿੱਚ ਲੱਗ ਰਹੀਆਂ ਬਾਇਓ ਗੈਸ ਫੈਕਟਰੀਆਂ ਦੇ ਵਿਰੋਧ ਵਿੱਚ ਸ਼ੰਘਰਸ਼ ਨੂੰ ਦਬਾਉਣ ਲਈ ਪੰਜਾਬ ਪੁਲਿਸ ਵੱਲੋਂ ਸਰਕਾਰ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਹਰ ਹਰਬਾ ਵਰਤਿਆ ਜਾ ਰਿਹਾ ਹੈ।ਭਾਕਿਯੂ ਡਕੌਂਦਾ ਦੇ ਸੂਬਾਈ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਜਥੇਬੰਦੀਆਂ ਵੱਲੋਂ ਪ੍ਰਦੂਸ਼ਣ ਫੈਲਾਉਣ ਵਾਲੀਆਂ ਫੈਕਟਰੀਆਂ ਵਿਰੁੱਧ ਸੰਘਰਸ਼ ਲੜਿਆ ਜਾ ਰਿਹਾ ਹੈ, ਪਰ ਸੂਬਾ ਸਰਕਾਰ ਪ੍ਰਦੂਸ਼ਣ ਫੈਲਾਉਣ ਵਾਲੇ ਫੈਕਟਰੀ ਮਾਲਕਾਂ ਵਿਰੁੱਧ ਕਾਰਵਾਈ ਕਰਨ ਦੀ ਥਾਂ ਸੰਘਰਸ਼ ਲੜ ਰਹੇ ਲੋਕਾਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਉਣਾ ਚਾਹੁੰਦੀ ਹੈ।ਸੀ ਐਨ ਜੀ ਫੈਕਟਰੀ ਅੱਗੇ ਸ਼ਾਂਤਮਈ ਸੰਘਰਸ਼ ਕਰ ਰਹੇ ਲੋਕਾਂ ਉਪਰ ਕੀਤੀ ਕਾਰਵਾਈ ਬਹੁਤ ਨਿੰਦਣਯੋਗ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਰੋਕਣ ਲਈ ਵੱਖ-ਵੱਖ ਥਾਵਾਂ 'ਤੇ ਕੀਤੀ ਨਾਕਾਬੰਦੀ ਦੌਰਾਨ ਕਿਸਾਨਾਂ ਨੂੰ ਤੰਗ ਪ੍ਰੇਸ਼ਾਨ ਕੀਤੇ ਜਾਣ ਨੂੰ ਭਾਕਿਯੂ ਡਕੌਂਦਾ ਕਿਸੇ ਹਾਲਤ ਵਿੱਚ ਬਰਦਾਸ਼ਤ ਨਹੀਂ ਕਰੇਗੀ।ਉਨ੍ਹਾਂ ਸਮੂਹ ਕਿਸਾਨਾਂ ਨੂੰ ਸੂਬਾ ਸਰਕਾਰ ਦੀ ਧੱਕੇਸ਼ਾਹੀ ਖਿਲਾਫ਼ ਲਾਮਬੰਦੀ ਨੂੰ ਮਜ਼ਬੂਤ ਬਣਾ ਕੇ ਸ਼ੰਘਰਸ਼ਾਂ ਵਿੱਚ ਕੁੱਦਣ ਦੀ ਅਪੀਲ ਕੀਤੀ।

## ਲਾਰੈਂਸ ਕਾਨਵੈਂਟ ਸਕੂਲ 'ਚ ਸਬਜ਼ੀਆਂ ਤੇ ਪੌਸ਼ਟਿਕ ਤੱਤਾਂ ਬਾਰੇ ਦਿੱਤੀ ਜਾਣਕਾਰੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ ਬੱਚਿਆਂ ਨੂੰ ਸਬਜ਼ੀਆਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਕਿ ਸਬਜ਼ੀਆਂ ਪ੍ਰੋਟੀਨ, ਵਿਟਾਮਿਨ ਦਾ ਭਰਪੂਰ ਖਜ਼ਾਨਾ ਹੁੰਦੀਆਂ ਹਨ, ਜੋ ਸਾਡੇ ਸਰੀਰ ਨੂੰ ਸਿਹਤਮੰਦ ਰੱਖਣ ਲਈ ਸਹਾਇਕ ਹੁੰਦੀਆਂ ਹਨ।ਇਸ ਲਈ ਸਾਨੂੰ ਤਾਜ਼ਾ ਸਬਜ਼ੀਆਂ ਨੂੰ ਆਪਣੇ ਭੋਜਨ 'ਚ ਸ਼ਾਮਲ ਕਰਨਾ ਚਾਹੀਦਾ ਹੈ।ਚੇਅਰਮੈਨ ਤਰਸੇਮ ਗਰਗ, ਪ੍ਰਿੰਸੀਪਲ ਜੀਨਮ ਮਨੋਜ ਕੁਮਾਰ ਤੇ ਅਧਿਆਪਕਾਂ ਵੱਲੋਂ ਬੱਚਿਆਂ ਦੀ ਸਰਗਰਮੀ ਕਰਵਾਈ ਗਈ, ਜਿਸ ਵਿੱਚ ਬੱਚਿਆਂ ਨੂੰ ਸਬਜ਼ੀਆਂ ਦੇ ਰੰਗ, ਨਾਮ ਤੇ ਪੌਸ਼ਟਿਕ ਤੱਤਾਂ ਬਾਰੇ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਸਬਜ਼ੀਆਂ ਵਿੱਚ ਅਨੇਕ ਤਰ੍ਹਾਂ ਦੇ ਤੱਤ ਸ਼ਾਮਲ ਹੁੰਦੇ ਹਨ, ਜੋ ਸਾਡੇ ਮਾਨਸਿਕ, ਬੌਧਿਕ ਤੇ ਸਰੀਰਕ ਵਿਕਾਸ ਵਿੱਚ ਵਾਧਾ ਕਰਦੇ ਹਨ ਤੇ ਸਾਨੂੰ ਬਿਮਾਰੀਆਂ ਨਾਲ ਲੜਨ ਵਿੱਚ ਸਹਾਇਤਾ ਕਰਦੇ ਹਨ।ਅਧਿਆਪਕਾਂ ਨੇ ਬੱਚਿਆਂ ਨੂੰ ਵੱਖ-ਵੱਖ ਮੌਸਮੀ ਸਬਜ਼ੀਆਂ ਬਾਰੇ ਵੀ ਦੱਸਿਆ।ਉਨ੍ਹਾਂ ਨੇ ਪੇਪਰ ਦੀ ਸਹਾਇਤਾ ਤੇ ਸਬਜ਼ੀਆਂ ਰਾਹੀਂ ਬੱਚਿਆਂ ਨੂੰ ਸਬਜ਼ੀਆਂ 'ਚ ਮੌਜੂਦ ਪ੍ਰੋਟੀਨ, ਵਿਟਾਮਿਨ, ਕਾਰਬੋਹਾਈਡੇਟਸ ਬਾਰੇ ਜਾਣਕਾਰੀ ਦਿੱਤੀ।ਅਧਿਆਪਕਾਂ ਨੇ ਕਿਹਾ ਕਿ ਬੱਚਿਆਂ ਦਾ ਰੁਝਾਨ ਫਾਸਟ ਫੂਡ ਵੱਲ ਜ਼ਿਆਦਾ ਹੋ ਰਿਹਾ, ਜਿਸ ਨਾਲ ਮੋਟਾਪਾ, ਬਿਮਾਰੀਆਂ ਆਦਿ ਤੇਜ਼ ਨਾਲ ਵੱਧ ਰਹੀਆਂ ਹਨ।ਇਸ ਲਈ ਸਾਨੂੰ ਫਾਸਟ ਫੂਡ ਤੋਂ ਪਰਹੇਜ ਕਰਕੇ ਤਾਜ਼ੀਆਂ ਸਬਜ਼ੀਆਂ ਤੇ ਫਲਾਂ ਨੂੰ ਪਹਿਲ ਦੇਣੀ ਚਾਹੀਦੀ ਹੈ, ਜਿਸ ਨਾਲ ਅਸੀਂ ਆਪਣਾ ਸਵਾਰਥ ਤੇ ਖ਼ੁਸ਼ੀ ਜੀਵਨ ਬਤੀਤ ਕਰ ਸਕਦੇ ਹਾਂ।

## ਲਾਲਾ ਕਸਤੂਰੀ ਲਾਲ ਵਿੱਦਿਆ ਮੰਦਰ 'ਚ ਸਰਸਵਤੀ ਪੂਜਨ ਸਮਾਗਮ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਬਸੰਤ ਪੰਚਮੀ ਦੇ ਸ਼ੁਭ ਮੌਕੇ 'ਤੇ ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਵਿਖੇ ਨਵੇਂ ਦਾਖਲ ਹੋਏ ਪ੍ਰੀ-ਪ੍ਰਾਇਮਰੀ ਬੱਚਿਆਂ ਲਈ ਵਿਦਿਆਰੰਭਾ ਸੰਸਕਾਰ ਤੇ ਸਰਸਵਤੀ ਪੂਜਨ ਪ੍ਰੋਗਰਾਮ ਬਹੁਤ ਧੂਮਧਾਮ ਨਾਲ ਆਯੋਜਿਤ ਕੀਤਾ ਗਿਆ, ਜਿਸ ਵਿੱਚ ਇੱਕ ਹਵਨ ਵੀ ਕੀਤਾ ਗਿਆ।ਇਸ ਸ਼ੁਭ ਮੌਕੇ 'ਤੇ ਸਕੂਲ ਦੀ ਪ੍ਰਬੰਧਕ ਕਮੇਟੀ ਮੈਂਬਰ ਗੁਰਪ੍ਰੀਤ ਗੋਰਾ ਤੇ ਉਨ੍ਹਾਂ ਦੀ ਪਤਨੀ ਤੋਂ ਇਲਾਵਾ ਐਡਵੋਕੇਟ ਹਰੀਸ਼ ਕੁਮਾਰ ਗੋਇਲ ਤੇ ਪ੍ਰੀ-ਪ੍ਰਾਇਮਰੀ ਕਲਾਸਾਂ ਦੇ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੇ ਮਿਲ ਕੇ ਦੇਵੀ ਸਰਸਵਤੀ ਦੀ ਪੂਜਾ ਕੀਤੀ। ਪ੍ਰੋਗਰਾਮ ਵਿੱਚ ਬੱਚਿਆਂ ਨੇ ਸਰਸਵਤੀ ਵੰਦਨਾ ਕੀਤੀ ਤੇ ਵਿਦਿਆਰੰਭ ਸੰਸਕਾਰ ਦੀ ਵਿਧੀ ਦੀ ਪਾਲਣਾ ਕਰਦੇ ਹੋਏ ਆਪਣੇ ਅਧਿਆਪਕਾਂ ਤੇ ਮਾਪਿਆਂ ਤੋਂ ਅਸ਼ੀਰਵਾਦ ਲਿਆ ਤੇ ਮਾਪਿਆਂ ਨੇ ਬੱਚਿਆਂ ਦੇ ਹੱਥ ਫੜ ਕੇ ਇੱਕ ਪੱਟੀ 'ਤੇ ਪੰਚਾਕਸ਼ਰੀ ਗਾਇਤਰੀ ਮੰਤਰ ਲਿਖਿਆ।ਵਿਦਿਆਰੰਭ ਸੰਸਕਾਰ ਦੀ ਮਹੱਤਤਾ ਬਾਰੇ ਦੱਸਦੇ ਹੋਏ ਪ੍ਰਿੰਸੀਪਲ ਰਪਿੰਦਰ ਪਟਿਆਲ ਨੇ ਕਿਹਾ ਕਿ ਸਿੱਖਿਆ ਸ਼ੁਰੂ ਕਰਦੇ ਸਮੇਂ ਇਹ ਅੱਖਰ ਪਹਿਲਾਂ ਲਿਖਵਾਏ ਜਾਂਦੇ ਹਨ ਤਾਂ ਜੁ ਬੱਚਾ ਆਪਣੇ ਮਨ ਵਿੱਚ ਪ੍ਰਮਾਤਮਾ ਨੂੰ ਪਰਮ ਸਥਾਨ ਦੇ ਸਕੇ।ਵਿਸ਼ਵਾਸੀ ਬਣੋ, ਪਰਮਾਤਮਾ ਤੋਂ ਡਰੋ, ਨੇਕ ਬਣੋ, ਆਲਸ ਤੋਂ ਮੁਕਤ ਰਹੋ ਤੇ ਹਰ ਕਦਮ 'ਤੇ ਅਨੁਸ਼ਾਸਨ ਤੇ ਸੰਜਮ ਨੂੰ ਧਿਆਨ ਵਿੱਚ ਰੱਖੋ।ਇਸ ਮੌਕੇ ਯੋਗਾ ਆਚਾਰੀਆ ਵਿਪਿਨ ਕੁਮਾਰ, ਸ਼ਿਸ਼ੂ ਵਾਟਿਕਾ ਇੰਚਾਰਜ ਨਿਰਮਲਜੀਤ ਕੌਰ, ਕੋਆਰਡੀਨੇਟਰ ਵਿਕਰਮਜੀਤ ਸਿੰਘ, ਜੋਤੀ ਖੁਰਾਨਾ ਤੇ ਪ੍ਰੀ-ਪ੍ਰਾਇਮਰੀ ਕਲਾਸਾਂ ਦੇ ਅਧਿਆਪਕ ਮੌਜੂਦ ਸਨ।ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਨੇ ਸਾਰਿਆਂ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਤੇ ਉਨ੍ਹਾਂ ਨੂੰ ਗਿਆਨ ਵੱਲ ਵਧਣ ਦਾ ਸੱਦਾ ਦਿੱਤਾ।

## ਕਾਲਜ ਵਿਦਿਆਰਥੀਆਂ ਨੇ ਪਿੰਗਲਵਾੜਾ ਸ਼ਾਖਾ ਦਾ ਕੀਤਾ ਦੌਰਾ



**ਸੰਗਰੂਰ (ਪ੍ਰਵੀਨ ਸਿੰਘ)**-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਵੱਲੋਂ ਧੂਰੀ ਰੋਡ ਸਥਿਤ ਪਿੰਗਲਵਾੜਾ ਸ਼ਾਖਾ ਦਾ ਦੌਰਾ ਲਾਰਡ ਮਹਾਂਵੀਰਾ ਕਾਲਜ ਆਫ਼ ਐਜੂਕੇਸ਼ਨ ਹਮੀਰਗੜ੍ਹ, ਵਿਦਿਆਰਥੀਆਂ ਦੇ ਗਰੁੱਪ ਨੇ ਕੀਤਾ।ਸਕੂਲ ਵਾਈਸ ਪ੍ਰਿੰਸੀਪਲ ਕੁਕਰੇਜਾ ਦੇ ਦਿਸ਼ਾ-ਨਿਰਦੇਸ਼ਾਂ ਤੇ ਮੈਡਮ ਰਮਨਦੀਪ ਕੌਰ ਦੀ ਅਗਵਾਈ ਵਿੱਚ ਵਿਦਿਆਰਥੀਆਂ ਦੇ ਗਰੁੱਪ ਨੇ ਸ਼ਾਖਾ ਦੇ ਵੱਖ-ਵੱਖ ਵਾਰਡਾਂ ਦਾ ਦੌਰਾ ਕੀਤਾ ਅਤੇ ਮਰੀਜ਼ਾਂ ਨਾਲ ਕੁਝ ਸਮਾਂ ਬਿਤਾਇਆ, ਉਨ੍ਹਾਂ ਨਾਲ ਗੱਲਬਾਤ ਕੀਤੀ।ਸ਼ਾਖਾ ਦੇ ਮੁੱਖ ਪ੍ਰਬੰਧਕ ਤਰਲੋਚਨ ਸਿੰਘ ਚੀਮਾ ਨੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਸੇਵਾ ਦੇ ਵਿਸ਼ੇ 'ਤੇ ਵਿਸਥਾਰ ਪੂਰਵਕ ਦੱਸਦੇ ਹੋਏ ਕਿਹਾ ਕਿ ਪਿੰਗਲਵਾੜਾ ਸੇਵਾ ਦਾ ਘਰ ਹੈ ਤੇ ਇਹ ਸੇਵਾ ਦੀ ਸਿਖਲਾਈ ਲਈ ਵਰਕਸ਼ਾਪ ਹੈ।ਸੁਰਿੰਦਰ ਪਾਲ ਸਿੰਘ ਸਿਦਕੀ ਪੀ ਆਰ ਓ, ਜ਼ਰਨੈਲ ਸਿੰਘ ਨੇ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ ਕੀਮਤਾਂ ਸੰਬੰਧੀ ਜਾਗਰੂਕ ਕਰਦਿਆਂ ਭਗਤ ਪੂਰਨ ਸਿੰਘ ਜੀ ਦੇ ਜੀਵਨ ਸੰਦੇਸ਼ ਬਾਰੇ ਵਿਸਥਾਰ ਪੂਰਬਕ ਦੱਸਿਆ।ਸੁਸਾਇਟੀ ਦੇ ਪ੍ਰਧਾਨ ਡਾ. ਇੰਦਰਜੀਤ ਕੌਰ ਦੀ ਸਰਪ੍ਰਸਤੀ ਤੇ ਹਰਜੀਤ ਸਿੰਘ ਅਰੋੜਾ ਬ੍ਰਾਂਚ ਪ੍ਰਬੰਧਕ ਦੀ ਅਗਵਾਈ ਵਿੱਚ ਕੀਤੀਆਂ ਜਾ ਰਹੀਆਂ ਸੇਵਾਵਾਂ ਦਾ ਜ਼ਿਕਰ ਕੀਤਾ।ਕਾਲਜ ਅਧਿਆਪਕਾਂ ਉਦੈ ਭਾਰਤੀ ਅਤੇ ਸੁਖਦੀਪ ਕੌਰ ਨੇ ਕਿਹਾ ਵਿਦਿਆਰਥੀਆਂ ਵੱਲੋਂ ਪਿੰਗਲਵਾੜਾ ਦੇ ਦੌਰਾ ਕਰਨ ਨਾਲ ਵਿਦਿਆਰਥੀਆਂ ਵਿੱਚ ਮਾਨਵ ਭਲਾਈ ਤੇ ਸਦਾਚਾਰਕ ਗੁਣਾਂ ਦਾ ਪ੍ਰਗਾਸ ਹੁੰਦਾ ਹੈ।ਕਾਲਜ ਦੀਆਂ ਵਿਦਿਆਰਥਣਾਂ ਮਨਪ੍ਰੀਤ ਕੌਰ, ਸੁਖਵਿੰਦਰ ਕੌਰ, ਬੀਰਪਾਲ ਕੌਰ, ਕਮਲਦੀਪ ਕੌਰ, ਮੁਸਕਾਨ, ਨਿਕਿਤਾ ਤੇ ਵਿਦਿਆਰਥੀ ਦੀਪਕ, ਜਤਿੰਦਰ ਸਿੰਘ ਆਦਿ ਨੇ ਕਿਹਾ ਕਿ ਸਾਨੂੰ ਇਸ ਦੌਰੇ ਤੋਂ ਆਪਣੇ ਮਾਤਾ-ਪਿਤਾ, ਬਜ਼ੁਰਗਾਂ ਦਾ ਸਤਿਕਾਰ ਤੇ ਹੱਥੀਂ ਸੇਵਾ ਸੰਭਾਲ ਕਰਨ ਦੀ ਪ੍ਰੇਰਨਾ ਮਿਲੀ ਹੈ।ਕਾਲਜ ਸਟਾਫ਼ ਮੈਂਬਰਾਂ ਨੇ ਕਿਹਾ ਕਿ ਉਹ ਪਿੰਗਲਵਾੜਾ ਪ੍ਰਬੰਧਕਾਂ ਵੱਲੋਂ ਮਰੀਜ਼ਾਂ ਦੀ ਕੀਤੀ ਜਾ ਰਹੀ ਸੇਵਾ ਸੰਭਾਲ ਤੋਂ ਬਹੁਤ ਪ੍ਰਭਾਵਤ ਹੋਏ ਹਨ। ਸ਼ਾਖਾ ਪ੍ਰਬੰਧਕਾਂ ਵੱਲੋਂ ਹਰਜੀਤ ਸਿੰਘ ਅਰੋੜਾ, ਡਾ ਗੁਰਮੇਲ ਸਿੰਘ ਸਿੱਧੂ ਨੇ ਸਟਾਫ ਨੂੰ ਪਿੰਗਲਵਾੜਾ ਜੰਤਰੀ ਤੇ ਲਿਟਰੇਚਰ ਦੇ ਕੇ ਸਨਮਾਨਤ ਕੀਤਾ ਗਿਆ।

# ਸਮਾਜਿਕ ਸੇਵਾਵਾਂ ਦੇ ਇਵਜ਼ 'ਚ ਸੰਜੀਵ ਕੌੜਾ ਨੂੰ ਕੀਤਾ ਸਨਮਾਨਤ




**ਮੋਗਾ (ਇਕਬਾਲ ਸਿੰਘ ਖਹਿਰਾ)**-ਸਮਾਜ ਪ੍ਰਤੀ ਵਿਸ਼ੇਸ਼ ਤੌਰ ਤੇ ਖੱਤਰੀ ਸਭਾ ਪ੍ਰਤੀ ਨਿਭਾਈਆਂ ਗਈਆਂ ਨਿੱਘੀਆਂ ਸੇਵਾਵਾਂ ਦੇ ਇਵਜ ਵਿੱਚ ਇੱਥੇ ਖੱਤਰੀ ਭਵਨ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ ਖੱਤਰੀ ਸਭਾ ਨੇ ਸਭਾ ਦੇ ਸਲਾਹਕਾਰ ਹਾਲ ਹੀ ਵਿੱਚ ਸੇਵਾ ਨਿਵਰਤ ਹੋਏ ਸੰਜੀਵ ਕੌੜਾ ਨੂੰ ਦੁਸ਼ਾਲਾ ਪਹਿਨਾ ਕੇ ਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਤ ਕੀਤਾ। ਇਸ ਸਨਮਾਨ ਸਮਾਰੋਹ ਦੀ ਪ੍ਰਧਾਨਗੀ ਸਭਾ ਦੇ ਚੇਅਰਮੈਨ ਵਿਜੇ ਧੀਰ ਐਡਵੋਕੇਟ ਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਨੇ ਕੀਤੀ। ਇਸ ਸਮਾਰੋਹ ਵਿੱਚ ਖੱਤਰੀ ਮਹਾਂ ਸਭਾ ਪੰਜਾਬ ਦੇ ਚੀਫ ਪੈਟਰਨ ਬੋਧਰਾਜ ਮਜੀਠੀਆ, ਐਡਵੋਕੇਟ, ਸੀਨੀਅਰ ਮੀਤ ਪ੍ਰਧਾਨ ਦੀਪਕ ਬੇਦੀ, ਮੀਤ ਪ੍ਰਧਾਨ ਸਾਬਕਾ ਤਹਿਸੀਲਦਾਰ ਜਸਵੰਤ ਦਾਨੀ ਅਤੇ ਪ੍ਰਦੇਸ਼ ਆਫਿਸ ਸਕੱਤਰ ਬਲਜਿੰਦਰ ਸਿੰਘ ਸਹਿਗਲ ਤੇ ਖੱਤਰੀ ਮਹਾਂ ਸਭਾ ਪੰਜਾਬ ਦੇ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਨਰੋਤਮ ਪੁਰੀ ਤੋਂ ਇਲਾਵਾ ਮਹਿਲਾ ਖੱਤਰੀ ਸਭਾ ਦੀ ਕਾਰਜਕਾਰੀ ਪ੍ਰਧਾਨ ਸਾਬਕਾ ਪ੍ਰਿੰਸੀਪਲ ਸੁਮਨ ਮਲਹੋਤਰਾ ਤੇ ਜਨਰਲ ਸਕੱਤਰ ਸੋਨੀਆ ਢੰਡ ਨੇ ਅਪਣੀ ਟੀਮ ਸਹਿਤ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਚੇਅਰਮੈਨ ਵਿਜੇ ਧੀਰ ਐਡਵੋਕੇਟ ਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਨੇ ਦੱਸਿਆ ਕਿ ਜਿੱਥੇ ਸੰਜੀਵ ਕੌੜਾ ਨੇ 29 ਸਾਲ ਸਟੇਟ ਟੈਕਸ ਜੀ ਐੱਸ ਟੀ ਮਹਿਕਮੇ ਵਿੱਚ ਬਤੌਰ ਸੁਪਰਡੈਂਟ ਸ਼ਾਨਦਾਰ ਸਰਕਾਰੀ ਸੇਵਾ ਨਿਭਾਈ ਉਸੇ ਤਰ੍ਹਾਂ ਨਾਲ ਖੱਤਰੀ ਸਭਾ ਵਿੱਚ ਬਤੌਰ ਸਲਾਹਕਾਰ ਤੇ ਖੱਤਰੀ ਮੈਰਿਜ ਬਿਊਰੋ ਦੇ ਮੈਂਬਰ ਦੇ ਤੌਰ 'ਤੇ ਨਿਭਾਈਆਂ ਜਾ ਰਹੀਆਂ ਨਿੱਘੀਆਂ ਸੇਵਾਵਾਂ ਦੂਸਰੇ ਮੈਂਬਰਾਂ ਲਈ ਪ੍ਰੇਰਨਾਦਾਇਕ ਹੈ। ਇਸ ਮੌਕੇ ਚੇਅਰਮੈਨ ਵਿਜੇ ਧੀਰ ਐਡਵੋਕੇਟ ਨੇ ਦੱਸਿਆ ਕਿ ਮੋਗਾ ਦੀ ਨਾਮੀ ਧਾਰਮਿਕ ਸੰਸਥਾ ਨਵੀਨ ਕਲਾ ਮੰਦਰ ਦੇ ਚੇਅਰਮੈਨ ਰਮਨ ਮਾਕਰ ਤੇ ਪ੍ਰਧਾਨ ਅਮੀਸ਼ ਭੰਡਾਰੀ ਦੀ ਅਗਵਾਈ ਵਿੱਚ ਬਤੌਰ ਮੀਤ ਪ੍ਰਧਾਨ ਸੰਜੀਵ ਕੌੜਾ ਦੀ ਅਹਿਮ ਭੂਮਿਕਾ ਕਾਬਲੇ ਤਾਰੀਫ਼ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚੀਫ ਪੈਟਰਨ ਬੋਧਰਾਜ ਮਜੀਠੀਆ ਐਡਵੋਕੇਟ, ਨਰੋਤਮ ਪੁਰੀ ਜ਼ਿਲ੍ਹਾ ਪ੍ਰਧਾਨ, ਐੱਮ ਐੱਲ ਮੋਲੜੀ, ਭਜਨ ਪ੍ਰਕਾਸ਼ ਵਰਮਾ, ਸੱਤਪਾਲ ਭੋਲੇ ਵਾਲੀਆ, ਸਾਬਕਾ ਤਹਿਸੀਲਦਾਰ ਜਸਵੰਤ ਰਾਏ ਦਾਨੀ, ਐਨ ਆਰ ਵਿਜ, ਸੁਮਨ ਕਾਂਤ ਵਿਜ, ਕੰਚਨ ਭੰਡਾਰੀ, ਪ੍ਰਦੀਪ ਭੰਡਾਰੀ, ਐੱਸ ਕੇ ਚੋਪੜਾ ਸਾਬਕਾ ਪੁਲਸ ਇੰਸਪੈਕਟਰ, ਸੁਨੀਤਾ ਚੋਪੜਾ, ਅਨੀਤਾ ਮਹਿਤਾ, ਪ੍ਰੋਮਿਲਾ ਮਨਰਾਏ, ਡਾਕਟਰ ਵਿਜੇ ਉਪਲ, ਸੁਮਨ ਮਲਹੋਤਰਾ, ਵਿਕਰਮ ਢੰਡ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

## ਅਣਪਛਾਤੇ ਵਿਅਕਤੀਆਂ ਵੱਲੋਂ ਸਰਕਾਰੀ ਬੱਸ 'ਤੇ ਹਮਲਾ

**ਲੁਧਿਆਣਾ (ਐੱਮ ਐੱਸ ਭਾਟੀਆ)**-ਪੰਜਾਬ ਰੋਡਵੇਜ਼ ਪਨਬਸ ਲੁਧਿਆਣਾ ਡਿੱਪੂ ਦੀ ਬੱਸ ਲੁਧਿਆਣਾ-ਦਿੱਲੀ ਰੂਟੀਨ ਮੁਤਾਬਿਕ ਜਾ ਰਹੀ ਸੀ ਤਾਂ ਸਾਹਨੇਵਾਲ ਕੋਲ ਕੁਝ ਗੁੰਡਿਆਂ ਵੱਲੋਂ ਕਾਰਾਂ ਅੱਗੇ ਲਗਾ ਕੇ ਬਸ ਨੂੰ ਰੋਕ ਕੇ ਤੇਜ਼ਧਾਰ ਹਥਿਆਰਾਂ ਨਾਲ ਬਸ ਸਟਾਫ ਨਾਲ ਕੁੱਟਮਾਰ ਕੀਤੀ ਗਈ ਅਤੇ ਸਵਾਰੀਆਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਅਤੇ ਅੰਨ੍ਹੇਵਾਹ ਇੱਟਾਂ ਰੋੜੇ ਚਲਾਏ ਗਏ, ਜਿਸ ਕਾਰਨ ਬਸ ਡਰਾਈਵਰ ਗੰਭੀਰ ਜ਼ਖ਼ਮੀ ਹੋ ਗਿਆ ਤੇ ਬਸ ਦੀ ਭੰਨਤੋੜ ਕਰਕੇ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ।ਉਪਰੰਤ ਨਾਲ ਦੇ ਸਟਾਫ ਵੱਲੋਂ ਤੁਰੰਤ ਡਰਾਈਵਰ ਨੂੰ ਸਾਹਨੇਵਾਲ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਲੁਧਿਆਣੇ ਰੈਫਰ ਕਰ ਦਿੱਤਾ ਗਿਆ, ਜੋ ਕਿ ਜ਼ੇਰੇ ਇਲਾਜ ਹੈ, ਜਿਸ ਦੇ ਬਾਅਦ ਰੋਸ ਵਜੋਂ ਬਸ ਡਰਾਈਵਰਾਂ ਨੇ ਹਾਈਵੇ 'ਤੇ ਜਾਮ ਲਗਾ ਦਿੱਤਾ ਤਾਂ ਕੁਝ ਦੇਰ ਬਾਅਦ ਜਥੇਬੰਦੀ ਦੇ ਨੁਮਾਇੰਦਿਆਂ ਨੇ ਪ੍ਰਸ਼ਾਸਨ ਨਾਲ ਗੱਲਬਾਤ ਕੀਤੀ ਤੇ ਪ੍ਰਸ਼ਾਸਨ ਨੇ ਤੁਰੰਤ ਸਖਤ ਕਾਰਵਾਈ ਕਰਕੇ ਦੋਸ਼ੀਆਂ ਨੂੰ ਅਰੈਸਟ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਬਾਅਦ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਲੋਕਾਂ ਦੀ ਖੱਜਲ ਖਵਾਰੀ ਨੂੰ ਵੇਖਦਿਆਂ ਮੌਕੇ 'ਤੇ ਜਾਮ ਨੂੰ ਖੁੱਲ੍ਹਵਾ ਦਿੱਤਾ ਅਤੇ ਨਾਲ ਹੀ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਤੁਰੰਤ ਐੱਫ ਆਰ ਆਈ ਦਰਜ ਕਰਕੇ ਗਿ੍ਫਤਾਰ ਨਾ ਕੀਤਾ ਤਾਂ 7 ਫਰਵਰੀ 2025 ਨੂੰ ਜਥੇਬੰਦੀ ਵੱਲੋਂ ਫਿਰ ਸਾਹਨੇਵਾਲ ਥਾਣੇ ਸਾਹਮਣੇ ਹਾਈਵੇ 'ਤੇ ਧਰਨਾ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨਸਾਫ ਮਿਲਣ ਤੱਕ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ।

## ਬਨੇਗਾ ਵਲੰਟੀਅਰਾਂ ਵੱਲੋਂ ਇਕੱਠੀ ਕੀਤੀ ਸਹਾਇਤਾ ਰਾਸ਼ੀ ਹਾਦਸਾ ਪੀੜਤ ਪਰਵਾਰਾਂ ਨੂੰ ਭੇਟ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਸਥਾਨਕ ਡੇਰਾ ਭਜਨਗੜ੍ਹ ਗੁਰਦੁਆਰਾ ਸਾਹਿਬ ਵਿਖੇ ਸਰਬ ਭਾਰਤ ਨੌਜਵਾਨ ਸਭਾ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਤੇ ਬਨੇਗਾ ਵਲੰਟੀਅਰਾਂ ਵੱਲੋਂ ਪਿਛਲੇ ਦਿਨੀਂ ਸੜਕ ਹਾਦਸੇ ਵਿੱਚ ਮਾਰੇ ਗਏ ਨੌਜਵਾਨ ਕਿਰਤੀਆਂ ਦੇ ਪਰਵਾਰਾਂ ਲਈ ਇਕੱਠੀ ਕੀਤੀ ਗਈ ਸਹਾਇਤਾ ਰਾਸ਼ੀ ਪੀੜਤ ਪਰਵਾਰਾਂ ਨੂੰ ਸਮੂਹਕ ਰੂਪ ਵਿੱਚ ਭੇਟ ਕੀਤੀ ਗਈ।ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਧਰਮੂ ਵਾਲਾ, ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਆਗੂ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸਰਾਜ ਗੋਲਡਨ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਕਾਮਰੇਡ ਸੁਰਿੰਦਰ ਸਿੰਘ ਢੰਡੀਆਂ, ਪਿੰਡ ਗੋਲੂ ਕਾ ਦੇ ਸਰਪੰਚ ਸੁੱਖਵਿੰਦਰ ਕੁਮਾਰ, ਬਲਦੇਵ ਰਾਜ ਤੇ ਭਜਨਗੜ੍ਹ ਬਲੱਡ ਡੋਨਰ ਗਰੁੱਪ ਦੇ ਪ੍ਰਧਾਨ ਵਿਜੇ ਥਿੰਦ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਮੌਕੇ ਹਾਜ਼ਰ ਪੀੜਤ ਪਰਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਉਕਤ ਆਗੂਆਂ ਨੇ ਕਿਹਾ ਕਿ ਇਹ ਦਰਘਟਨਾ ਇਸ ਇਲਾਕੇ ਦੀ ਹੁਣ ਤੱਕ ਦੀ ਸਭ ਤੋਂ ਦਰਦਨਾਕ ਦੁਰਘਟਨਾ ਹੈ, ਜਿਸ ਦਾ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ ਅਤੇ ਪਰਵਾਰਾਂ ਲਈ ਅਸਹਿ ਹੈ।ਆਗੂਆਂ ਨੇ ਕਿਹਾ ਕਿ ਬਨੇਗਾ ਵਲੰਟੀਅਰਾਂ ਵੱਲੋਂ ਪੀੜਤ ਪਰਵਾਰਾਂ ਦੀ ਮਦਦ ਲਈ ਗੁਰੂ ਹਰਸਹਾਏ, ਗੋਲੂ ਕਾ ਮੋੜ, ਪਿੰਡੀ ਤੇ ਮੰਡੀ ਪੰਜੇ ਕੇ ਦੇ ਬਾਜ਼ਾਰਾਂ, ਦੁਕਾਨਾਂ ਅਤੇ ਘਰਾਂ ਇਲਾਕੇ ਦੇ ਦਾਨੀ ਸੱਜਣਾਂ ਕੋਲ ਜਾ ਕੇ ਸਹਾਇਤਾ ਇਕੱਠੀ ਕੀਤੀ ਗਈ ਇੱਕ ਲੱਖ ਬਾਰਾਂ ਹਜ਼ਾਰ ਰੁਪਏ ਦੀ ਰਾਸ਼ੀ 12 ਮ੍ਰਿਤਕਾਂ ਦੇ ਪੀੜਤ ਪਰਵਾਰਾਂ, ਜਿਸ ਮੁਕੇਸ਼ ਕੁਮਾਰ, ਲੱਖਣ, ਯੁੱਗਲ ਮੰਡਲ, ਵਿੱਕੀ, ਰਵੀ, ਸੁੱਧ ਸਿੰਘ, ਬੱਗਾ ਸਿੰਘ, ਜਸਵੰਤ ਸਿੰਘ, ਮਲਕੀਤ ਸਿੰਘ ਤੇ ਚਾਂਦ ਦੇ ਪਰਵਾਰਾਂ ਨੂੰ ਦਸ ਦਸ ਹਜ਼ਾਰ ਰੁਪਏ ਭੇਟ ਕਰ ਦਿੱਤੇ ਗਏ।ਇਸ ਮੌਕੇ ਆਗੂਆਂ ਨੇ ਆਪਣੇ ਗੂਗਲ ਪੇ ਨੰਬਰ, ਜਿਸ ਵਿੱਚ ਸਾਥੀ ਹੰਸ ਰਾਜ ਗੋਲਡਨ ਦਾ ਨੰਬਰ 98728-10908 ਤੇ ਚਰਨਜੀਤ ਸਿੰਘ ਛਾਂਗਾ ਰਾਏ ਦਾ ਗੂਗਲ ਪੇ ਨੰਬਰ 98559-17776 ਜਾਰੀ ਕਰਕੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜ਼ਖ਼ਮੀਆਂ ਦੇ ਇਲਾਜ ਲਈ ਵੀ ਵੱਧ ਤੋਂ ਵੱਧ ਮਦਦ ਕਰਨ।

## ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਤੋਂ ਐਡਵੋਕੇਟ ਅਕਸ਼ੈ ਜਨਾਲੀਆ ਨੇ ਲਿਆ ਆਸ਼ੀਰਵਾਦ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਭਾਜਪਾ ਦੇ ਕੌਮੀ ਯੂਥ ਨੇਤਾ ਐਡਵੋਕੇਟ ਅਕਸ਼ੈ ਜਨਾਲੀਆ ਦੀ ਰਾਧਾ ਸੁਆਮੀ ਸਤਿਸੰਗ ਬਿਆਸ (ਡੇਰਾ ਬਿਆਸ) ਦੇ ਅਧਿਆਤਮਕ ਮੁਖੀ ਗੁਰਿੰਦਰ ਸਿੰਘ ਜੀ ਨਾਲ ਮੁਲਾਕਾਤ ਹੋਈ ਤੇ ਆਸ਼ੀਰਵਾਦ ਲਿਆ। ਐਡਵੋਕੇਟ ਅਕਸ਼ੈ ਜਨਾਲੀਆ ਨੇ ਕਿਹਾ ਕਿ ਇੱਕ ਡੂੰਘਾ ਭਾਵੁਕ ਅਨੁਭਵ ਹੈ।ਇੱਕ ਸਤਿਕਾਰਯੋਗ ਅਧਿਆਤਮਕ ਗੁਰੂ ਹੋਣ ਦੇ ਨਾਤੇ, ਉਹ ਆਰ ਐੱਸ ਐੱਸ ਬੀ ਸੰਗਠਨ ਦੀਆਂ ਸਿੱਖਿਆਵਾਂ ਨੂੰ ਦੱਸਦੇ ਹਨ, ਜੋ ਸਾਧਕਾਂ ਨੂੰ ਅਧਿਆਤਮਕ ਵਿਕਾਸ ਤੇ ਸਵੈ-ਬੋਧ ਦੇ ਮਾਰਗ 'ਤੇ ਮਾਰਗਦਰਸ਼ਨ ਕਰਦੇ ਹਨ।ਗੁਰਿੰਦਰ ਸਿੰਘ ਜੀ ਤੋਂ ਅਸ਼ੀਰਵਾਦ ਲੈਣਾ ਇੱਕ ਸਨਮਾਨ ਹੈ ਅਤੇ ਮੈਂ ਉਨ੍ਹਾਂ ਦੀ ਦਇਆ, ਬੁੱਧੀ ਤੇ ਅਧਿਆਤਮਕ ਊਰਜਾ ਨੂੰ ਮਹਿਸੂਸ ਕੀਤਾ ਹੈ।ਉਨ੍ਹਾਂ ਦੀ ਮੌਜੂਦਗੀ ਤੇ ਮਾਰਗਦਰਸ਼ਨ ਉਨ੍ਹਾਂ ਲੋਕਾਂ ਨੂੰ ਦਿਲਾਸਾ, ਸਪੱਸ਼ਟਤਾ ਤੇ ਪ੍ਰੇਰਨਾ ਦੇ ਸਕਦੇ ਹਨ, ਜੋ ਆਪਣੇ ਆਪ ਤੇ ਬ੍ਰਹਮ ਨਾਲ ਡੂੰਘੇ ਸਬੰਧ ਦੀ ਮੰਗ ਕਰਦੇ ਹਨ।ਐਡਵੋਕੇਟ ਜਨਾਲੀਆ ਨੇ ਕਿਹਾ ਕਿ ਉਨ੍ਹਾਂ ਨਾਲ ਮਿਲਣਾ ਇੱਕ ਬਹੁਤ ਹੀ ਵਧੀਆ ਅਨੁਭਵ ਰਿਹਾ ਤੇ ਉਨ੍ਹਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਿਆ।

## ਸਿਫਤ ਤੇ ਸਿਮਰਨਦੀਪ ਨੇ ਸ਼ੂਟਿੰਗ ਨੈਸ਼ਨਲ ਖੇਡਾਂ 'ਚ ਮਾਰੀਆਂ ਮੱਲਾਂ




**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ, ਗੁਰਪ੍ਰੀਤ ਸਿੰਘ ਬੇਦੀ)**-ਸ੍ਰ. ਬਲਜਿੰਦਰ ਸਿੰਘ ਜ਼ਿਲ੍ਹਾ ਖੇਡ ਅਫਸਰ ਨੇ ਦੱਸਿਆ ਕਿ 38ਵੀਂ ਨੈਸ਼ਨਲ ਗੇਮਜ਼ ਆਫ ਇੰਡੀਆ, ਜੋ ਕਿ ਉੱਤਰਾਖੰਡ ਵਿਖੇ ਕਰਵਾਈਆਂ ਜਾ ਰਹੀਆਂ ਹਨ, ਵਿੱਚ ਪੰਜਾਬ ਦੇ ਜ਼ਿਲ੍ਹਾ ਫਰੀਦਕੋਟ ਦੀਆਂ ਸ਼ੂਟਿੰਗ ਖਿਡਾਰਨਾਂ ਮਿਸ. ਸਿਫਤ ਕੌਰ ਸਮਰਾ ਨੇ 50 ਮੀਟਰ 3 ਪੀ ਈਵੈਂਟ ਵਿੱਚ ਗੋਲਡ ਮੈਡਲ ਤੇ ਮਿਸ. ਸਿਮਰਨਦੀਪ ਕੌਰ ਬਰਾੜ ਨੇ 25 ਮੀਟਰ ਸਪੋਰਟਸ ਪਿਸਟਲ ਈਵੈਂਟ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤੇ ਹਨ।ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਜ਼ਿਲ੍ਹਾ ਖੇਡ ਅਫਸਰ ਤੇ ਦਫਤਰ ਦੇ ਕੋਚਿਜ਼ ਵੱਲੋਂ ਉਨ੍ਹਾਂ ਨੂੰ ਬਹੁਤ ਬਹੁਤ ਵਧਾਈ ਦਿੱਤੀ ਗਈ।

# ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਦੀ ਮੀਟਿੰਗ ਸੰਪੰਨ

**11 ਮਾਰਚ ਨੂੰ ਹੋਣ ਵਾਲੀ ਰੈਲੀ 'ਚ ਜਲਾਲਾਬਾਦ ਤੋਂ ਜਲ ਸਪਲਾਈ ਵਰਕਰ ਸ਼ਾਮਲ ਹੋਣਗੇ : ਫਲੀਆਂਵਾਲਾ**



**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਬ੍ਰਾਂਚ ਜਲਾਲਾਬਾਦ ਦੀ ਮੀਟਿੰਗ ਸਥਾਨਕ ਸ਼ਹੀਦ ਉਧਮ ਸਿੰਘ ਪਾਰਕ ਵਿਖੇ ਬ੍ਰਾਂਚ ਪ੍ਰਧਾਨ ਰਾਕੇਸ਼ ਸਿੰਘ ਹੀਰੇਵਾਲਾ ਦੀ ਅਗਵਾਈ ਹੇਠ ਹੋਈ। ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਸਰਕਲ ਸਕੱਤਰ ਜਸਵਿੰਦਰ ਸਿੰਘ ਚੱਕ ਜਾਨੀਸਰ, ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ, ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਨੂਰ ਸਮੰਦ ਤੇ ਦਫਤਰੀ ਸਟਾਫ ਦੇ ਆਗੂ ਸੁਖਚੈਨ ਸਿੰਘ ਸੋਢੀ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ 'ਚ ਪਿਛਲੇ 15-20 ਸਾਲਾਂ ਤੋਂ ਬਤੌਰ ਇਨਲਿਸਟਮੈਂਟ ਤੇ ਆਊਟਸੋਰਸ ਤਹਿਤ ਜਲ ਸਪਲਾਈ ਸਕੀਮਾਂ ਅਤੇ ਦਫਤਰਾਂ ਵਿੱਚ ਸੇਵਾਵਾਂ ਨਿਭਾਅ ਰਹੇ ਠੇਕਾ ਅਧਾਰਤ ਮੁਲਾਜ਼ਮਾਂ ਨੂੰ ਉਨ੍ਹਾਂ ਨੂੰ ਸਬੰਧਤ ਵਿਭਾਗ 'ਚ ਮਰਜ਼ ਕਰਕੇ ਪੱਕਾ ਰੁਜ਼ਗਾਰ ਕਰਨ ਦੀ ਮੰਗ ਦਾ ਹੱਲ ਕਰਨ ਲਈ ਪੰਜਾਬ ਸਰਕਾਰ ਅਣਦੇਖੀ ਕਰ ਰਹੀ ਹੈ, ਕਿਉਂਕਿ ਜਿੱਥੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਤੇ ਜਥੇਬੰਦੀ ਨਾਲ ਮੀਟਿੰਗ ਕਰਨ ਤੋਂ ਭੱਜ ਰਹੇ ਹਨ, ਉਥੇ ਹੁਣ ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਵੱਲੋਂ ਵੀ ਵਾਰ ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਕਰਨ ਤੋਂ ਭੱਜ ਰਹੇ ਹਨ, ਜਿਸ ਦੇ ਚਲਦੇ ਠੇਕਾ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਹੁਣ ਫਿਰ ਅੱਜ 6 ਫਰਵਰੀ ਨੂੰ ਸਬ ਕਮੇਟੀ ਨਾਲ ਹੋਣ ਵਾਲੀ ਮੀਟਿੰਗ ਨੂੰ ਰੱਦ ਕਰਕੇ ਅੱਗੇ ਤਾਰੀਖ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਠੇਕਾ ਮੁਲਾਜ਼ਮਾਂ ਦੇ ਕੱਚੇ ਪਿੱਲੇ ਰੁਜ਼ਗਾਰ ਨੂੰ ਪੱਕਾ ਕਰਨ ਦੇ ਵਾਅਦੇ ਤੋਂ ਪੰਜਾਬ ਸਰਕਾਰ ਭੱਜ ਰਹੀ ਹੈ ਤੇ 3 ਸਾਲ ਬੀਤ ਜਾਣ ਦੇ ਬਾਵਜੂਦ ਪੂਰਾ ਨਹੀਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ 11 ਮਾਰਚ 2025 ਨੂੰ ਖੰਨਾ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ ਤੇ ਸਮੂਹ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਸਬੰਧਤ ਵਿਭਾਗ 'ਚ ਰੈਗੂਲਰ ਕਰਨ ਦੀ ਮੰਗ ਕੀਤੀ ਜਾਵੇਗੀ। ਇਸ ਰੈਲੀ ਵਿੱਚ ਜਲਾਲਾਬਾਦ ਬ੍ਰਾਂਚ ਤੋਂ ਜਲ ਸਪਲਾਈ ਵਰਕਰ ਸ਼ਾਮਲ ਹੋਣਗੇ, ਜਿਸ ਸਬੰਧੀ ਇਥੇ ਮੀਟਿੰਗ ਕਰਕੇ ਵਿਚਾਰ ਚਰਚਾ ਕੀਤੀ ਗਈ ਹੈ। ਇਸ ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਯੂਨੀਅਨ ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਜਲ ਸਪਲਾਈ ਸਕੀਮਾਂ ਤੇ ਸਕਾਡਾ ਸਿਸਟਮ ਲਗਾਉਣ, ਪੰਚਾਇਤੀਕਰਨ-ਨਿੱਜੀਕਰਨ ਦੀਆਂ ਲੋਕ ਤੇ ਵਰਕਰ ਵਿਰੋਧੀ ਨੀਤੀਆਂ ਖਿਲਾਫ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਹ ਸੰਘਰਸ਼ ਪੱਕਾ ਰੁਜ਼ਗਾਰ ਕਰਵਾਉਣ ਤੱਕ ਜਾਰੀ ਰੱਖਿਆ ਜਾਵੇਗਾ।

## 12 ਦੀ ਮਹਾਂਪੰਚਾਇਤ 'ਚ ਪਹੁੰਚਣ ਦਾ ਸੱਦਾ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸ਼ੇਰੇ ਏ ਪੰਜਾਬ ਯੂਨੀਅਨ ਦੇ ਪ੍ਰਧਾਨ ਆਤਮਾ ਸਿੰਘ ਧੂੜਕੋਟ ਵੱਲੋਂ ਇਕਾਈ ਪ੍ਰਧਾਨਾਂ ਬਲਾਕ ਪ੍ਰਧਾਨਾਂ ਤੇ ਬਲਾਕ ਵਰਕਰਾਂ ਤੇ ਇਕਾਈ ਵਰਕਰਾਂ ਨੂੰ ਅਪੀਲ ਹੈ ਕਿ 12 ਫਰਵਰੀ ਨੂੰ ਮਹਾਂਪੰਚਾਇਤ ਖਨੌਰੀ ਬਾਰਡਰ 'ਤੇ ਪਹੁੰਚਣ ਦੀ ਅਪੀਲ ਕੀਤੀ। ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਨੇ ਕਿਹਾ ਕਿ ਇੱਕ ਸਾਲ ਦੇ ਕਰੀਬ ਹੋ ਗਿਆ ਕੇਂਦਰ ਦੀ ਸੈਂਟਰ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ, ਜਿਹੜੀ ਹੁਣ ਕੇਂਦਰ ਦੀ ਸਰਕਾਰ ਨੇ14 ਫਰਵਰੀ ਨੂੰ ਚੰਡੀਗੜ੍ਹ ਮੀਟਿੰਗ ਬੁਲਾਈ ਹੈ। ਪਰ ਮੀਟਿੰਗ 'ਤੇ ਕੋਈ ਨਤੀਜਾ ਨਹੀਂ ਨਿਕਲਦਾ ਤਾਂ ਸੰਘਰਸ਼ ਹੋਰ ਤੇਜ਼ ਵਿੱਢਿਆ ਜਾਵੇਗਾ। ਇਸ ਸਬੰਧੀ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਵੱਲੋਂ ਅਪੀਲ ਕੀਤੀ ਹੈ ਕਿ ਹਰੇਕ ਪਿੰਡ ਦੀਆਂ ਇਕਾਈ ਪ੍ਰਧਾਨਾਂ ਨੂੰ ਅਪੀਲ ਹੈ ਕਿ 14 ਤਰੀਕ ਨੂੰ ਖਨੌਰੀ ਬਾਰਡਰ ਨੂੰ ਆਪਣੀਆਂ ਟਰਾਲੀਆਂ ਤਿਆਰ ਰੱਖਣ ਤਾਂ ਜੁ ਕੇਂਦਰ ਦੀ ਸਰਕਾਰ ਦੇ ਕੰਨਾਂ 'ਤੇ ਜੂੰ ਕਰਕੇ।ਇਸ ਮੌਕੇ ਮੋਗਾ ਬਲਾਕ ਦਾ ਪ੍ਰਧਾਨ ਕੁਲਵੰਤ ਸਿੰਘ ਤੇ ਹਰਜਿੰਦਰ ਸਿੰਘ ਮੁੱਖ ਬੁਲਾਰਾ ਜ਼ਿਲ੍ਹਾ ਮੋਗਾ ਆਦਿ ਹਾਜ਼ਰ ਸਨ।

## ਜਨਹਿੱਤ ਸੰਮਤੀ ਵੱਲੋਂ ਲੋੜਵੰਦਾਂ ਦੀ ਮਦਦ




**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨਹਿੱਤ ਸੰਮਤੀ ਵੱਲੋਂ ਪ੍ਰਧਾਨ ਐੱਸ ਕੇ ਗੌਤਮ ਤੇ ਜਨਰਲ ਸਕੱਤਰ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਪ੍ਰਭਾਤ ਪ੍ਰਵਾਨਾ ਹਾਲ ਵਿਖੇ ਲੋੜਵੰਦ 6 ਪਰਿਵਾਰਾਂ ਨੂੰ ਰਾਸ਼ਨ, 3 ਲੜਕੀਆਂ ਨੂੰ ਕਾਲਜ ਦੀ ਫੀਸ, 3 ਲੜਕੀਆਂ ਨੂੰ ਵਿਆਹ ਲਈ ਸਾਮਾਨ ਤੇ ਸਿਲਾਈ ਮਸ਼ੀਨ, 1 ਮਰੀਜ਼ ਨੂੰ ਮੈਡੀਕਲ ਹੈਲਪ ਦਿੱਤੀ ਗਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਬਲਜਿੰਦਰ ਸ਼ਰਮਾ ਇੰਚਾਰਜ ਜੱਗ ਬਾਣੀ ਪੰਜਾਬ ਕੇਸਰੀ ਪਟਿਆਲਾ, ਐਡਵੋਕੇਟ ਐੱਚ ਐੱਨ ਮੇਸ਼ਮਪੁਰੀ, ਸਨਜੀਵ ਸਿੰਗਲਾ, ਗੌਰਵ ਸੰਧੂ, ਵਰਿੰਦਰ ਆਹਲੂਵਾਲੀਆ, ਵਿਕਾਸ ਸ਼ਰਮਾ, ਅਨਿਲ ਭਾਰਤੀ, ਯੁਵਰਾਜ ਤੇਜਾ, ਲੱਕੀ ਧਨੌਲਾ ਸਤੀਸ਼ ਜੋਸ਼ੀ, ਐੱਸ ਪੀ ਪਰਾਸ਼ਰ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸੰਜੀਵ ਸਿੰਗਲਾ ਨੇ ਕਿਹਾ ਕਿ ਜਨਹਿੱਤ ਸੰਮਤੀ ਵੱਲੋਂ ਲੋੜਵੰਦ ਲੜਕੀ ਦੇ ਵਿਆਹ ਤੇ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਣਾ ਸ਼ਲਾਘਾਯੋਗ ਉਪਰਾਲਾ ਹੈ, ਇਸ ਤੋਂ ਇਲਾਵਾ ਸੰਸਥਾ ਵੱਲੋਂ ਸ਼ਹਿਰ ਦੇ ਪਾਰਕਾਂ ਦੀ ਸਾਂਭ ਸੰਭਾਲ ਕਰਨੀ, ਲੋੜਵੰਦ ਪਰਿਵਾਰਾਂ ਨੂੰ ਰਾਸ਼ਨ, ਲੋੜਵੰਦਾਂ ਦੀ ਮਦਦ ਲਈ ਪੰਜ ਫਰੀ ਐਂਬੂਲੈਂਸ ਚਲਾਉਣੀਆਂ, ਰਾਜਿੰਦਰਾ ਹਸਪਤਾਲ ਵਿੱਚ ਲੋੜਵੰਦ ਮਰੀਜ਼ਾਂ ਲਈ ਵ੍ਹੀਲਚੇਅਰ, ਟਰਾਈਸਾਈਕਲ, ਮੁਫ਼ਤ ਦਵਾਈਆਂ ਦਾ ਪ੍ਰਬੰਧ ਕਰ ਰਹੀ ਹੈ।ਇਸ ਮੌਕੇ ਜਨਹਿੱਤ ਸੰਮਤੀ ਦੇ ਜਨਰਲ ਸਕੱਤਰ ਵਿਨੋਦ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਹਰ ਸਮੇਂ ਲੋੜਵੰਦਾਂ ਦੀ ਮਦਦ ਲਈ ਦਿਨ-ਰਾਤ ਤਿਆਰ ਹੈ।